
INTERNATIONAL MAGAZINE
RNI No. 61816/95
ਮਾਰਚ (March) 2010
Postal Regd. No. CHD/0081/2009
WPP/PP/PB-0002/2009
20/-
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਤਮ ਮਾਰਗ
ਸਮੂੰਹ ਆਤਮ ਮਾਰਗ ਦੇ ਪਾਠਕਾਂ ਨੂੰ ਹੋਲੇ ਮਹੱਲੇ ਦੀ ਲੱਖ ਲੱਖ ਵਧਾਈ
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ
ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ
ਡਾਕ. ਮੁੱਲਾਂਪੁਰ ਗਰੀਬਦਾਸ, ਤਹਿ. ਖਰੜ
ਜਿਲ੍ਹਾ - ਮੋਹਾਲੀ - 140901

**ਸਾਲ ਪੰਦਰਵਾਂ, ਮਹੀਨਾ ਮਾਰਚ 2010**

**ਫਾਉਂਡਰ ਚੇਅਰਮੈਨ**

**ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਚੇਅਰਪਰਸਨ**

**(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ**


**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |


Postal Address for 'ATAM MARG' Enquiry, Money Order, Cheque, Draft & correspondence

V.G.R.M Charitable Trust

Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901 Pb.India.


**ਆਤਮ ਮਾਰਗ ਮੈਗਜੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-**


**Head Office INDIA - (M) 94172-14379,9417214391**

**0160-2255002, Fax - 2255009**

**U.S.A.** - **Baba Satnam Singh ji Atwal**
Phone and Fax : 408-263-1844

**Bhai Kuldeep Singh Sher Gill**
Phone : 408-230-8319

**Bibi Sukhvinder Kaur Bains -** Phone : 403-270-3387

**Canada - Bhai Sarmukh Singh Pannu**
Phone - 604-433-0408

**England - Bibi Gurbax Kaur /Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058

**Australia - Bhai Jiwan Singh ji**
Phone : 03-943-65865, Fax : 03-943-65867

**For more information please visit us on internet at:-**

**Email : atammarg@glide.net.in**

http:# www.ratwarasahib.org, http # www.ratwarasahibmedia.org



**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## ਤਤਕਰਾ


1. ਸੰਪਾਦਕੀ 2
2. ਚੇਤਿ ਦੀ ਸੰਗਰਾਂਦ 3
3. ਬਾਬਾ ਸਾਹਿਬ ਸਿੰਘ ਬੇਦੀ ਊਨਾ ਸਾਹਿਬ 21
4. ਬਿਜੈ ਸਿੰਘ 41
5. ਬੀਬੀ ਭਾਨੀ ਜੀ 49
6. ਮਾਰਗ ਚੋਣ 51
7. ਸੁਰਤਿ ਸਬਦਿ ਮਾਰਗ 55
8. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ 60
9. ਸਿਹਤ ਰੱਖਿਆ ਗਿਆਨ 62


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | (For outstation cheques) |

**ਸੰਪਰਕ ਨੰ. ਰਤਵਾੜਾ ਸਾਹਿਬ**


ਰਤਵਾੜਾ ਸਾਹਿਬ 0160-2255001

ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ - 9417214386

ਪਰਮ ਸਤਿਕਾਰ ਯੋਗ ਬੀਜੀ 9417214381

ਜਰਨਲ - 9417214384, ਬੀ ਐਡ ਕਾਲਜ - 9417214382

ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ 9417214380

ਆਡੀਓ ਵੀਡੀਓ ਲਾਇਬ੍ਰੇਰੀ 9872814385, 9417214385

ਅਖੰਡਪਾਠ ਬੁਕਿੰਗ 9417214386

ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ 0160-2255003

ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ 0160-2255004



**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ

ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ

ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.

# ਸੰਪਾਦਕੀ

ਨਿਰੋਲ ਰੂਹਾਨੀ ਪਤ੍ਰਿਕਾ ਆਤਮ ਮਾਰਗ ਪੂਰੇ 15 ਸਾਲ ਦਾ ਸਫਰ ਸੰਪੂਰਨ ਕਰਨ ਜਾ ਰਿਹਾ ਹੈ। ਪਿਛਲੇ ੧੫ ਸਾਲ ਤੋਂ ਹੀ ਇਸ ਦੇ ਅੰਦਰ ਅਨੁਭਵੀ ਰੂਹਾਨੀ ਪ੍ਰਬਚਨ ਗੁਰਬਾਣੀ ਦੇ ਪ੍ਰਕਾਸ਼ ਅੰਦਰ ਪ੍ਰਕਾਸ਼ਿਤ ਹੋ ਕੇ ਗੁਰਮਤਿ ਸਿਧਾਂਤ ਨੂੰ ਪ੍ਰਗਟ ਕਰਦੇ ਰਹੇ ਹਨ। ਭਵਿੱਖ ਅੰਦਰ ਵੀ ਮਹਾਂਪੁਰਸ਼ਾਂ ਦੁਆਰਾ ਬਖਸ਼ੀ ਸੇਧ ਅਨੁਸਾਰ ਅਦਵੈਤ ਸਿਧਾਂਤ ਉਪੱਰ ਹੀ ਇਸ ਮੈਗਜੀਨ ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ। ਇਸ ਪਤ੍ਰਿਕਾ ਨੂੰ ਸਾਰੇ ਹੀ ਸੰਪ੍ਰਦਾਵਾਂ ਮਜ਼ਬਾਂ ਦੇ ਪ੍ਰੇਮੀ ਪੜ੍ਹ ਕੇ ਸਰਬ ਸਾਂਝੇ ਇਕੋ ਹੀ ਧਰਮ ਦੇ ਅਸੂਲਾਂ ਨੂੰ ਅਪਣਾ ਰਹੇ ਹਨ। ਸੰਸਾਰ ਦੇ ਉਪੱਰ ਸਦਾ ਇੱਕ ਹੀ ਧਰਮ ਹੁੰਦਾ ਹੈ। ਮਜ਼ਬ-ਪੰਥ ਰਸਤੇ ਬਾਹਰ ਤੋਂ ਇਕ ਦੂਜੇ ਤੋਂ ਭਿੰਨ-ਭਿੰਨ ਹੁੰਦੇ ਹੋਏ ਵੀ ਅੰਦਰ ਦੇ ਇੱਕ ਹੀ ਰਸਤੇ ਉਪੱਰ ਚਲਦੇ ਹੋਏ ਧਰਮ ਅਨੁਸਾਰ ਜੀਵਨ ਜਿਉਂਦੇ ਹੋਏ ਨਾਮ ਤੱਕ ਪਹੁੰਚਣ ਦਾ ਸਾਧਨ ਆਤਮ ਮਾਰਗ ਤੋਂ ਸੇਧ ਲੈ ਕੇ ਪੂਰਾ ਕਰਦੇ ਹਨ। ਸਾਰਿਆਂ ਦਾ ਮੱਤ ਹੈ ਕਿ ਰੱਬ ਇੱਕ ਹੈ ਇਸ ਲਈ ਧਰਮ ਵੀ ਇੱਕ ਹੀ ਹੈ। ਆਤਮ ਮਾਰਗ ਦੇ ਲੇਖ ਬਹੁਤੇ ਦੁਨਿਆਵੀ ਪੜ੍ਹਾਈ ਵਾਲੇ ਪ੍ਰੋਫੈਸਰਾਂ ਦੇ ਲੇਖ ਨਹੀਂ ਹਨ। ਬੁੱਧੀ ਕਬੁੱਧੀ ਜੀਵਾਂ ਨੂੰ ਛੱਡ ਕੇ ਕੇਵਲ ਤੇ ਕੇਵਲ ਸਬੁੱਧੀ ਜੀਵੀ ਮਹਾਂਪੁਰਸ਼ਾਂ ਦੇ ਅਨੁਭਵ ਹੀ ਸੁਖੈਨ ਲੋਕ ਭਾਸ਼ਾ ਵਿੱਚ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਹਰ ਇੱਕ ਦੀ ਸਮਝ ਵਿੱਚ ਆਉਣ ਵਾਲੇ ਪ੍ਰਬਚਨ ਪੜ੍ਹ ਸੁਣ ਕੇ ਅਮਲੀ ਜੀਵਨ ਜਿਉਣ ਦਾ ਪਥ ਪ੍ਰਦਰਸ਼ਕ ਆਤਮ ਮਾਰਗ ਮੈਗਜੀਨ ਬਣ ਰਿਹਾ ਹੈ। ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦਫਤਰ ਅਦਾਰਾ ਆਤਮ ਮਾਰਗ ਨੂੰ ਬਹੁਤ ਹੀ ਪਿਆਰ ਸਤਿਕਾਰ ਵਾਲੇ ਹਿਰਦੇ ਵੇਧਕ ਉਸਾਰੂ ਸੁਨੇਹੇ ਨਿੱਤ ਦਿਹਾੜੇ ਟੈਲੀਫੂਨ ਫੈਕਸ ਈਮੇਲ ਚਿੱਠੀ ਪੱਤਰਾਂ ਰਾਹੀਂ ਮਿਲ ਰਹੇ ਹਨ। ਆਤਮ ਮਾਰਗ ਅੰਦਰ ਨਾਮ ਤੱਕ ਪਹੁੰਚਣ ਦਾ ਸਾਧਨ ਬਹੁਤ ਹੀ ਅਸਾਨ ਤਰੀਕੇ ਗੁਰਮਤਿ ਯੋਗ ਅਨੁਸਾਰ ਦਰਸਾਇਆ ਜਾਂਦਾ ਹੈ। ਅੱਜ ਜਦੋਂ ਰੱਬ ਦੇ ਰਸਤੇ ਉਪੱਰ ਚਲਣ ਵਾਲਿਆਂ ਦੇ ਵਖਰੇਵੇਂ ਵਧ ਰਹੇ ਹਨ ਤਾਂ ਇਸ ਸਮੇਂ ਆਤਮ ਮਾਰਗ ਸਾਰਿਆਂ ਦੇ ਭਰਮ ਭੁਲੇਖੇ ਦੂਰ ਕਰਦਾ ਹੋਇਆ ਦੇਸ਼ਾਂ, ਵਿਦੇਸ਼ਾਂ, ਮਜ਼ਬਾਂ, ਜਾਤਾਂ ਦੇ ਝਗੜਿਆਂ ਤੋਂ ਦੂਰ ਲਿਜਾਂਦਾ ਹੋਇਆ ਸਾਰਿਆਂ ਨੂੰ ਪ੍ਰੇਮ ਸਿਖਾਉਂਦਾ ਹੋਇਆ ਨਾਮ ਨਾਲ ਜੋੜ ਰਿਹਾ ਹੈ। ਨਾਮ ਸਾਰਿਆਂ ਦੇ ਹੀ ਅੰਦਰ ਨਿਵਾਸ ਰੱਖਦਾ ਹੈ। ਨਾਮ ਨਾ ਕਿਸੇ ਨੂੰ ਬਾਹਰੋਂ ਮਿਲਿਆ ਹੈ ਅਤੇ ਨਾ ਹੀ ਕੋਈ ਗੁਰੂ ਪੀਰ ਮਹਾਂਪੁਰਸ਼ ਅਚਾਰੀਆ ਨਾਮ ਦਿੰਦਾ ਹੈ। ਗੁਰੂ ਕੋਲੋਂ ਮੰਤਰ ਲੈ ਕੇ ਗੁਰਮੰਤਰ ਦੀ ਕਮਾਈ ਕਰਕੇ ਕਿਵੇਂ ਅੰਦਰ ਵਸਦੇ ਨਾਮ ਤੱਕ ਪਹੁੰਚਣਾ ਹੈ ਇਹ ਸਾਰਾ ਮਾਰਗ ਆਤਮ ਮਾਰਗ ਦਰਸਾਉਂਦਾ ਹੈ। ਇਸ ਮਹੀਨੇ ਦੇ ਪਿਆਰੇ ਆਤਮ ਮਾਰਗ ਮੈਗਜੀਨ ਵਿੱਚ ਨਵੇਂ ਦੇਸੀ ਸਾਲ ਦੀ ਸ਼ੁਰੂਆਤ ਚੇਤ ਮਹੀਨੇ ਦੀ ਵਿਆਖਿਆ ਨਾਲ ਸ਼ੁਰੂ ਕੀਤੀ ਜਾ ਰਹੀ ਹੈ। ਕਰਮ ਫਲਾਸਫੀ ਦਾ ਵਿਖਿਆਨ ਬਹੁਤ ਹੀ ਸਰਲ ਸਖੈਨ ਭਾਸ਼ਾ ਵਿੱਚ ਮਹਾਂਪੁਰਸ਼ਾਂ ਦੇ ਅਨੁਭਵ ਤੋਂ ਪ੍ਰਗਟ ਹੋਇਆ ਹੈ। ਜੇਕਰ ਮਹੀਨੇ ਦੀ ਸ਼ੁਰੂਆਤ ਮਹਾਂਪੁਰਸ਼ਾਂ ਦੇ ਸੰਗਰਾਂਦ ਪ੍ਰਥਾਇ ਪ੍ਰਵਚਨਾਂ ਅਨੁਸਾਰ ਕੀਤੀ ਜਾਵੇ ਤਾਂ ਸਾਰਾ ਹੀ ਮਹੀਨਾ ਗੁਰ ਭਾਣੇ ਅਨੁਸਾਰ ਸੁਖਦਾਇਕ ਬਣ ਜਾਂਦਾ ਹੈ। ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਮਹੀਨੇ ਦੀ ਸ਼ੁਰੂਆਤ ਹਰ ਰੋਜ ਵਾਗੂੰ ਮਹਾਂਪੁਰਸ਼ਾਂ ਦੀ ਦਰਸਾਈ ਜੁਗਤ ਅਨੁਸਾਰ ਨਾਮ ਸਿਮਰਨ ਅਭਿਆਸ ਕਰਨ ਉਪਰੰਤ ਗੁਰਬਾਣੀ ਵਿਚਾਰ ਆਸਾ ਜੀ ਦੀ ਵਾਰ ਕਥਾ ਕੀਰਤਨ ਦੇ ਨਾਲ ਅੰਮ੍ਰਿਤਵੇਲੇ 3.00 ਵਜੇ ਤੋਂ 9.00 ਵਜੇ ਤੱਕ ਸੰਗਰਾਂਦ ਦਾ ਦਿਹਾੜਾ ਮਨਾ ਕੇ ਕੀਤੀ ਜਾਂਦੀ ਹੈ। ਬਾਬਾ ਸਾਹਿਬ ਸਿੰਘ ਜੀ ਬੇਦੀ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਗਿਆਰਵੀਂ ਬਿੰਦੀ ਅੰਸ ਹਨ ਅਤੇ ਰਤਵਾੜਾ ਸਾਹਿਬ ਸੰਪ੍ਰਦਾਇ ਦੇ ਤੀਸਰੇ ਰਤਨ ਪੂਰਵਜ ਮਹਾਂਪੁਰਸ਼ ਹਨ। ਬਾਬਾ ਸਾਹਿਬ ਸਿੰਘ ਜੀ ਦਾ ਕਰਨੀ ਕਮਾਈ ਵਾਲਾ ਉਚਾ ਸੁੱਚਾ ਜੀਵਨ ਇਸ ਮੈਗਜੀਨ ਵਿੱਚ ਪੜ੍ਹਨ ਵਾਸਤੇ ਮਿਲੇਗਾ। ਭਾਈ ਬਿਜੈ ਸਿੰਘ ਜੀ ਦੇ ਸਿਰਲੇਖ ਹੇਠ ਲਿਖੇ ਗਏ ਲੇਖ ਸਾਨੂੰ ਆਖਰੀ ਸਵਾਸਾਂ ਤੱਕ ਉਚਾ ਸੁੱਚਾ ਜੀਵਨ ਜਿਉਣ ਦਾ ਢੰਗ ਦਰਸਾ ਗਿਆ ਹੈ ਕਿ ਕਿੰਨੇ ਲਾਲਚਾਂ ਡਰਾਵਿਆਂ ਦੇ ਵਿੱਚ ਵੀ ਗੁਰਸਿੱਖ ਕਿਵੇਂ ਸਿੱਖੀ ਆਖਰੀ ਸਵਾਸਾਂ ਤੱਕ ਨਿਭਾਅ ਜਾਂਦੇ ਹਨ। ਮਾਰਗ ਚੋਣ, ਸੁਰਤਿ ਸ਼ਬਦ ਮਾਰਗ, ਨਾਮ ਤੇ ਨਾਮ ਦਾ ਦਾਤਾ ਸਤਿਗੁਰੂ, ਬੀਬੀ ਭਾਨੀ ਜੀ, ਸਿਹਤ ਰੱਖਿਆ ਇਤਿਆਦਿਕ ਲੇਖ ਪੜ੍ਹ ਕੇ ਆਪਣੇ ਜੀਵਨ ਵਿੱਚ ਪ੍ਰੈਕਟੀਕਲੀ ਤੌਰ ਤੇ ਅਪਨਾਉਣੇ ਚਾਹੀਦੇ ਹਨ। ਇਸ ਰੂਹਾਨੀ ਮਿਸ਼ਨ ਦੇ ਪਰਉਪਕਾਰੀ ਕਾਰਜਾਂ ਵਿੱਚ ਯੋਗਦਾਨ ਪਾਉਣ ਵਾਸਤੇ ਪਹਿਲੇ ਪੰਨੇ ਉਪੱਰ ਲਿਖੇ ਪਤੇ ਪੋਸਟਲ ਐਡਰੈਸ ਰਾਹੀਂ ਹੇਠ ਲਿਖੇ ਟਰਸਟ ਦੇ ਨਾਮ ਉਪੱਰ ਸੇਵਾ ਭੇਜੀ ਜਾਵੇ ਜੀ -

**Note** :- **Please all chq/Draft for Indian/Foreign subscription of Membership's and any donations send in favour of "Vishav Gurmat Roohani Mission Charitable Trust".**

**We will be thankful to your contribution.**

# ਚੇਤਿ ਦੀ ਸੰਗਰਾਂਦ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ*
*ਅਪਨੀ ਭਗਤੀ ਲਾਇ॥ ਅੰਗ - ੨੮੯*

*ਧਾਰਨਾ - ਖੋਟੇ ਕਰਮਾਂ ਨੇ ਵਿਛੋੜਾ ਤੈਥੋਂ ਪਾ ਲਿਆ, ਕ੍ਰਿਪਾ ਕਰਕੇ ਮੇਲ ਲੈ ਗੁਰਾਂ।*

*ਕਿਰਤਿ ਕਰਮ ਕੇ ਵੀਛੁੜੇ*
*ਕਰਿ ਕਿਰਪਾ ਮੇਲਹੁ ਰਾਮ ॥*
*ਚਾਰਿ ਕੁੰਟ ਦਹ ਦਿਸ ਭ੍ਰਮੇ*
*ਥਕਿ ਆਏ ਪ੍ਰਭ ਕੀ ਸਾਮ ॥*
*ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥*
*ਜਲ ਬਿਨੁ ਸਾਖ ਕੁਮਲਾਵਤੀ*
*ਉਪਜਹਿ ਨਾਹੀ ਦਾਮ ॥*
*ਹਰਿ ਨਾਹ ਨ ਮਿਲੀਐ ਸਾਜਨੈ*
*ਕਤ ਪਾਈਐ ਬਿਸਰਾਮ ॥*
*ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ*
*ਭਠਿ ਨਗਰ ਸੇ ਗ੍ਰਾਮ ॥*
*ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ ॥ ਪ੍ਰਭ ਸੁਆਮੀ ਕੰਤ ਵਿਹੂਣੀਆ*
*ਮੀਤ ਸਜਣ ਸਭਿ ਜਾਮ ॥*
*ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥ ਹਰਿ ਮੇਲਹੁ ਸੁਆਮੀ ਸੰਗਿ ਪ੍ਰਭ*
*ਜਿਸ ਕਾ ਨਿਹਚਲ ਧਾਮ ॥ ਅੰਗ - ੧੩੩*

*ਕੇਤੇ ਰੁਖ ਬਿਰਖ ਹਮ ਚੀਨੇ*
*ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ*
*ਕੇਤੇ ਪੰਖ ਉਡਾਏ ॥ ਅੰਗ - ੧੫੬*

ਸਾਧਸੰਗਤ ਜੀ ਗੱਜ ਕੇ ਬੋਲੋ, ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਸਾਲ ਸ਼ੁਰੂ ਹੁੰਦਾ ਹੈ, ਚੇਤਰ ਦਾ ਮਹੀਨਾ ਹੈ। ਬਾਰਾਮਾਹ, ਗੁਰੂ ਮਹਾਰਾਜ ਦੀ ਰਚਿਤ, ਇੱਕ ਸਾਲ ਦੇ ਅੰਦਰ ਸਾਰੀਆਂ ਅਵਸਥਾਵਾਂ ਇਹਦੇ ਵਿੱਚ ਦੱਸੀਆਂ ਹੋਈਆਂ ਨੇ ਕਿ ਕਿਸ ਤਰ੍ਹਾਂ ਦੇ ਨਾਲ ਵਿਛੋੜਾ ਪੈਂਦਾ ਹੈ। ਕਿਸ ਤਰ੍ਹਾਂ ਦੇ ਨਾਲ ਮੇਲ ਹੋਇਆ ਕਰਦਾ ਹੈ।

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ*
*ਬਰੀਆ ਸਿਮਰਤ ਕਹਾ ਨਹੀ ॥ ਅੰਗ- ੬੩੧*

ਬੜਾ ਕੀਮਤੀ ਜਨਮ ਹੱਥ ਵਿੱਚ ਆਇਆ ਹੋਇਆ ਹੈ। ਵਾਰੀ ਆਈ ਹੋਈ ਹੈ ਮਿਲਣ ਦੀ, ਜੇ ਲੰਘ ਗਈ।

*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ ॥*
*ਅੰਗ - ੧੦੭੫*

ਬਾਕੀ ਜਿੰਨੀਆਂ ਚੀਜ਼ਾਂ ਨੇ, ਜਿੰਨੀਆਂ ਪ੍ਰਾਪਤੀਆਂ ਨੇ ਸਾਧਸੰਗਤ ਜੀ! ਸਭ ਮਾਇਆ ਦੀਆਂ ਪ੍ਰਾਪਤੀਆਂ ਨੇ।

*ਬਾਬਾ ਮਾਇਆ ਸਾਥਿ ਨ ਹੋਇ ॥*
*ਇਨਿ ਮਾਇਆ ਜਗੁ ਮੋਹਿਆ*
*ਵਿਰਲਾ ਬੂਝੈ ਕੋਇ ॥ ਅੰਗ - ੫੯੫*

ਵਿਰਲਾ ਪੁਰਸ਼ ਹੈ ਜਿਹਨੂੰ ਇਹ ਸੋਝੀ ਪਈ ਹੈ ਕਿ ਇਸ ਮਾਇਆ ਨੇ ਸਾਰੇ ਸੰਸਾਰ ਨੂੰ ਮੋਹ ਕੇ ਰੱਖ ਲਿਆ। ਮੋਹਿਆ ਕੀ, ਪ੍ਰਮੇਸ਼ਰ ਦੇ ਨਾਲੋਂ ਤੋੜ ਦਿੱਤਾ ਬਿਲਕੁਲ। ਜਿਹੜਾ ਆਪਣਾ ਸੀ ਉਹ ਬੇਗਾਨਾ ਹੋ ਗਿਆ, ਜਿਹੜੇ ਆਪਣੇ ਬਣ ਗਏ।

*ਸੰਗਿ ਸਹਾਈ ਸੁ ਆਵੈ ਨ ਚੀਤਿ ॥*
*ਜੋ ਬੈਰਾਈ ਤਾ ਸਿਉ ਪ੍ਰੀਤਿ ॥ ਅੰਗ - ੨੬੭*

ਬੜਾ ਉਲਟਾ ਕੰਮ ਹੋ ਗਿਆ, ਉਹ ਵੀ ਐਸੇ ਨੇ ਕਿ ਹਰ ਵਕਤ ਧੋਖਾ ਦਿੰਦੇ ਨੇ।

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥*
*ਅੰਗ - ੬੦੦*

ਕੰਮ ਕੀ ਕਰਦੇ ਨੇ। ਕਹਿੰਦੇ ਤੇਰੇ ਅੰਮ੍ਰਿਤ ਦਾ ਧਨ ਲੁੱਟੀ ਜਾ ਰਹੇ ਨੇ ਹਰ ਵਕਤ।

*ਸਗਲ ਸਹੇਲੀ ਅਪਨੈ ਰਸ ਮਾਤੀ ॥*
*ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥*
*ਮੁਸਨਹਾਰ ਪੰਚ ਬਟਵਾਰੇ ॥*
*ਸੂਨੇ ਨਗਰਿ ਪਰੇ ਠਗਹਾਰੇ ॥ ਅੰਗ - ੧੮੨*

ਠੱਗਿਆ ਜਾ ਰਿਹਾ ਹੈ, ਕਿਉਂਕਿ ਵੈਰੀਆਂ ਨਾਲ ਪ੍ਰੀਤ ਕਰ ਬੈਠਿਆ। ਜੋ ਨਾਲ ਰਹਿਣ ਵਾਲਾ ਵਾਹਿਗੁਰੂ ਸੀ ਉਹਦੇ ਨਾਲ ਪਿਆਰ ਨਾ ਪਿਆ ਕਿਉਂਕਿ ਉਹ ਆਕਾਰ ਰਹਿਤ ਸੀ। ਮਾਇਆ ਜਿਹੜੀ ਹੈ ਉਹ ਆਕਾਰ ਸਹਿਤ ਹੈ। ਉਹ ਭੁੱਲ ਗਿਆ।

*ਲਿਵ ਛੁੜਕੀ ਲਗੀ ਤ੍ਰਿਸਨਾ*

***ਮਾਇਆ ਅਮਰੁ ਵਰਤਾਇਆ ॥ ਅੰਗ- ੯੨੧***

ਸੋ ਬੜਾ ਭਾਰੀ ਮੁਸ਼ਕਲ ਹੋ ਗਈ। ਜੀਵ ਨਾ ਸਮਝਦਾ ਹੈ ਸਮਝਾਇਆ ਹੋਇਆ। ਨਾ ਇਸ ਦੇ ਮਨ ਵਿੱਚ ਲਾਲਸਾ ਉਠਦੀ ਹੈ ਮਿਲਣ ਦੀ। ਵਿਸ਼ੇ ਵਿਕਾਰ ਇਹਦੇ ਮਨ ਨੂੰ ਖਿੱਚ ਪਾਉਂਦੇ ਨੇ। ਜੋ ਧੋਖਾ ਦੇਣ ਵਾਲੇ ਠੱਗੀਆਂ ਮਾਰਨ ਵਾਲੇ, ਉਹ ਬਹੁਤ ਚੰਗੇ ਤੇ ਪਿਆਰੇ ਲਗਦੇ ਨੇ। ਜਿਹੜਾ ਪਿਆਰ ਹੈ ਉਹਦੇ ਵਲ ਕੋਈ ਧਿਆਨ ਨਹੀਂ ਹੈ। ਕਹਿੰਦੇ ਵਿਛੋੜਾ ਪੈ ਗਿਆ, ਪਾਇਆ ਕੀਹਨੇ, ਸਾਡੇ ਕਰਮਾਂ ਨੇ। ਕਰਮ ਕੀਤੇ ਤੇ ਨਾਲ ਸੁਭਾਅ ਬਣ ਗਿਆ, ਓਸ ਸੁਭਾਅ ਨੇ ਵਾਹਿਗੁਰੂ ਨਾਲੋਂ ਵਿਛੋੜ ਕੇ ਮਾਇਆ ਦੇ ਵਿੱਚ ਸਾਨੂੰ ਲਪੇਟ ਦਿੱਤਾ। ਬੜਾ ਸਮਾਂ ਲੰਘ ਗਿਆ-

***ਫਿਰਤ ਫਿਰਤ ਬਹੁਤੇ ਜੁਗ ਹਾਰਿਓ***
***ਮਾਨਸ ਦੇਹ ਲਹੀ ॥***
***ਨਾਨਕ ਕਹਤ ਮਿਲਨ ਕੀ***
***ਬਰੀਆ ਸਿਮਰਤ ਕਹਾ ਨਹੀ ॥ ਅੰਗ- ੬੩੧***

ਇਹ ਵੀ ਲੰਘ ਜਾਂਦੀ ਹੈ। ਕੋਈ ਪਤਾ ਨਹੀਂ ਹੈ, ਕਾਲ ਦਾ ਗੁਲੇਲਾ ਕਿਹੜੇ ਵੇਲੇ, ਕੀਹਦੇ ਆ ਕੇ ਵੱਜ ਜਾਏ। ਕੱਲ ਹੀ ਅਖਬਾਰ ਵਿੱਚ ਪੜ੍ਹਦੇ ਸੀ, ਇੱਕ ਟਰਾਲੀ ਦੇ ਉੱਤੇ ਬਹੁਤ ਸਾਰੇ ਪ੍ਰੇਮੀ ਜਾ ਰਹੇ ਸੀ। ਇੱਕ ਟਰੱਕ ਆਇਆ, ਉਸਦੇ ਵਿੱਚ ਕੋਈ ਇਹੋ ਜਿਹੀਆਂ ਦਵਾਈਆਂ ਭਰੀਆਂ ਸੀ ਜੋ ਬਹੁਤ ਹੀ ਜ਼ਹਿਰੀਲੀਆਂ ਸੀ, ਟਰੱਕ 'ਚ ਆ ਕੇ ਉਹਨੇ ਟੱਕਰ ਮਾਰੀ ਤੇ ਉਹ ਦਵਾਈਆਂ ਫਟ ਗਈਆਂ। ਸੌ ਬੰਦਾ ਅੱਗ ਨਾਲ ਉਥੇ ਹੀ ਜਲ ਗਿਆ। ਕੀ ਪਤਾ ਸੀ ਉਨ੍ਹਾਂ ਨੂੰ ਕਿ ਅਸੀਂ ਆਪਣੇ ਮੰਜ਼ਲੇ-ਏ-ਮਕਸੂਦ 'ਤੇ ਪਹੁੰਚਾਂਗੇ ਜਾਂ ਨਹੀਂ। ਇੱਕ ਸਕਿੰਟ ਪਹਿਲਾਂ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਅਗਲੇ ਸਕਿੰਟ ਕੀ ਹੋ ਜਾਣਾ ਹੈ। ਕਹਿੰਦੇ, ਫੇਰ ਜਦੋਂ ਇਹੋ ਜਿਹੀ ਹਾਲਤ ਹੈ -

***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ***
***ਬੰਧੁ ॥ ਓਹ ਬੇਰਾ ਨਹ ਬੂਝੀਐ***
***ਜਉ ਆਇ ਪਰੈ ਜਮ ਫੰਧੁ ॥ ਅੰਗ - ੨੫੪***

ਓਸ ਵੇਲੇ ਦਾ ਪਤਾ ਹੀ ਨਹੀਂ ਜਿਹੜੇ ਵੇਲੇ ਜਮਾਂ ਦਾ ਫੰਧਾ ਗਲ ਵਿੱਚ ਆ ਕੇ ਪੈ ਜਾਣਾ ਹੈ -

***ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ***
***॥ ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥***
***ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥***
***ਜੋ ਮਨਿ ਚਿਤਿ ਨ ਚੇਤੇ ਸਨਿ***
***ਸੋ ਗਾਲੀ ਰਬ ਕੀਆਂ ॥ ਅੰਗ - ੧੩੮੩***

ਸੋ ਵਿਛੋੜਾ ਵਧਦਾ ਹੀ ਤੁਰਿਆ ਜਾ ਰਿਹਾ ਹੈ। ਮਾਨਸ ਜਨਮ ਮਿਲ ਗਿਆ। ਮਹਾਰਾਜ ਕਹਿੰਦੇ, ਬਹੁਤ ਮੁਸ਼ਕਲ ਨਾਲ ਮਿਲਿਆ ਹੈ। ਪਰ ਇਹ ਲੰਘਦਾ ਕਾਹਦੇ 'ਚ ਹੈ -

***ਬੈਰ ਬਿਰੋਧ ਕਾਮ ਕ੍ਰੋਧ ਮੋਹ ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥***
***ਅੰਗ - ੨੬੮***

ਹੇ ਵਾਹਿਗੁਰੂ! ਹੁਣ ਤਾਂ ਰੱਖ ਲੈ। ਸਾਨੂੰ ਜਾਂ ਸੋਝੀ ਹੀ ਪੈ ਜਾਵੇ ਕਿ ਕਿਹੜਾ ਤਰੀਕਾ ਹੈ, ਜਿਸ ਨਾਲ ਵਾਹਿਗੁਰੂ ਮਿਲ ਜਾਏਗਾ। ਕਹਿੰਦੇ, ਸੋਝੀ ਤਾਂ ਪੈ ਜਾਂਦੀ ਹੈ, ਪਰ ਜਿਹੜੀ ਤੇਰੀ ਲਗਨ ਹੈ ਮਿਲਣ ਦੀ, ਉਹ ਬਹੁਤ ਢਿੱਲੀ ਹੈ। ਉਹ ੧੦੦% ਦੇ ਵਿਚੋਂ ਸ਼ਾਇਦ ੧% ਹੋਵੇ ਜਾਂ ੨% ਹੋਵੇ, ਇਸ ਤੋਂ ਵੱਧ ਨਹੀਂ ਹੈ। ਜੇ ਤੇਰੀ ਪੂਰੀ ਲਗਨ ਹੋਵੇ, ੧੦੦% ਫੇਰ ਤੈਨੂੰ ਰਸਤਾ ਲੱਭ ਸਕਦਾ ਹੈ, ਨਹੀਂ ਤਾਂ ਨਹੀਂ ਲੱਭ ਸਕਦਾ। ਸੁਣ ਕੇ ਕੀ ਕਰਨਾ ਹੈ ਤੂੰ। ਜਦ ਤੁਰਨਾ ਹੀ ਨਹੀਂ ਓਸ ਰਸਤੇ 'ਤੇ ਫੇਰ ਸੁਣਨ ਦਾ ਕੀ ਫਾਇਦਾ। ਹਜ਼ਾਰਾਂ ਵਾਰੀ ਤੂੰ ਸੁਣਿਆ ਹੈ, ਇੱਕ ਵਾਰੀ ਨਹੀਂ, ਦੋ ਵਾਰੀ ਨਹੀਂ। ਜਨਮ ਬੀਤ ਗਿਆ ਸੁਣਦੇ-ਸੁਣਦੇ। ਲੇਕਿਨ ਨਾ ਅੰਦਰਲਾ ਉਤਸ਼ਾਹ ਉਠਿਆ, ਉਮਰ ਲੰਘਦੀ ਗਈ, ਮੁਸ਼ਕਲਾਂ ਵਧਦੀਆਂ ਗਈਆਂ। ਅਖੀਰ ਅਵਸਥਾ ਆ ਗਈ -

***ਨਾਵੈ ਧਉਲੇ ਉਭੇ ਸਾਹ ॥***
***ਦਸਵੈ ਦਧਾ ਹੋਆ ਸੁਆਹ ॥ ਅੰਗ - ੧੩੭***

ਹਉਕੇ ਆਉਣ ਲਗ ਗਏ। ਇੱਕ ਉਮਰ ਹੁੰਦੀ ਹੈ ਸਾਧਸੰਗਤ ਜੀ! ਪੁਰਾਣੇ ਜ਼ਮਾਨਿਆਂ ਦੇ ਅੰਦਰ, ਜਦੋਂ ਸਰੀਰ ਤੰਦਰੁਸਤ ਹੁੰਦੇ ਸੀ, ਰਿਸ਼ਟ-ਪੁਸ਼ਟ ਹੁੰਦੇ ਸੀ, ਉਸ ਵੇਲੇ ਉਮਰ ਵਿੱਚ ਸੌ ਸਾਲ ਤੱਕ ਆਦਮੀ ਪਹੁੰਚ ਜਾਂਦਾ ਹੈ, ਕਿਉਂਕਿ ਨਸ਼ੇ ਨਹੀਂ ਸੀ ਵਰਤਦੇ, ਤੰਮਾਕੂ ਵਗੈਰਾ ਦੇ ਨੇੜੇ ਨਹੀਂ ਸੀ ਜਾਂਦੇ, ਚਾਹ ਹੈ ਨਹੀਂ ਸੀ, ਮਿਹਨਤਕਸ਼ ਬੰਦੇ ਸੀ, ਜਿੰਨੀ fat ਖਾਂਦੇ ਸੀ, ਓਨੀਂ ਤਾਕਤ ਵਧਦੀ ਸੀ। ਹੱਡ ਨਰੋਏ ਹੁੰਦੇ ਸੀ ਬੀਮਾਰੀ ਕੋਈ ਲਗਦੀ ਨਹੀਂ ਸੀ, ਸ਼ੁੱਧ ਪਾਣੀ ਸੀ, ਸ਼ੁੱਧ ਹਵਾ ਸੀ। ਧੁੱਪ ਦੇ ਵਿਚੋਂ ਵਿਟਾਮਿਨ ਇਹਦੇ ਸਰੀਰ ਵਿੱਚ ਆਟੋਮੈਟੀਕਲੀ ਆਉਂਦੇ ਸੀ। ਕਿਉਂਕਿ ਕੰਮ ਕਰਦਾ ਸੀ। ਸੋ ਵੇਲੇ ਜੋ ਮਹਾਰਾਜ ਜੀ ਨੇ ਅਵਸਥਾਵਾਂ ਲਿਖੀਆਂ ਨੇ, ਮਨੁੱਖ ਦੇ ਉੱਤੇ ਵਰਤਿਆ ਕਰਦੀਆਂ ਸਨ -

***ਪਹਿਲੈ ਪਿਆਰਿ ਲਗਾ ਥਣ ਦੁਧਿ ॥***
***ਦੂਜੈ ਮਾਇ ਬਾਪ ਕੀ ਸੁਧਿ ॥***
***ਤੀਜੈ ਭਯਾ ਭਾਭੀ ਬੇਬ ॥***
***ਚਉਥੈ ਪਿਆਰਿ ਉਪੰਨੀ ਖੇਡ ॥***
***ਪੰਜਵੈ ਖਾਣ ਪੀਅਣ ਕੀ ਧਾਤੁ ॥***
***ਛਿਵੈ ਕਾਮੁ ਨ ਪੁਛੈ ਜਾਤਿ ॥ ਅੰਗ - ੧੩੭***

ਐਸਾ ਵਿਸ਼ੇ ਵਿਕਾਰਾਂ 'ਚ ਪਿਆ ਕਿ ਜਾਤ ਵੀ ਨਹੀਂ ਪੁੱਛਦਾ। ਬਿਮਾਰੀਆਂ ਲਗ ਗਈਆਂ ਏਡਜ਼ ਵਰਗੀਆਂ। ਬੇਅੰਤ ਬੀਮਾਰੀਆਂ ਲਗ ਰਹੀਆਂ ਨੇ। ਨਹੀਂ ਏਸ ਬੰਦੇ ਨੂੰ ਹੋਸ਼ ਆਉਂਦੀ ਏਸ ਗੱਲ ਦੀ।

***ਸਤਵੈ ਸੰਜਿ ਕੀਆ ਘਰ ਵਾਸੁ ॥ਅੰਗ- ੧੩੭***

ਫੇਰ ਕਮਾਉਣ ਵਾਲੀ ਉਮਰ ਅਖੀਰ 'ਤੇ ਗਈ। ਹੁਣ ਜੋੜਨਾ ਸ਼ੁਰੂ ਕਰਿਆ, ਆਹ ਵੀ ਜੋੜ ਲਵਾਂ, ਆਹ ਵੀ ਜੋੜ ਲਵਾਂ। ਜਦੋਂ ਬਾਲ-ਬੱਚੇ ਆਖੇ ਲਗਣ ਤੋਂ ਹਟ ਗਏ, ਫੇਰ ਸ਼ਕਤੀ ਘਟ ਗਈ, ਉਸ ਵੇਲੇ -

***ਅਠਵੈ ਕ੍ਰੋਧੁ ਹੋਆ ਤਨ ਨਾਸੁ ॥ ਅੰਗ- ੧੩੭***

ਨੌਵੀਂ ਅਵਸਥਾ ਆ ਗਈ, ਜੀਵਨ ਦਾ ਅਗਲਾ ਕਿਨਾਰਾ ਦਿਸਣ ਲਗ ਗਿਆ ਹੁਣ ਤਾਂ ਅੱਗੇ ਉਮਰ ਹੀ ਨਹੀਂ ਹੈ। ਬੱਚੇ ਤਾਂ ਅਸੀਂ ਕਹਿ ਦਿੰਦੇ ਸੀ ਕਿ ਜਵਾਨ ਹੋਵਾਂਗੇ, ਫੇਰ ਭਜਨ ਕਰ ਲਵਾਂਗੇ, ਜਵਾਨੀ 'ਚ ਨਹੀਂ ਹੋਇਆ, ਬੁਢਾਪੇ 'ਚ ਕਰ ਲਵਾਂਗੇ। ਹੁਣ ਬੁਢਾਪੇ ਤੋਂ ਅੱਗੇ ਤਾਂ ਹੈ ਹੀ ਨਹੀਂ ਕੁਛ ਸਾਧਸੰਗਤ ਜੀ। ਉਸ ਤੋਂ ਅੱਗੇ ਤਾਂ ਜੇ ਹਾਂ ਤਾਂ ਰਾਮ ਨਾਮ ਸਤਿ ਹੈ, ਕਾਢੋ-ਕਾਢੋ ਹੋ ਜਾਂਦੀ ਹੈ ਏਸੇ ਬੰਦੇ ਨੂੰ, ਜਿਹਨੇ ਸਾਰੀ ਜ਼ਿੰਦਗੀ ਮਿਹਨਤਾਂ ਕਰ-ਕਰ ਕੇ ਬੇਅੰਤ ਧਨ, ਬੇਇਮਾਨੀਆਂ ਠੱਗੀਆਂ, ਫਰੇਬ ਕਰ-ਕਰ ਕੇ ਜੋੜਿਆ ਤੇ ਆਪਣਾ ਜੀਵਨ ਬਰਬਾਦ ਕਰ ਲਿਆ। ਨਾਮ ਨਹੀਂ ਜਪਿਆ ਜਿਸ ਕੰਮ ਨੂੰ ਕਰਨ ਵਾਸਤੇ ਆਇਆ ਸੀ। ਓਸ ਵੇਲੇ ਕ੍ਰੋਧ ਆਉਂਦਾ ਹੈ, ਗੱਲ ਬਣਦੀ ਨਹੀਂ ਹੈ, ਤਾਕਤ ਹੈ ਨਹੀਂ ਹੈ। ਆਪਣੇ ਹੀ ਬਾਲ-ਬੱਚੇ ਆਖੇ ਨਹੀਂ ਲਗਦੇ। ਜਿਹੜਾ ਮਾਣ ਸੀ ਏਸ ਦੇ ਅੰਦਰ, ਲੋਕ ਅਦਬ ਕਰਦੇ ਸੀ, ਭੈ ਵਿੱਚ ਸੀ ਉਹ ਸਭ ਉਡ ਗਿਆ, ਹੁਣ ਇਕੱਲਾ ਕ੍ਰੋਧ ਪੱਲੇ ਰਹਿ ਗਿਆ, ਕ੍ਰੋਧ ਨੇ ਤਨ ਦਾ ਨਾਸ਼ ਕਰ ਦਿੱਤਾ। ਅੰਦਰ ਉਦਾਸੀ ਬੈਠ ਗਈ। ਕਿਸੇ ਤਰੀਕੇ ਨਾਲ ਦੂਰ ਨਹੀਂ ਹੁੰਦੀ, ਨਾ ਕਿਤਾਬਾਂ ਪੜ੍ਹੀਆਂ 'ਤੇ ਨਾ ਸੈਰ-ਸਪਾਟਿਆਂ ਨਾਲ ਦੂਰ ਹੁੰਦੀ ਹੈ, ਨਾ ਬਹੁਤੀਆਂ ਗੱਲਾਂ ਕਰਨ ਨਾਲ ਦੂਰ ਹੁੰਦੀ ਹੈ ਤੇ ਹੁਣ ਹੈ ਕੀ, ਅਗਲਾ ਪਾਸਾ ਨਹੀਂ ਨਜ਼ਰ ਆਉਂਦਾ, ਏਧਰਲੇ ਪਾਸੇ ਬਾਜ਼ੀ ਹਾਰੀ ਬੈਠਾ ਹੈ। ਇਸ ਤਰ੍ਹਾਂ ਨਾਲ ਪੜ੍ਹ ਲਓ -

***ਧਾਰਨਾ - ਲੈਂਦਾ ਉਭੇ ਸਾਹ***
***ਹੁਣ ਤਾਂ ਅੱਗਾ ਨੇੜੇ ਆ ਗਿਆ।***
***ਅਠਵੈ ਕ੍ਰੋਧੁ ਹੋਆ ਤਨ ਨਾਸੁ ॥***
***ਨਾਵੈ ਧਉਲੇ ਉਭੇ ਸਾਹ ॥ ਅੰਗ - ੧੩੭***

ਸਫੇਦ ਵਾਲ ਹੋ ਗਏ, ਸਾਹ ਨਹੀਂ ਆਉਂਦਾ, ਹਉਕਾ ਆਉਂਦਾ ਹੈ। ਨਾ ਕੁਛ ਗਵਾਚਿਆ ਹੈ, ਨਾ ਕਿਸੇ ਨੇ ਕੁਛ ਕਿਹਾ ਹੈ, ਆਪਣੇ ਆਪ ਹੀ ਉਭੇ ਸਾਹ ਬਣ ਗਏ। ਗਮ ਬੈਠ ਗਿਆ ਗੱਲਾਂ ਦਾ ਅੰਦਰ। ਆਪਣੇ ਮਨ ਦੇ ਮੁਤਾਬਿਕ ਗੱਲ ਨਹੀਂ ਹੁੰਦੀ। ਪ੍ਰਮੇਸ਼ਰ ਦੇ ਹੁਕਮ ਵਿੱਚ ਹੋ ਰਹੀ ਬਾਤ ਨਾਲ ਸਹਿਮਤ ਨਹੀਂ ਹੁੰਦਾ ਤੇ ਉਹਦੇ ਨਾਲ ਉਭੇ ਸਾਹ ਆਉਣੇ ਸ਼ੁਰੂ ਹੋ ਗਏ। ਖਿੱਚ ਕੇ ਸਾਹ ਲੈਂਦਾ ਹੈ, ਹਉਕੇ ਵਾਲਾ ਸਾਹ ਲੈਂਦਾ ਹੈ। ਪਤਾ ਨਹੀਂ ਲਗਦਾ ਕਿ ਗੱਲ ਕੋਈ ਹੈ ਨਹੀਂ। ਪਰ ਇਹ ਹੈ ਕਿ ਸਾਰੀ ਜ਼ਿੰਦਗੀ ਗਵਾ ਬੈਠਿਆ ਹੁਣ ਤਾਂ। ਜਵਾਰੀ ਆਖਰੀ ਦਾਓ 'ਤੇ ਹੈ, ਹੱਥ ਵਿੱਚ ਹੈ ਨਹੀਂ ਕੁਛ ਵੀ। ਇਹ ਨਹੀਂ ਕਿ ਹੁਣ ਦਾਓ ਲਾ ਦੇਈਏ ਤੇ ਮੁੜ ਆਇਆ। ਹੁਣ ਤਾਂ -

***ਦਸਵੈ ਦਧਾ ਹੋਆ ਸੁਆਹ ॥ ਅੰਗ - ੧੩੭***

ਹੁਣ ਤਾਂ ਸੁਆਹ ਬਣਨ ਦੀ ਵਾਰੀ ਆਈ ਹੋਈ ਹੈ। ਸੋ ਬੰਦੇ ਨੂੰ ਮਨੁੱਖ ਦਾ ਜਨਮ ਤਾਂ ਮਿਲ ਗਿਆ, ਲੇਕਿਨ ਬਾਜ਼ੀ ਹਾਰ ਗਿਆ। ਸਾਰੇ ਹੀ ਸਾਥ ਛੱਡ ਗਏ। ਜਿੰਨੇ ਮਾਤਾ ਦੇ ਪੇਟ ਵਿਚੋਂ ਵਾਹਿਗੁਰੂ ਜੀ ਨੇ ਸਾਥੀ ਭੇਜੇ ਸੀ ਅੱਖਾਂ ਭੇਜੀਆਂ ਦੇਖਣ ਵਾਸਤੇ, ਕੰਨ ਭੇਜੇ ਸੁਣਨ ਵਾਸਤੇ, ਦੰਦ ਭੇਜੇ ਖਾਣ ਵਾਸਤੇ, ਇਸੇ ਤਰ੍ਹਾਂ ਦੇ ਨਾਲ ਬਾਕੀ ਇੰਦਰੇ ਹੱਥ ਪੈਰ ਭੇਜੇ ਕਾਰੋਬਾਰ ਕਰਨ ਵਾਸਤੇ, ਪੈਰ ਚੱਲਣ ਵਾਸਤੇ ਦਿੱਤੇ। ਲੇਕਿਨ ਹਾਲਤ ਕੀ ਹੋਈ -

***ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ॥ ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥ ਅੰਗ - ੧੩੭੮***

ਇਨ੍ਹਾਂ ਲੱਤਾਂ ਦੇ ਨਾਲ ਵੱਡੇ-ਵੱਡੇ ਥਲਾਂ ਨੂੰ ਪਾਰ ਕੀਤਾ। ਵੱਡੇ-ਵੱਡੇ ਪਹਾੜਾਂ ਦੇ ਉੱਤੇ ਦੀ ਲੰਘੇ। ਥਕੇਵਾਂ ਨੇੜੇ ਤੇੜੇ ਨਹੀਂ ਸੀ ਆਉਂਦਾ, ਹਜ਼ਾਰਾਂ ਮੀਲਾਂ ਦਾ ਸਫਰ ਐਨਾ ਹੌਂਸਲਾ ਜਿਵੇਂ ਦੋ ਚਾਰ ਮੀਲ ਜਾਣਾ ਹੁੰਦਾ ਹੈ। ਸਫਰ ਕਰ ਲੈਣੇ, ਔਖੇ ਤੋਂ ਔਖੇ ਕੰਮ ਕਰ ਲੈਣੇ ਕਿ ਅੱਜ ਹੋ ਕੀ ਗਿਆ, ਪਾਣੀ ਦੀ ਪਿਆਸ ਲੱਗੀ ਹੋਈ ਹੈ, ਆਹ ਸਾਰਾ ਹੀ ਤਿੰਨ ਫੁੱਟ ਦੇ ਉੱਤੇ ਪਾਣੀ ਪਿਆ ਹੈ, ਮੇਰੇ 'ਚ ਹਿੰਮਤ ਨਹੀਂ ਹੈ ਕਿ ਮੈਂ ਪਾਣੀ ਪੀ ਲਵਾਂ। ਉਸ ਵੇਲੇ ਜਿਹੜਾ ਹੇੜਾ ਹੈ ਇਹਦੇ ਵਿੱਚ ਰਹਿਣ ਵਾਲਾ, ਉਹ ਕਹਿੰਦਾ ਸਾਰੇ ਹੀ ਛੱਡ ਗਏ ਤੇ ਹੁਣ ਤਾਂ ਮੈਂ ਹੀ ਇਕੱਲਾ ਰਹਿ ਗਿਆ -

***ਧਾਰਨਾ - ਤੈਨੂੰ ਛੱਡ ਗਏ ਬਾਲ ਸਖਾਈ,***
***ਜਿੰਦੇ ਤੈਨੂੰ ਛੱਡ ਗਏ।***
***ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥***
***ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥***
***ਅੰਗ- ੧੩੮੧***

ਜਿਹੜੇ ਕੰਮ ਨੂੰ ਆਏ ਸੀ ਕਰਨ ਵਾਸਤੇ, ਉਹ ਵੀ ਨਹੀਂ ਕਰ ਸਕੇ -

***ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥***
***ਨਾਨਕ ਸਮਿਓ ਰਮਿ ਗਇਓ***
***ਅਬ ਕਿਉ ਰੋਵਤ ਅੰਧ ॥ ਅੰਗ - ੧੪੨੮***

ਕਹਿੰਦੇ ਹੁਣ ਕਿਉਂ ਰੋਂਦਾ ਹੈਂ, ਜਦੋਂ ਹਾਕਾਂ ਮਾਰ-ਮਾਰ ਦਸਦੇ ਸੀ ਮਹਾਂਪੁਰਸ਼, ਉਸ ਵੇਲੇ ਤੂੰ ਸੁਣਦਾ ਨਹੀਂ ਸੀ, ਐਸੀ ਗਾੜ੍ਹੀ ਨੀਂਦ ਤੈਨੂੰ ਆਈ ਹੋਈ ਸੀ ਕਿ ਬਾਤ ਨਹੀਂ ਸੀ ਸੁਣਦਾ। ਅੰਦਰਲੇ ਪਾਸੇ ਐਨਾ ਫਤੂਰ ਪਿਆ ਹੋਇਆ ਸੀ, ਜਵਾਨੀ ਦਾ, ਆਪਣੀ ਵਿਦਿਆ ਦੇ ਅਭਿਮਾਨ ਦਾ ਕਿ ਤੇਰੇ ਅੰਦਰ ਕੋਈ ਬਾਤ ਜਾਂਦੀ ਹੀ ਨਹੀਂ ਸੀ। ਜਦੋਂ ਸੁਣਨ ਦਾ ਵੇਲਾ ਸੀ -

***ਫਰੀਦਾ ਜਾਂ ਤਉ ਖਟਣ ਵੇਲ***
***ਤਾਂ ਤੂ ਰਤਾ ਦੁਨੀ ਸਿਉ ॥ ਅੰਗ - ੧੩੭੮***

ਹੁਣ ਦਸ ਓਧਰੋਂ ਤਾਂ ਤਿਆਰੀ ਹੋ ਰਹੀ ਹੈ ਜਾਣ ਦੀ, ਓਧਰਲੇ ਪਾਸੇ ਤੂੰ ਤਰਲੇ ਲੈ ਰਿਹਾ ਹੈਂ, ਕੋਈ ਬਣ ਸਕਦੀ ਹੈ ਗੱਲ? ਸੋ ਇਹ ਤਾਂ ਪਹਿਲਾਂ ਹੀ ਬੰਦਾ ਜੇ ਸਮਝ ਜਾਵੇ, ਜਦੋਂ ਸਰੀਰ ਨਰੋਆ ਹੈ, ਮਨ ਅਜੇ ਖਿੰਡਿਆ ਨਹੀਂ ਹੈ, ਥੋੜ੍ਹਾ-ਥੋੜ੍ਹਾ ਅਜੇ ਖਿੰਡਣ ਲੱਗਿਆ ਹੈ, ਫੇਰ ਤਾਂ ਬਣ ਜਾਂਦਾ ਹੈ, ਨਹੀਂ ਤਾਂ ਮਨ ਦੇ ਅੰਦਰ groves ਐਨੇ ਜ਼ਬਰਦਸਤ ਪੈ ਜਾਂਦੇ ਨੇ -

***ਦੂਜੈ ਬਹੁਤੇ ਰਾਹ***
***ਮਨ ਕੀਆ ਮਤੀ ਖਿੰਡੀਆ ॥***
***ਬਹੁਤੁ ਪਏ ਅਸਗਾਹ***
***ਗੋਤੇ ਖਾਹਿ ਨ ਨਿਕਲਹਿ ॥ ਅੰਗ - ੧੪੬***

ਸੰਤ ਕਹਿੰਦੇ ਤੂੰ ਭਜਨ ਕਰ, ਕਹਿੰਦਾ ਭਜਨ ਕਾਹਦਾ ਕਰਾਂ ਜੀ। ਮਨ ਨਹੀਂ ਟਿਕਦਾ, ਬੜਾ ਜ਼ੋਰ ਲਾਉਂਦਾ ਹਾਂ। ਬੈਠਦਾ ਹਾਂ ਆਸਣ ਲਗਾ ਕੇ, ਸਾਹ ਵੀ ਰੋਕਦਾ ਹਾਂ, ਫੇਰ ਨਹੀਂ ਰੁਕਦਾ ਹੈ

ਇਹ ਤਾਂ ਇੱਕ ਦਮ ਨਿਕਲ ਜਾਂਦਾ ਹੈ। ਕਿਉਂਕਿ grove ਪੈ ਗਏ, ਜਿਵੇਂ ਖੂਹ ਦੇ ਵਿਚੋਂ ਡੋਲ ਕੱਢਦੇ ਹੋਈਏ, ਉਹਦੇ ਵਿੱਚ ਘੱਖੜਾਂ ਪੈ ਜਾਂਦੀਆਂ ਨੇ। ਜਿਹੜੇ ਸਿਆਣੇ ਬੰਦੇ ਹੁੰਦੇ ਨੇ, ਹੁਣ ਤਾਂ ਗੱਲਾਂ ਹੀ ਦੂਰ ਦੀਆਂ ਰਹਿ ਗਈਆਂ, ਮਿਸਾਲ ਵੀ ਸਮਝ 'ਚ ਆਉਣੀ ਔਖੀ ਹੈ, ਉਹ ਕੀ ਕਰਦੇ ਨੇ ਮਹਿਲ ਦੇ ਦੂਰ ਰੱਖ ਕੇ ਖਿੱਚਦੇ ਨੇ ਕਿ ਲੱਜ ਨਾ ਘਸ ਜਾਵੇ। ਲੇਕਿਨ ਉਹ ਤਿਲਕ ਕੇ ਫੇਰ ਵਿੱਚ ਜਾ ਗਿਰਦੀ ਹੈ। ਏਸੇ ਤਰ੍ਹਾਂ ਦੇ ਨਾਲ ਮਨ ਦਾ ਹਾਲ ਹੈ, ਮਨ ਦੇ ਵਿੱਚ ਸੰਸਕਾਰਾਂ ਦੇ ਜੋ ਬੀਤੀ ਹੈ ਸਾਡੇ ਨਾਲ, ਉਨ੍ਹਾਂ ਸਾਰਿਆਂ ਦੇ ਅੰਦਰ grove ਪੈ ਜਾਂਦੇ ਨੇ। ਜਦ ਭਜਨ ਕਰਨ ਬੈਠਦੇ ਹਾਂ ਉਹ ਸਾਰੀਆਂ ਚੀਜ਼ਾਂ ਉੱਘੜ ਕੇ ਸਾਮ੍ਹਣੇ ਆ ਜਾਂਦੀਆਂ ਨੇ, ਮਨ ਛਾਲਾਂ ਮਾਰਦਾ ਹੈ ਤੇ ਸਮਾਂ ਭਜਨ ਵਿੱਚ ਲੰਘਦਾ ਹੈ, ਕਹਿੰਦਾ ਮੈਂ ਭਜਨ ਕਰਿਆ ਹੈ, ਬਾਣੀ ਪੜ੍ਹੀ ਹੈ, ਪਰ ਕਰਿਆ ਕੁਛ ਵੀ ਨਹੀਂ ਹੈ। ਕਿਉਂਕਿ ਕਰਿਆ ਹੀ ਨਹੀਂ ਹੈ, ਜਿਹਨੇ ਕਰਨਾ ਸੀ ਉਹ ਤਾਂ ਕਾਬੂ ਹੀ ਨਹੀਂ ਆਇਆ -

*ਮਮਾ ਮਨ ਸਿਉ ਕਾਜੁ ਹੈ*
*ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ - ੩੪੨*

ਹੁਣ ਕਰਿਆ ਕੀ ਜਾਵੇ, ਕੋਈ ਹੱਲ ਹੈ ਇਸ ਚੀਜ਼ ਦਾ। ਬਥੇਰੇ ਤਰਲੇ ਮਾਰ ਲਏ। ਨੱਠ ਲਏ ਭੱਜ ਲਏ, ਬਥੇਰੀਆਂ ਯਾਤਰਾ ਕਰ ਲਈਆਂ, ਤੀਰਥ ਯਾਤਰਾ ਕਰ ਲਈਆਂ, ਦਾਨ ਕਰ ਲਏ, ਪੁੰਨ ਕਰ ਲਏ, ਸਭ ਕੁਛ ਕਰ ਲਏ ਪਰ ਗੱਲ ਕੋਈ ਬਣਦੀ ਨਜ਼ਰ ਨਹੀਂ ਆ ਰਹੀ। ਜਿਨ੍ਹਾਂ ਦੀਆਂ ਗੱਲਾਂ ਬਣ ਗਈਆਂ ਉਨ੍ਹਾਂ ਨੂੰ ਪੁੱਛ ਲਓ। ਸੁਹਾਗਣਾਂ ਨੂੰ ਪੁੱਛ ਲਓ -

*ਜਾਇ ਪੁਛਹੁ ਸੋਹਾਗਣੀ*
*ਤੁਸੀ ਰਾਵਿਆ ਕਿਨੀ ਗੁਣੀ ॥ ਅੰਗ - ੧੭*

ਜਿਹੜਾ ਕੁਛ ਉਨ੍ਹਾਂ ਨੇ ਕਰਿਆ ਸੀ ਉਸੇ ਤਰ੍ਹਾਂ ਆਪ ਕਰ ਲਓ, ਸੋ ਉਹਦੇ ਬਾਰੇ ਹੁਕਮ ਹੈ ਕਿ ਪਿਆਰਿਆ! ਤੈਨੂੰ ਸੱਚਮੁੱਚ ਲਗਨ ਹੈ, ਤੇਰੇ ਅੰਦਰ ਸੱਚਮੁੱਚ ਖਿੱਚ ਹੈ, ਪਹਿਲਾਂ ਤਾਂ ਤੂੰ ਖਿੱਚ ਦੇ ਅਰਥ ਸਮਝ। ਖਿੱਚ ਕਹਿੰਦੇ ਕੀਹਨੂੰ ਨੇ। ਖਿੱਚ ਹੁੰਦੀ ਕੀ ਹੈ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ*
*ਉਹ ਕਰ ਆਰਾਮ ਨ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ*
*ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ*
*ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ*
*ਸੋ ਚਾਲ ਪਏ ਨਿਤ ਰਹਿੰਦੇ। ਭਾਈ ਵੀਰ ਸਿੰਘ ਜੀ*

ਜਿਨ੍ਹਾਂ ਦੇ ਅੰਦਰ ਲਗਨ ਹੈ ਉਨ੍ਹਾਂ ਨੂੰ ਪੁੱਛ। ਉਹ ਦੱਸ ਦਿੰਦੇ ਨੇ ਕਿ ਲਗਨ ਵਾਲਿਆਂ ਦਾ ਕੀ ਹਾਲ ਹੁੰਦਾ ਹੈ -

*ਜਿਉ ਮਛੁਲੀ ਬਿਨੁ ਪਾਣੀਐ*
*ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ*
*ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ ॥ ਅੰਗ - ੭੦੮*

ਜੇ ਐਸੀ ਲਗਨ ਲੱਗੀ ਹੋਈ ਹੈ, ਜਿਨ੍ਹਾਂ ਨੂੰ ਅਸੀਂ ਬੇਸੂਝ ਕਹਿੰਦੇ ਹਾਂ, ਪਸ਼ੂਆਂ ਨੂੰ, ਮੱਛੀਆਂ ਨੂੰ ਕਹਿੰਦੇ ਉਹ ਤਾਂ ਇੱਕ ਮਿੰਟ ਨਹੀਂ ਜੀਉਂਦੀ ਰਹਿ ਸਕਦੀ। ਘੰਢੇਹੇੜੇ ਦਾ ਸ਼ਬਦ ਵਜਦਾ ਹੈ, ਹਿਰਨ ਜਾਂਦਾ ਹੈ ਨੇੜੇ ਕੇ ਲਿਟਣ ਲਗ ਜਾਂਦਾ ਹੈ, ਮਸਤ ਹੋ ਜਾਂਦਾ ਹੈ, ਉਹਨੂੰ ਨਹੀਂ ਪਤਾ ਕਿ ਸ਼ਿਕਾਰੀ ਮੈਨੂੰ ਫੜਨ ਆ ਰਿਹਾ ਹੈ, ਮੈਨੂੰ ਮਾਰ ਕੇ ਖਾ ਲਏਗਾ। ਕੋਈ ਫੁਰਨਾ ਨਹੀਂ ਹੁੰਦਾ, ਗਲ 'ਚ ਆ ਕੇ ਰੱਸਾ ਪਾ ਲੈਂਦਾ ਹੈ ਉਹਦੇ। ਭਵਰ ਫੁੱਲ ਹੈ, ਫੁੱਲ ਦੇ ਵਿੱਚ ਬਹਿ ਜਾਂਦਾ ਹੈ, ਪਤੰਗਾ ਹੈ ਦੀਵੇ ਵਲ ਨੂੰ ਚਲਿਆ ਜਾਂਦਾ ਹੈ। ਕਹਿੰਦੇ, ਇਸ ਤਰ੍ਹਾਂ ਦੇ ਨਾਲ ਜੇ ਤੇਰੇ ਅੰਦਰ ਐਨੀ ਖਿੱਚ ਹੈ ਉਨ੍ਹਾਂ ਦੇ ਨਿਸ਼ਾਨਾ ਸਾਮ੍ਹਣੇ ਹੁੰਦਾ ਹੈ, ਉਹ ਆਰਾਮ ਨਹੀਂ ਕਰਦੇ ਕਿ ਦਿਨ ਤਾਂ ਲੰਘੇ ਜਾ ਰਹੇ ਨੇ, ਬਣਿਆ ਕੁਛ ਨਹੀਂ ਹਾਲੇ ਤਕ, ਬੜੀ ਮੁਸ਼ਕਲ ਹੈ। ਉਸ ਵੇਲੇ ਜਿਹੜਾ ਸੱਚਾ ਆਦਮੀ ਹੈ ਉਹ ਤਰਲਾ ਕਰਦਾ ਹੈ ਕਿ ਮੈਂ ਕਰਾਂ ਕੀ। ਹੈ ਕੋਈ ਦੁਨੀਆਂ ਦੇ ਅੰਦਰ ਜਿਹੜਾ ਇਹ ਕੰਮ ਕਰ ਦੇਵੇ। ਮੈਂ ਜਿਸ ਕੰਮ ਨੂੰ ਕਰ ਕਰਨ ਆਇਆ ਹਾਂ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥*
*ਅੰਗ - ੧੨*

ਕੋਈ ਹੈ ਮਿਲਾਉਣ ਵਾਲਾ, ਜੇ ਕੋਈ ਮਿਲਾ ਦੇਵੇ, ਤਨ ਵੀ ਦੇ ਦੇਵਾਂ, ਮਨ ਵੀ ਦੇ ਦੇਵਾਂ, ਧਨ ਵੀ ਦੇ ਦੇਵਾਂ; ਦਿਨ ਰਾਤ ਮੈਂ ਉਹਦੇ ਪਿੱਛੇ ਲੱਗਿਆ ਫਿਰਾਂ ਤੇ ਸੇਵਾ ਕਰਾਂ। ਉਹ ਚਾਹੇ ਮੈਨੂੰ ਘੂਰਦਾ ਹੈ, ਚਾਹੇ ਗਾਲ੍ਹਾਂ ਕੱਢਦਾ ਹੈ, ਚਾਹੇ ਧੱਕੇ ਦਿੰਦਾ ਹੈ, ਚਾਹੇ ਕਹਿੰਦਾ ਹੈ ਕਿ ਬਿਲਕੁਲ ਨਹੀਂ ਇਹਨੂੰ ਕੱਢ ਦਿਓ ਇਥੋਂ। ਮੈਂ ਨਾ ਪਿੱਛਾ ਛੱਡਾਂ, ਕਿਉਂਕਿ ਮੈਂ ਉਸ ਤੋਂ ਲੈਣਾ ਹੈ ਕੁਛ। ਵੱਡੀ ਤੋਂ ਵੱਡੀ ਕੀਮਤ ਦੇਵਾਂ -

*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ*
*ਵਿਚਿ ਅਗਨੀ ਆਪੁ ਜਲਾਈ ॥ ਅੰਗ- ੭੫੭*

ਆਪਣੇ ਆਪ ਨੂੰ ਵੀ ਲੱਕੜਾਂ ਦੇ ਥਾਂ 'ਤੇ ਜਲਾ ਦੇਵਾਂ, ਛੋਟਾ-ਛੋਟਾ ਕੱਟ ਕੇ ਆਪਣੀਆਂ ਬਾਹਾਂ, ਆਪਣੀਆਂ ਲੱਤਾਂ ਪਹਿਲਾਂ ਡਾਹ ਦੇਵਾਂ, ਤਾਂ ਕਿ ਮੇਰਾ ਸਰੀਰ ਕੰਮ ਆ ਜਾਏ, ਉਹ ਪਿਆਰਾ ਮੈਨੂੰ ਮੇਰੇ ਉੱਤੇ ਮੇਹਰ ਕਰੇ। ਮੇਰੇ ਉੱਤੇ ਤਰਸ ਕਰਕੇ ਮੈਨੂੰ ਪ੍ਰਮੇਸ਼ਰ ਨਾਲ ਮਿਲਾ ਦੇਵੇ। ਐਸਾ ਜੋ ਤਰਲਾ ਹੁੰਦਾ ਹੈ ਜਗਿਆਸੂ ਦੇ ਅੰਦਰ, ਉਹ ਉੱਤਮ ਜਗਿਆਸੂ ਹੁੰਦਾ ਹੈ ਕਿਉਂਕਿ ਉਹ ਇਰਾਦਾ ਕਰਕੇ ਚਲਦਾ ਹੈ, ਜਿਹੜਾ ਇਰਾਦਾ ਹੀ ਨਹੀਂ ਕਰਦਾ, ਨਿਸ਼ਾਨਾ ਹੀ ਨਹੀਂ ਸਾਮ੍ਹਣੇ, ਉਹ ਜਿਥੇ ਜੀਅ ਕਰਦਾ ਹੈ ਆ

ਜਾਏ, ਚਾਹੇ ਕਿਸੇ ਮਹਾਂਪੁਰਸ਼ ਕੋਲ ਚਲਿਆ ਜਾਵੇ, ਡੇਰਿਆਂ 'ਚ ਰਹਿਣ ਲਗ ਜਾਵੇ। ਬੋਲ-ਬੋਲ ਕੇ ਲੋਕਾਂ ਨੂੰ ਉਪਦੇਸ਼ ਦੇਣ ਲਗ ਜਾਵੇ, ਜੇ ਲਗਨ ਤੋਂ ਹੀਣਾ ਹੈ ਬਣਦੀ ਨਹੀਂ ਗੱਲ। ਮਹਾਰਾਜ ਕਹਿੰਦੇ ਜੇ ਤੇਰੇ ਮਨ ਵਿੱਚ ਐਨੀ ਹੀ ਖਿੱਚ ਪਈ ਹੋਈ ਹੈ, ਤਾਂ ਅਸੀਂ ਤੈਨੂੰ ਦੱਸ ਦਿੰਦੇ ਹਾਂ ਤੂੰ ਗੱਲ ਕਰ ਲਏਂਗਾ, ਸਾਡਾ ਬਚਨ ਮੰਨ ਲਏਂਗਾ, ਜੇ ਤਾਂ ਪੂਰਾ ਜਗਿਆਸੂ ਹੋਵੇ ਫੇਰ ਤਾਂ ਬਚਨ ਮੰਨ ਲੈਂਦਾ ਹੈ, ਜੇ ਪੂਰਾ ਨਾ ਹੋਵੇ, ਉਹ ਕਹਿੰਦਾ ਇਹ ਤਾਂ ਲੱਖਾਂ ਵਾਰੀ ਗੱਲਾਂ ਸੁਣੀਆਂ ਨੇ ਪਹਿਲਾਂ ਵੀ, ਇਹ ਤਾਂ ਮੈਂ ਜਾਣਦਾ ਹੀ ਹਾਂ। ਮੰਨਦਾ ਨਹੀਂ ਹੈ, ਬੁੱਧੀ ਮੰਡਲ ਦੇ ਖਾਤੇ 'ਚ ਇੱਕ ਚੀਜ਼ ਨੂੰ ਹੋਰ ਜਮ੍ਹਾਂ ਕਰ ਲੈਂਦਾ ਹੈ ਕਿ ਐਉਂ ਕਹਿੰਦੇ ਸੀ। ਪੜ੍ਹੋ ਪਿਆਰ ਨਾਲ -

***ਧਾਰਨਾ - ਸੰਤਾਂ ਨੂੰ ਮਿਲ ਕੇ ਜੀ,***
***ਮਿਲਦਾ ਹੈ ਰਾਮ ਪਿਆਰਾ।***

ਮਹਾਰਾਜ ਕਹਿੰਦੇ ਜੇ ਐਨੀ ਲਗਨ ਹੈ ਤੇਰੇ ਅੰਦਰ। ਬਿਨਾਂ ਦੇਖਣ ਤੋਂ ਤੈਨੂੰ ਕੱਪੜੇ ਨਹੀਂ ਚੰਗੇ ਲਗਦੇ, ਖਾਣਾ ਪੀਣਾ ਵੀ ਚੰਗਾ ਨਹੀਂ ਲਗਦਾ। ਤੂੰ ਉਨ੍ਹਾਂ ਮਹਾਂਪੁਰਸ਼ਾਂ ਨੂੰ ਮਿਲ ਜਿਹੜੇ ਮਿਲੇ ਹੋਏ ਨੇ, ਉਨ੍ਹਾਂ ਦੇ ਕੋਲ ਕੁੰਜੀ ਹੁੰਦੀ ਹੈ। ਬਜਰ ਕਪਾਟ ਲੱਗੇ ਹੁੰਦੇ ਨੇ ਉਨ੍ਹਾਂ ਨੂੰ ਖੋਲ੍ਹਣ ਦੀ ਅਥਾਰਟੀ ਪ੍ਰਮੇਸ਼ਰ ਦੇ ਪਿਆਰਿਆਂ ਕੋਲ ਹੁੰਦੀ ਹੈ।

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ***
***ਕੁੰਜੀ ਗੁਰ ਸਉਪਾਈ ॥***
***ਅਨਿਕ ਉਪਾਵ ਕਰੇ ਨਹੀ ਪਾਵੈ***
***ਬਿਨੁ ਸਤਿਗੁਰ ਸਰਣਾਈ ॥ ਅੰਗ - ੨੦੫***

ਸਤਿਗੁਰੂ ਦੀ ਸ਼ਰਨ ਤੋਂ ਬਗੈਰ ਨਹੀਂ ਮਿਲਦੀ। ਕਿਉਂਕਿ ਜੇ ਭਾਵਨਾ ਅੰਦਰ ਆਵੇ ਤਾਂ ਸਤਿਗੁਰੂ ਦਾ ਮੇਲ ਹੁੰਦਾ ਹੈ।

***ਬਿਨੁ ਸਬਦੈ ਅੰਤਰਿ ਆਨੇਰਾ ॥***
***ਨ ਵਸਤੁ ਲਹੈ ਨ ਚੂਕੈ ਫੇਰਾ ॥***
***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ***
***ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥***
***ਅੰਗ - ੧੨੪***

ਕੋਲ ਹੀ ਚੀਜ਼ ਪਈ ਹੈ ਲੇਕਿਨ ਪਤਾ ਨਹੀਂ ਲਗਦਾ, ਹਨ੍ਹੇਰੇ ' ਚ। ਦੱਸਣਾ ਬੜਾ ਔਖਾ ਹੋ ਜਾਂਦਾ ਹੈ ਕਿਉਂਕਿ ਗਾਹਕ ਨਹੀਂ ਹੁੰਦਾ ਕੋਈ, ਆਪਣੇ ਆਪ ਕੋਈ ਦਸਦਾ ਨਹੀਂ। ਗੁਰੂ ਮਹਾਰਾਜ ਦੱਸੀ ਜਾਂਦੇ ਨੇ ਕਿ ਕਹਿੰਦੇ ਉਸ ਤੋਂ ਬਗੈਰ ਤਾਂ ਗੱਲ ਬਣਨੀ ਹੀ ਨਹੀਂ ਹੈ।

***ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥***
***ਅੰਗ - ੧੩੩***

ਜੇ ਮਿਲ ਜਾਣ, ਕਹਿੰਦੇ ਐਨਾ ਅਨੰਦ ਮਿਲੇਗਾ, ਜਿਹਦਾ ਕੋਈ ਹਿਸਾਬ-ਕਿਤਾਬ ਹੀ ਨਹੀਂ ਹੈ।

***ਕਬੀਰ ਚਰਨ ਕਮਲ ਕੀ ਮਉਜ ਕੋ***
***ਕਹਿ ਕੈਸੇ ਉਨਮਾਨ ॥***
***ਕਹਿਬੇ ਕਉ ਸੋਭਾ***
***ਨਹੀ ਦੇਖਾ ਹੀ ਪਰਵਾਨੁ ॥ ਅੰਗ - ੧੩੭੦***

ਜਿਹੜੀ ਗੱਲ ਦੱਸੀ ਹੀ ਨਹੀਂ ਜਾ ਸਕਦੀ -

***ਕਹੁ ਕਬੀਰ ਗੂੰਗੈ ਗੁੜੁ ਖਾਇਆ***
***ਪੂਛੇ ਤੇ ਕਿਆ ਕਹੀਐ ॥ ਅੰਗ - ੩੩੪***

ਕਹਿੰਦੇ ਜੇ ਮਿਲਿਆ ਹੋਵੇ ਤਾਂ ਉਮਰ ਦਾ ਜੋ ਹਿੱਸਾ ਹੈ ਜਿਸਨੂੰ ਚੇਤਿ ਕਹਿੰਦੇ ਨੇ, ਕਹਿੰਦੇ ਬਹੁਤ ਅਨੰਦ ਹੁੰਦਾ ਹੈ ਇਸ ਵਿੱਚ। ਪਰ -

***ਸੰਤ ਜਨਾ ਮਿਲਿ ਪਾਈਐ***
***ਰਸਨਾ ਨਾਮੁ ਭਣਾ ॥ ਅੰਗ - ੧੩੩***

ਕਹਿੰਦੇ ਮਿਲ ਕੇ ਕੀ ਕਰਦਾ ਹੈ, ਨਾਮ ਜਪਦਾ ਹੈ ਰਸਨਾ ਨਾਲ, ਨਾਮ ਜਪਦਾ ਹੈ ਸਵਾਸ ਨਾਲ, ਨਾਮ ਜਪਦਾ ਹੈ ਬਿਨਾਂ ਰਸਨਾ ਤੋਂ, ਬਿਨਾਂ ਸਵਾਸ ਤੋਂ, ਪਸੰਤੀ ਬਾਣੀ ਦੇ ਨਾਲ, ਨਾਮ ਜਪਦਾ ਹੈ ਪਰਾ ਬਾਣੀ ਦੇ ਨਾਲ -

***ਬਿਨੁ ਜਿਹਵਾ ਜੋ ਜਪੈ ਹਿਆਇ ॥***
***ਕੋਈ ਜਾਣੈ ਕੈਸਾ ਨਾਉ ॥ ਅੰਗ - ੧੨੫੬***
***ਅਜਪਾ ਜਾਪੁ ਨ ਵੀਸਰੈ***
***ਆਦਿ ਜੁਗਾਦਿ ਸਮਾਇ ॥ ਅੰਗ - ੧੨੯੧***

ਸਾਰੇ ਸਰੀਰ ਦੇ ਵਿੱਚ ਜੋ ਛੇਕ ਨੇ, ਉਨ੍ਹਾਂ ਦੇ ਵਿਚੋਂ ਸਾਰਿਆਂ ਦੀ ਮਦਦ ਨਾਲ, ਅੰਗੂਠੇ ਤੋਂ ਲੈ ਕੇ ਸਿਰ ਤੱਕ ਨਾਮ ਜਪਦਾ ਹੈ, ਸਾਰੀ body 'ਚ vibration ਹੁੰਦੀ ਹੈ। ਜਿਸਦੇ ਬਾਰੇ ਗੁਰੂ ਮਹਾਰਾਜ ਐਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਰੋਮ ਰੋਮ ਹਰਿ ਧਿਆਵੇ***
***ਗੁਰਮੁਖ ਪਿਆਰੇ ਦਾ।***

ਐਨਾ ਪਿਆਰ ਵਿੱਚ ਲੀਨ ਹੋ ਜਾਂਦਾ ਹੈ ਕਿ ਸਾਰਾ ਹੀ ਸਰੀਰ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤੱਕ ਪ੍ਰਮੇਸ਼ਰ ਦੇ ਧਿਆਨ ਵਿੱਚ ਹੋ ਜਾਂਦਾ ਹੈ। ਜਾਗਰਤ ਜਿਹੜੀ ਹੈ ਉਹ ਸਾਰੇ ਸਰੀਰ ਦੇ ਵਿੱਚ ਫੈਲ ਜਾਂਦੀ ਹੈ। ਹਰ ਥਾਂ 'ਤੇ ਪ੍ਰਮੇਸ਼ਰ ਦਾ ਧਿਆਨ ਮਹਿਸੂਸ ਕਰਦਾ ਹੈ। ਸੋ ਐਸੀਆਂ ਅਵਸਥਾਵਾਂ ਨੇ। ਕਹਿਣ ਲੱਗੇ ਇਹ ਜਿਹੜੀਆਂ ਬਾਤਾਂ ਨੇ, ਇਹ ਕੀ ਰੌਲਾ ਪਾਈ ਜਾਂਦੇ ਓਂ।ਇਸ ਬਾਰੇ ਤਾਂ ਕਿਸੇ ਪਾਰਖੂ ਕੋਲ ਗੱਲ ਕਰ, ਉਹ ਜਾਣਦਾ ਹੈ, ਦੂਸਰੇ ਨੂੰ ਤਾਂ ਪਤਾ ਹੀ ਨਹੀਂ ਹੈ ਇਸ ਗੱਲ ਦਾ। ਉਹਦੇ ਅੰਦਰ ਤਾਂ ਲਗਨ ਹੀ ਨਹੀਂ ਲੱਗੀ, ਸਾਡੇ ਮਨ 'ਚ ਤਾਂ ਐਨਾ ਕੁ ਹੈ ਕਿ ਅੱਜ ਸੰਗਰਾਂਦ ਹੈ, ਜਾ ਆਈਏ, ਮਹੀਨਾ ਵਧੀਆ ਲੰਘੇਗਾ। ਅੱਗੇ ਤਾਂ ਅਸੀਂ ਗੱਲ ਹੀ ਨਹੀਂ ਕਰਦੇ ਕਿ ਸੰਗਰਾਂਦ ਕੀ ਕਹਿੰਦੀ ਹੈ। ਮਹਾਰਾਜ ਸਾਨੂੰ ਕੀ ਉਪਦੇਸ਼ ਦਿੰਦੇ ਨੇ, ਮਹਾਰਾਜ ਕੀ ਚਾਹੁੰਦੇ ਨੇ। ਉਹ ਗੱਲ ਅਸੀਂ ਨਹੀਂ ਸਮਝਦੇ। ਸੋ ਇਸ ਤਰ੍ਹਾਂ ਦੇ ਨਾਲ ਜੇ ਲਗਨ ਨਹੀਂ ਹੈ ਤਾਂ ਮਹਾਰਾਜ ਕਹਿੰਦੇ ਗੱਲ ਬਣਦੀ ਨਹੀਂ। ਮਹਾਰਾਜ ਕਹਿੰਦੇ, ਸ਼ੌਂਕ ਵਾਲਿਆ ਵਾਸਤੇ ਬੇਨਤੀ ਹੈ ਕਿ -

***ਸੰਤ ਜਨਾ ਮਿਲਿ ਪਾਈਐ***
***ਰਸਨਾ ਨਾਮੁ ਭਣਾ ॥ ਅੰਗ - ੧੩੩***

ਰਸਨਾ ਨਾਲ ਨਾਮ ਜਪ, ਸਵਾਸ ਨਾਲ ਨਾਮ ਜਪ, ਅਨਹਦ ਸ਼ਬਦ ਦੀ ਮਦਦ ਨਾਲ ਨਾਮ ਜਪ। ਤ੍ਰਿਕੁਟੀ 'ਚ ਨਾਮ ਜਪ, ਦਸਵੇਂ ਦੁਆਰ 'ਚ ਨਾਮ ਜਪ। ਮਿਸਾਲਾਂ ਨੇ ਬੜੀਆਂ ਜ਼ਬਰਦਸਤ ਕਿ ਮਨ ਦੇ ਹਠ ਨਾਲ ਨਹੀਂ ਮਿਲਦਾ। ਅਸੀਂ ਮਨ ਦਾ ਹਠ ਕਰਦੇ ਹਾਂ ਮਹਾਰਾਜ ਕਹਿੰਦੇ -

***ਮਨਹਠਿ ਕਿਨੈ ਨ ਪਾਇਆ***
***ਕਰਿ ਉਪਾਵ ਥਕੇ ਸਭੁ ਕੋਇ ॥ ਅੰਗ - ੪੦***

ਅੱਜ ਤੱਕ ਤਾਂ ਸੰਸਾਰ 'ਤੇ ਕੋਈ ਆਇਆ ਨਹੀਂ ਜਿਹਨੇ ਮਨ ਦਾ ਹੱਠ ਕਰਕੇ ਪ੍ਰਮੇਸ਼ਰ ਨੂੰ ਪਾ ਲਿਆ ਹੋਵੇ। ਧੰਨੇ ਦੇ ਸੈਂਕੜੇ ਜਨਮ ਸੀ ਜਿਸ ਵਿਚ ਰੱਬ ਨੂੰ ਮਿਲਣ ਦੇ ਤਰਲੇ ਕਰਦਾ ਰਿਹਾ ਲੇਕਿਨ ਉਹਨੂੰ ਮਹਾਤਮਾ ਮਿਲ ਗਿਆ ਸੀ, ਕਬੀਰ ਸਾਹਿਬ ਨੂੰ ਪ੍ਰਮੇਸ਼ਰ ਮਿਲਿਆ; ਮਹਾਤਮਾ ਮਿਲ ਗਿਆ ਸੀ। ਧੰਨੇ ਨੇ ਪ੍ਰਮੇਸ਼ਰ ਨੂੰ ਪ੍ਰਸ਼ਾਦਾ ਛਕਾ ਦਿੱਤਾ, ਪਿਛਲੇ ਸੰਸਕਾਰਾਂ ਦੇ ਬਲ ਨਾਲ, ਪਿਆਰ ਦੇ ਬਲ ਨਾਲ, ਲੇਕਿਨ ਮਹਾਤਮਾ ਨੇ ਫੇਰ ਸਮਝਾ ਦਿੱਤਾ ਕਿ ਜੇ ਅਸਲੀ ਰੱਬ ਦੇਖਣਾ ਹੈ ਜਿਹੜਾ ਹਰ ਵਕਤ ਨਾਲ ਰਹਿੰਦਾ ਹੈ, ਤਾਂ ਫੇਰ ਗੁਰੂ ਦੀ ਸ਼ਰਨ ਲੈਣੀ ਪੈਣੀ ਹੈ। ਨਹੀਂ ਤਾਂ ਆਇਆ ਤੇ ਵਿਛੜ ਗਿਆ। ਕੋਈ ਗੱਲ ਨਹੀਂ ਬਣਦੀ। ਗੱਲ ਉਥੇ ਬਣਦੀ ਹੈ ਜਿੱਥੇ ਦੋ ਤੋਂ ਇੱਕ ਹੋ ਜਾਵੇ। ਪਿਆਰ ਓਹੀ ਹੁੰਦਾ ਹੈ, ਜੇ ਦੋ ਰਹਿ ਗਿਆ ਪਿਆਰ ਹੀ ਕਾਹਦਾ ਹੈ। ਕੋਈ ਭਾਵਨਾ ਨਹੀਂ ਹੁੰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਬੇਅੰਤ ਮਿਸਾਲਾਂ ਨੇ, ਬੜੀ ਮਸ਼ਹੂਰ ਕਥਾ ਹੈ, ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਬਚਨ ਕਰ ਰਹੇ ਸੀ, ਮੈਂ ਵੀ ਉਥੇ ਸੀ, ਕਿ ਦੁਆਪਰ ਯੁੱਗ ਦੇ ਅੰਤ ਵਿੱਚ ਤੇ ਕਲਜੁਗ ਦਾ ਅਜੇ ਪਹਿਰਾ ਸ਼ੁਰੂ ਹੋਇਆ ਸੀ ਜਾਂ ਇਸ ਤੋਂ ਵੀ ਪਹਿਲਾਂ, ਉਮਰਾਂ ਬਥੇਰੀਆਂ ਹੁੰਦੀਆਂ ਸੀ। ਰਾਜੇ ਜਨਕ ੯੫ ਹੋਏ ਨੇ। ਬ੍ਰਹਮਗਿਆਨੀ ਕਿਹੜਾ ਹੋਇਆ ਹੈ, ਕਦੋਂ ਹੋਇਆ ਹੈ, ਕੀਹਦੀਆਂ ਸਾਖੀਆਂ ਨੇ, ਓਸ ਗੱਦੀ 'ਤੇ ਬੈਠਣ ਵਾਲੇ ਦਾ ਨਾਉਂ ਹੀ ਜਨਕ ਹੋਇਆ ਕਰਦਾ ਸੀ। ਜਿਹੜੇ ਜਨਕ ਦੀਆਂ ਗੱਲਾਂ ਚਲਦੀਆਂ ਨੇ ਉਹ ੫੪ਵਾਂ ਜਨਕ ਸੀ। ਬ੍ਰਹਮਗਿਆਨੀ ਮਹਾਂਪੁਰਸ਼ ਸੀ, ਰਾਜ ਵੀ ਕਰਦਾ ਸੀ ਤੇ ਬ੍ਰਹਮਗਿਆਨੀ ਵੀ ਸੀ। ਉਹਨੂੰ ਇੱਕ ਮਹਾਤਮਾ ਨੇ ਘੋੜੇ 'ਤੇ ਚੜ੍ਹਨ ਵਾਸਤੇ ਕਿਹਾ ਸੀ ਕਿ ਇੱਕ ਪੈਰ ਵਿੱਚ ਰਖ ਕੇ, ਦੂਜੀ ਰਕਾਬ ਤੱਕ ਪਹੁੰਚਦੇ-ਪਹੁੰਚਦੇ ਜਿਹੜਾ ਮੈਨੂੰ ਗਿਆਨ ਕਰਾ ਦੇਵੇ ਉਹ ਮੇਰਾ ਗੁਰੂ ਹੋਏਗਾ। ਅਸ਼ਟਾਵਕਰ ਛੋਟੀ ਜਿਹੀ ਉਮਰ ਦਾ ਰਿਸ਼ੀ ਸੀ, ਉਸ ਨੇ ਉਸਨੂੰ ਗਿਆਨ ਕਰਾ ਕੇ ਬ੍ਰਹਮਗਿਆਨ ਦੀ ਅਵਸਥਾ ਪ੍ਰਾਪਤ ਕਰਾ ਕੇ, ਮੁੜ ਕੇ ਕਰਮਯੋਗ ਦੇ ਵਿੱਚ ਲਾ ਦਿੱਤਾ। ਕਿਉਂਕਿ ਬ੍ਰਹਮਗਿਆਨੀ ਨੂੰ ਕੋਈ ਕਰਮ ਨਹੀਂ ਹੋਇਆ, ਪਰਉਪਕਾਰ ਕਰੇ ਨਾ ਕਰੇ ਉਹਦੀ ਮੌਜ ਹੈ। ਉਹ ਕੋਈ ਕਿਸੇ ਕਰਮ ਵਾਸਤੇ ਨਹੀਂ ਕਰਦਾ ਕਿ ਮੈਨੂੰ ਕੋਈ ਫਲ ਮਿਲੇ, ਉਹਨੂੰ ਕਰਮਾਂ ਦਾ ਫਲ ਮਿਲਣ ਤੋਂ ਹਟ ਜਾਇਆ ਕਰਦਾ ਹੈ ਸੋ ਉਨ੍ਹਾਂ ਨੇ ਉਸ ਨੂੰ ਕਰਮਯੋਗ ਵਿੱਚ ਲਾ ਦਿੱਤਾ ਕਿ ਤੂੰ ਰਾਜ ਕਰ ਠੀਕ ਤਰ੍ਹਾਂ ਦੇ ਨਾਲ, ਜੋ ਕਾਨੂੰਨ ਹੈ ਉਹਦੇ ਮੁਤਾਬਿਕ ਚੱਲ। ਉਸੇ ਵੇਲੇ ਵੇਦ ਵਿਆਸ ਜੀ ਦਾ ਲੜਕਾ, ਜਿਸਦੇ ਬਾਰੇ ਕਿਹਾ ਜਾਂਦਾ ਹੈ ਕਿ ਕੋਈ ਪਿਛਲੇ ਜਨਮ 'ਚ ਤੋਤਾ ਸੀ, ਸ਼ਿਵਜੀ ਮਹਾਰਾਜ ਨੇ ਪਾਰਬਤੀ ਨੂੰ ਕਥਾ ਸੁਣਾਈ, ਪਾਰਬਤੀ ਸੌਂ ਜਾਂਦੀ ਹੈ ਪਰ ਇਸਨੇ ਹੁੰਗਾਰਾ ਭਰਿਆ, ਉਹ ਕਥਾ ਦਾ ਹੀ ਪ੍ਰਭਾਵ ਐਨਾ ਸੀ ਕਿ ਇਹਦੇ ਕਪਾਟ ਖੁਲ੍ਹ ਗਏ, ਪੰਛੀ ਹੁੰਦੇ ਹੋਏ। ਏਸ ਨੂੰ ਜਨਮ ਮਿਲਿਆ ਤੇ ਮਾਇਆ ਦਾ ਅਸਰ ਇਹਦੇ ਉੱਤੇ ਹੋਇਆ ਨਾ। ਛੋਟੀ ਉਮਰ ਦੇ ਅੰਦਰ ਹੀ ਇਹ ਤਪ ਕਰਨ ਚਲਿਆ ਗਿਆ। ਬਹੁਤ ਤਪ ਕਰਿਆ, ਐਨਾ ਜ਼ਿਆਦਾ ਇਹਦਾ ਤਪ ਸੀ ਕਿ ਜਦੋਂ ਬੈਠ ਜਾਂਦਾ ਸੀ, ਛੇ-ਛੇ ਮਹੀਨੇ ਸੁਰਤ ਹੇਠਾਂ ਨਹੀਂ ਸੀ ਆਉਂਦੀ, ਪੰਛੀਆਂ ਨੇ ਆਉਣਾ ਇਹਦੀਆਂ ਜਟਾਵਾਂ ਧਰਤੀ 'ਤੇ ਲਗਦੀਆਂ ਸੀ। ਉਨ੍ਹਾਂ ਜਟਾਵਾਂ ਨੂੰ ਇਹਨੇ ਆਲੇ-ਦੁਆਲੇ ਕਰ ਲੈਣਾ, ਪਤਾ ਨਹੀਂ ਸੀ ਲਗਦਾ ਕਿ ਕੋਈ ਕੋਈ ਮਨੁੱਖ ਬੈਠਾ ਹੈ, ਜਾਂ ਕੋਈ ਜਾਨਵਰ ਬੈਠਾ ਹੈ। ਪੰਛੀਆਂ ਨੇ ਆ ਕੇ ਜਟਾਵਾਂ ਵਿੱਚ ਆਲ੍ਹਣੇ ਪਾਉਣੇ, ਅੰਡੇ ਦੇਣੇ, ਬੱਚੇ ਪਾਲ ਕੇ ਉੱਡ ਜਾਂਦੇ ਸੀ। ਇਸ ਤਰ੍ਹਾਂ ਕਰਦੇ-ਕਰਦੇ ੩੬ ਸਾਲ ਲੰਘ ਗਏ, ਪੜ੍ਹਾਈ ਲਿਖਾਈ ਵੀ ਬਹੁਤ ਸੀ ਇਹਦੀ। ਮਹਾਂਪੁਰਸ਼ਾਂ ਦੀ ਲਿਖਤਾਂ, ਵੇਦ ਵਗੈਰਾ ਪੜ੍ਹਦਾ ਰਹਿੰਦਾ ਸੀ। ਬੜੀ ਉੱਚਾ ਗਿਆਨ ਇਸਨੇ ਪ੍ਰਾਪਤ ਕੀਤਾ। ਉਨ੍ਹਾਂ ਵਿੱਚ ਇਹ ਆਉਂਦਾ ਸੀ ਕਿ ਜਿਸ ਵਕਤ ਅੰਦਰ ਪ੍ਰਕਾਸ਼ ਹੋ ਜਾਵੇ, ਉਸ ਵੇਲੇ ਪਰਮ ਅਨੰਦ ਸਤਿ, ਚਿੱਤ, ਅਨੰਦ ਹੋ ਜਾਇਆ ਕਰਦਾ ਸੀ।

***ਉਲਟਿ ਕਮਲੁ ਅੰਮ੍ਰਿਤਿ ਭਰਿਆ***
***ਇਹੁ ਮਨੁ ਕਤਹੁ ਨ ਜਾਇ ॥ ਅੰਗ- ੧੨੯੧***

ਕਮਲ ਉਲਟ ਕੇ ਅੰਮ੍ਰਿਤ ਨਾਲ ਭਰ ਜਾਂਦਾ ਹੈ, ਫੇਰ ਇਹ ਜਾਂਦਾ ਨਹੀਂ। ਫੇਰ ਪੂਰਨ ਅਨੰਦ ਦੇ ਵਿੱਚ ਰਹਿੰਦਾ ਹੈ। ਲੇਕਿਨ ਇਹਦੇ ਅੰਦਰ ਤਮੋ ਗੁਣ ਵਧ ਗਿਆ। ਕ੍ਰੋਧ ਵਧ ਗਿਆ, ਮਨ ਸ਼ਾਂਤ ਨਾ ਹੋਵੇ ਕਿਸੇ ਤਰੀਕੇ ਨਾਲ। ਉਸ ਵੇਲੇ ਜੰਗਲ 'ਚੋਂ ਵਾਪਸ ਮੁੜਿਆ ਤੇ ਪਿਤਾ ਕੋਲ ਆਇਆ, ਮਿਲਿਆ, ਪਿਤਾ ਵੀ ਬੜੇ ਵੱਡੇ ਮਹਾਂਪੁਰਸ਼ ਸੀਗੇ, ਵੇਦ ਵਿਆਸ ਜੀ। ਉਨ੍ਹਾਂ ਨੂੰ ਆ ਕੇ ਬੇਨਤੀ ਕਰੀ ਕਿ ਪਿਤਾ ਜੀ! ਮੈਨੂੰ ਐਉਂ ਲਗਦਾ ਹੈ ਕਿ ਮੇਰੇ ਤਪ ਦੇ ਵਿੱਚ ਕੋਈ ਜ਼ਬਰਦਸਤ ਘਾਟ ਹੈ, ਕਿਉਂਕਿ ਮੇਰਾ ਮਨ ਸ਼ਾਂਤ ਨਹੀਂ ਹੋ ਰਿਹਾ। ਪਤਾ ਨਹੀਂ ਕੀ ਗੱਲ ਹੈ, ਮੈਂ ਸਾਰੀ ਮਾਇਆ ਛੱਡੀ ਹੋਈ ਹੈ, ਕੇਵਲ ਸਰੀਰ ਦੇ ਢੱਕਣ ਵਾਸਤੇ ਇੱਕ ਵਸਤਰ ਹੈ ਮੇਰੇ ਕੋਲ। ਨੰਗੇਜ਼ ਨੂੰ ਢਕਣ ਵਾਸਤੇ ਮੈਂ ਲੱਕ ਦੇ ਉੱਤੇ ਇੱਕ ਵਸਤਰ ਰਖਦਾ ਹਾਂ ਹੋਰ ਮੇਰੇ ਕੋਈ ਚੀਜ਼ ਨਹੀਂ ਆਪਣੇ ਕੋਲ ਰਖਦਾ। ਕਿਸੇ ਚੀਜ਼ ਨਾਲ ਮੇਰਾ ਮੋਹ ਨਹੀਂ ਹੈ, ਇੱਕ ਚਿੱਪੀ ਹੈ ਮੇਰੇ ਕੋਲ ਪਾਣੀ ਪੀਣ ਵਾਸਤੇ ਤੇ ਮੇਰਾ ਮਨ ਕਿਉਂ ਨਹੀਂ ਸ਼ਾਂਤ ਹੁੰਦਾ। ਜਿਸ ਤਰ੍ਹਾਂ ਦੁਨੀਆ ਦਾ ਮਨ ਭਟਕਦਾ ਹੈ ਮੇਰਾ ਵੀ ਮਨ ਭਟਕਦਾ ਹੈ ਤੇ ਮਨ ਕਿਤੇ ਸ਼ਾਂਤ ਹੋ ਕੇ ਟਿਕਦਾ ਨਹੀਂ ਹੈ। ਸਮਾਧੀ ਲਾ ਲੈਂਦਾ ਹਾਂ, ਜਦੋਂ ਸਮਾਧੀ ਤੋਂ ਉਥਾਨ ਹੁੰਦਾ ਹਾਂ, ਫੇਰ ਓਹੀ ਅਵਸਥਾ ਆ ਜਾਂਦੀ ਹੈ। ਕ੍ਰਿਪਾ ਕਰਕੇ ਮੈਨੂੰ ਇਹ ਦੱਸੋ ਕਿ ਮੇਰੇ ਮਨ ਵਿੱਚ ਸ਼ਾਂਤੀ ਕਿਉਂ ਨਹੀਂ। ਕਹਿਣ ਲੱਗੇ, ਸੁਖਦੇਵ! ਸ਼ਾਂਤੀ ਤਾਂ, ਤਾਂ ਮਿਲਦੀ ਹੈ ਜੇ ਸ਼ਾਂਤੀ ਵਾਲੀ ਚੀਜ਼ ਪ੍ਰਾਪਤ ਹੋ ਜਾਏ। ਉਹ ਹੈ ਪ੍ਰਮੇਸ਼ਰ ਦਾ 'ਨਾਮ'। ਨਾਮ ਦੇ ਮੰਡਲ 'ਚ ਬੇਟਾ ਤੂੰ ਅਜੇ ਪਹੁੰਚਿਆ ਨਹੀਂ ਹੈਂ। ਹਠ ਕਰਦਾ ਹੈਂ, ਤਪ ਕਰਦਾ ਹੈਂ, ਸਮਾਧੀ ਲਾਉਂਦਾ ਹੈਂ, ਪ੍ਰਾਣਾਯਾਮ ਕਰਦਾ ਹੈਂ। ਬੜੀ-

ਬੜੀ ਦੇਰ ਸਮਾਧੀਆਂ ਲਾ ਰਖਦਾ ਹੈਂ। ਛੱਤੀ ਸਾਲ ਤੈਨੂੰ ਲੰਘ ਗਏ ਤੈਨੂੰ ਸਮਾਧੀਆਂ ਲਾਉਂਦੇ ਨੂੰ। ਪਰ ਜਿਹੜੀ ਅਸਲੀ ਚੀਜ਼ ਹੈ ਉਹ ਤੇਰੇ ਕੋਲ ਨਹੀਂ ਹੈ। ਕਹਿਣ ਲੱਗੇ, ਉਹ ਕਿਹੜੀ ਚੀਜ਼ ਹੈ, ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਕਿਤ ਬਿਧ ਮਨ ਧੀਰੇ ਜੀ,***
***ਬਿਨ ਹਰਿ ਨਾਮ ਨ ਸ਼ਾਂਤ ਹੋਇ।***
***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ***
***॥ ਮਨ ਇਛੇ ਸੁਖ ਮਾਣਦਾ ਕਿਛੁ ਨਾਹਿ***
***ਵਿਸੂਰੇ ॥***
***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ***
***॥ ਬਿਨੁ ਹਰਿ ਨਾਮ ਨ ਸਾਂਤਿ ਹੋਇ***
***ਕਿਤੁ ਬਿਧਿ ਮਨੁ ਧੀਰੇ ॥ ਅੰਗ - ੭੦੭***

ਕਹਿਣ ਲੱਗੇ, ਬੇਟਾ! ਬਗੈਰ ਨਾਮ ਦੇ ਮੰਡਲ ਵਿੱਚ ਸਥਿਤੀ ਪ੍ਰਾਪਤ ਕਰਨ ਤੋਂ ਮਨ 'ਚ ਕਦੇ ਵੀ ਸ਼ਾਂਤੀ ਨਹੀਂ ਆਇਆ ਕਰਦੀ। ਦੂਜੇ ਅੱਖਰਾਂ ਦੇ ਵਿੱਚ ਕਿ ਜਦ ਤੱਕ ਪੂਰਨ ਗਿਆਨ ਨਹੀਂ ਹੁੰਦਾ, ਗਿਆਨ ਦੀ ਸਥਿਤੀ ਦੇ ਵਿੱਚ ਜਿੰਨਾਂ ਚਿਰ ਤਕ ਨਿਵਾਸ ਨਹੀਂ ਕਰਦਾ, ਓਨੀਂ ਦੇਰ ਤੱਕ ਮਨ ਸ਼ਾਂਤ ਨਹੀਂ ਹੋਇਆ ਕਰਦਾ। ਚਾਹੇ ਕੋਈ ਹੈ, ਸਾਰੀ ਦੁਨੀਆਂ ਇਹ ਪ੍ਰਮੇਸ਼ਰ ਦੀ ਨੇਤ ਹੈ, ਕਿਉਂਕਿ ਉਹਨੇ ਆਪਣੇ ਭੇਤ ਸਾਧੂਆਂ ਨੂੰ, ਸੰਤਾਂ ਨੂੰ ਦਿੱਤਾ ਹੋਇਆ ਹੈ। ਆਪ ਨਹੀਂ ਉਹ ਕਿਸੇ ਨੂੰ ਗਿਆਨ ਦਿੰਦਾ। ਜੇ ਧੰਨੇ ਨੂੰ ਪ੍ਰਮੇਸ਼ਰ ਦੇ ਦਰਸ਼ਨ ਹੋ ਗਏ ਸੀ, ਪ੍ਰਸ਼ਾਦਾ ਛਕ ਲਿਆ ਸੀ। ਉਹ ਵਾਹਿਗੁਰੂ ਨੇ ਗਿਆਨ ਨਹੀਂ ਸੀ ਦੇਣਾ, ਨਾ ਦਿੰਦਾ ਹੈ। ਨਾਮਦੇਵ ਜੀ ਨੇ ਪੁੱਛ ਲਿਆ ਕਿ ਹੇ ਪ੍ਰਭੂ ਤੁਸੀਂ ਕਿੱਥੇ ਰਹਿੰਦੇ ਓਂ? ਕਹਿੰਦੇ ਨਾਮਦੇਵ! ਜੇ ਮੈਂ ਤੈਨੂੰ ਇਹ ਗੱਲ ਦੱਸ ਦਿਤੀ ਤਾਂ ਨਾ ਤੂੰ ਰਹਿਣਾ ਹੈ, ਨਾ ਮੈਂ ਰਹਿਣਾ ਹੈ ਤੇ ਨਾ ਸੰਸਾਰ ਨੇ ਰਹਿਣਾ ਹੈ। ਇਹ ਮੈਂ ਨਹੀਂ ਦੱਸਿਆ ਕਰਦਾ ਕਿਉਂਕਿ ਮੇਰੀ ਤਾਂ ਖੇਲ੍ਹ ਹੈ, ਤੇਰੀ ਤਾਂ ਬਾਤ ਪਾਈ ਹੋਈ ਹੈ। ਮੁੰਦਾਵਣੀ ਹੈ, ਮੁੰਦਾਵਣੀ ਬਾਤ ਨੂੰ ਕਹਿੰਦੇ ਨੇ, ਜਿਵੇਂ ਮੰਜਿਆਂ 'ਤੇ ਬੈਠ ਕੇ ਬਾਤਾਂ ਪਾਉਂਦੇ ਹੁੰਦੇ ਸੀ ਪਹਿਲੇ ਸਮਿਆਂ 'ਚ। ਉਹ ਬੁੱਝ ਲੈਂਦੇ ਸੀ ਔਖੀਆਂ-ਔਖੀਆਂ ਬਾਤਾਂ। ਕਹਿੰਦੇ ਇਹ ਵੀ ਮੁੰਦਾਵਣੀ ਹੈ। ਇਹ ਮੈਂ ਪਾਈ ਹੋਈ ਹੈ, ਕਿਉਂਕਿ ਮੈਂ ਖੇਲ੍ਹ ਕਰ ਰਿਹਾ ਹਾਂ। ਮੇਰੀ ਖੇਲ੍ਹ ਹੈ ਤੇ ਮੈਂ ਕਿਉਂ ਭੇਤ ਦੱਸਾਂ। ਕਹਿੰਦੇ, ਫੇਰ ਤੁਸੀਂ ਸੰਤਾਂ ਨੂੰ ਦੱਸਿਆ ਹੋਇਆ ਹੈ? ਕਹਿੰਦੇ, ਸੋਚ-ਸੋਚ ਕੇ ਦਸਦੇ ਨੇ। ਉਹਨੂੰ ਹੀ ਦਸਦੇ ਨੇ ਜਿਹੜਾ ਜਰ ਜਾਵੇ, ਦੂਸਰਿਆਂ ਨੂੰ ਨਹੀਂ ਦੱਸਿਆ ਕਰਦੇ। ਇਹ ਭੇਤ ਸੰਤਾਂ ਦੇ ਹੱਥ 'ਚ ਹੈ। ਮੇਰੇ ਹੱਥ ਵਿੱਚ ਨਹੀਂ ਹੈ, ਬੜੀ ਅਜੀਬ ਬਾਤ ਹੈ ਕਿ ਹੈਂ ਨਾ ਨਾਮਦੇਵ ਰਹੇ ਨਾ ਰੱਬ ਰਹੇ ਤੇ ਨਾ ਦੁਨੀਆਂ ਰਹੇ, ਇਹ ਰਹੂੰਗੀ ਫੇਰ। ਬਾਤ ਇਹ ਸਮਝਣ ਵਾਲੀ ਹੈ ਸਾਧਸੰਗਤ ਜੀ! ਗਿਆਨਵਾਨ ਨੂੰ ਪਤਾ ਹੈ ਕਿ ਇਹ ਬਾਤ ਕੀ ਹੋ ਰਹੀ ਹੈ। ਇੱਥੇ ਵਾਹਿਗੁਰੂ ਹੀ ਹੈ, ਹੋਰ ਕੋਈ ਹੈ ਨਹੀਂ, ਜੇ ਇਹ ਗੱਲ ਸੰਤ ਦੱਸ ਦਿੰਦੇ ਨੇ ਤਾਂ ਬਾਕੀ ਕੀ ਰਹਿ ਗਿਆ, ਸੰਸਾਰ ਕਿਹੜਾ ਰਹਿ ਗਿਆ, ਸੰਸਾਰ ਵੀ ਵਾਹਿਗੁਰੂ। ਦੱਸਣ ਵਾਲਾ ਉਹ ਵੀ ਪ੍ਰਮੇਸ਼ਰ, ਜਿਹੜਾ ਸੁਣਨ ਵਾਲਾ ਹੈ, ਉਹ ਵੀ ਪ੍ਰਮੇਸ਼ਰ। ਉਹ ਤ੍ਰਿਕੁਟੀ ਟੁੱਟ ਗਈ, ਗਿਆਤਾ ਗਿਆਨ ਗੇਅ ਦੀ। ਇੱਕੋ ਹੀ ਪ੍ਰਭੂ ਰਹਿ ਜਾਂਦਾ ਹੈ, ਪਰ ਇਹ ਇਸ ਤਰ੍ਹਾਂ ਗੱਲ ਕਰਨ ਵਾਲੀ ਨਹੀਂ ਹੈ।

***ਊਚਾ ਨਹੀ ਕਹਿਣਾ ਮਨ ਮੇ ਰਹਿਣਾ।***

ਕਿਉਂਕਿ ਇਹਦਾ ਅਧਿਕਾਰੀ ਨਹੀਂ ਬਣਦਾ ਕੋਈ। ਜਦੋਂ ਤੱਕ ਅਧਿਕਾਰੀ ਨਹੀਂ ਹੁੰਦਾ, ਉਦੋਂ ਤੱਕ ਦਵਾਈ ਕੰਮ ਨਹੀਂ ਕਰਿਆ ਕਰਦੀ। ਉਹਦੇ ਨੇਮ ਹੁੰਦੇ ਨੇ, ਉਹਦੀਆਂ ਰਹਿਤਾਂ ਹੁੰਦੀਆਂ ਨੇ। ਸਾਧੂ ਦਸਦੇ ਨੇ ਕਿ ਕਿਸ ਤਰੀਕੇ ਨਾਲ ਤੂੰ ਇਹ ਆਪਣੀ ਜੋ ਬੀਮਾਰੀ ਹੈ, ਤੈਨੂੰ ਹਉਮੈ ਦਾ ਰੋਗ ਲੱਗਿਆ ਹੋਇਆ ਹੈ, ਕਿਵੇਂ ਦੂਰ ਹੋ ਸਕਦਾ ਹੈ, ਉਹ ਕਹਿਣ ਲੱਗੇ ਬੇਟਾ! ਨਾਮ ਦੇ ਮੰਡਲ ਵਿੱਚ ਪ੍ਰਵੇਸ਼ ਕੀਤੇ ਤੋਂ ਬਗੈਰ ਸ਼ਾਂਤੀ ਨਹੀਂ ਆਇਆ ਕਰਦੀ ਚਿੱਤ ਨੂੰ। ਸ਼ਾਂਤੀ ਜੇ ਆਉਂਦੀ ਹੈ ਤਾਂ ਨਾਮ ਦਾ ਖਜ਼ਾਨਾ ਗੁਰੂ ਦੇ ਕੋਲ ਹੈ ਤੇ ਗੁਰੂ ਦੀ ਜਦੋਂ ਕੋਈ ਸੇਵਾ ਕਰਦਾ ਹੈ, ਉਹਦੀ ਕਸਵੱਟੀ ਦੇ ਉੱਤੇ ਪੂਰਾ ਉਤਰਦਾ ਹੈ, ਓਸ ਵੇਲੇ ਉਹ ਨਾਮ ਦਾ ਪ੍ਰਕਾਸ਼ ਕਰ ਦਿੰਦਾ ਹੈ

***ਸਤਿਗੁਰ ਸੇਵੈ ਲਗਿਆ***
***ਕਢਿ ਰਤਨੁ ਦੇਵੈ ਪਰਗਾਸਿ ॥ ਅੰਗ - ੪੦***

ਸਤਿਗੁਰੂ ਪੂਰਾ ਸ਼ਾਹ ਹੈ, ਜਦੋਂ ਉਹ ਵਣਜਾਰਾ ਪੂਰੀ ਕੀਮਤ ਤਾਰਨ ਦੇ ਕਾਬਲ ਹੋ ਜਾਂਦਾ ਹੈ, ਫੇਰ ਉਹ ਨਾਮ ਦਾ ਹੀਰਾ ਉਹਨੂੰ ਦਿਖਾ ਦਿੰਦਾ ਹੈ। ਬੇਅੰਤ ਬਾਤਾਂ ਢੰਗ ਨਾਲ ਕਹੀਆਂ ਜਾ ਸਕਦੀਆ ਨੇ, ਗੱਲ ਇੱਕੋ ਹੀ ਹੈ, ਸਮਝਣੀ ਚਾਹੀਦੀ ਹੈ। ਕਹਿੰਦੇ ਹੋਰ ਕੋਈ ਤਰੀਕਾ ਨਹੀਂ ਹੈ, ਚਾਹੇ ਕਿੰਨੀਆਂ ਹੀ ਜੁਗਤਾਂ ਕਰ ਲਓ। ਜਦੋਂ ਤੱਕ ਵਿਵੇਕ ਬੁੱਧੀ ਦਾ ਅੰਦਰ ਪ੍ਰਗਾਸ ਨਹੀਂ ਹੁੰਦਾ। ਆਤਮ ਵਿਸ਼ੈਣੀ ਬੁੱਧੀ ਦਾ ਪ੍ਰਕਾਸ਼ ਨਹੀਂ ਹੁੰਦਾ। ਓਨੀਂ ਦੇਰ ਤੱਕ ਮਾਇਆ ਦੀ ਜਿਹੜੀ ਤੰਦ ਹੈ ਉਹ ਟੁੱਟਿਆ ਨਹੀਂ ਕਰਦੀ। ਹਨ੍ਹੇਰਾ ਦੂਰ ਨਹੀਂ ਹੋਇਆ ਕਰਦਾ। ਪੜ੍ਹਨ ਦੇ ਨਾਲ, ਕਹਿੰਦੇ ਪੜ੍ਹੀ ਜਾਓ, ਮਹਾਰਾਜ ਕਹਿੰਦੇ ਚਾਹੇ ਕਰੋੜਾਂ ਸਾਲ ਪੜ੍ਹੀ ਜਾਹ।

***ਪੜਿ ਪੜਿ ਗਡੀ ਲਦੀਅਹਿ***
***ਪੜਿ ਪੜਿ ਭਰੀਅਹਿ ਸਾਥ ॥***
***ਪੜਿ ਪੜਿ ਬੇੜੀ ਪਾਈਐ***
***ਪੜਿ ਪੜਿ ਗਡੀਅਹਿ ਖਾਤ ॥***
***ਪੜੀਅਹਿ ਜੇਤੇ ਬਰਸ ਬਰਸ***
***ਪੜੀਅਹਿ ਜੇਤੇ ਮਾਸ ॥***
***ਪੜੀਐ ਜੇਤੀ ਆਰਜਾ***
***ਪੜੀਅਹਿ ਜੇਤੇ ਸਾਸ ॥***
***ਨਾਨਕ ਲੇਖੈ ਇਕ ਗਲ***
***ਹੋਰੁ ਹਉਮੈ ਝਖਣਾ ਝਾਖ ॥ ਅੰਗ - ੪੬੭***

ਚਾਹੇ ਕਿੰਨੀਆ ਹੀ ਕਿਤਾਬਾਂ ਪੜ੍ਹ ਲੈ, ਉਹ ਹਉਮੈ ਦੀ ਮੈਲ ਦੂਰ ਕਰਨ ਨੂੰ ਸਮਰੱਥ ਨਹੀਂ ਹੈਗੀਆਂ। ਸਗੋਂ ਹੋਰ ਹਉਮੈ ਲਗ ਜਾਂਦੀ ਹੈ, ਦੂਣੀ ਲਗ ਜਾਂਦੀ ਹੈ, ਥੋੜ੍ਹੀ ਨਹੀਂ। ਐਸ ਤਰ੍ਹਾਂ ਦੇ ਨਾਲ ਫੁਰਮਾਨ ਹੈ ਪੜ੍ਹੋ ਪਿਆਰ ਨਾਲ -

***ਧਾਰਨਾ - ਤੇਰੀ ਹਉਮੈ ਦੀ ਮੈਲ ਨਾ ਜਾਣੀ,***
***ਪੜ੍ਹ ਪੜ੍ਹ ਭਾਵੇਂ ਲੱਦ ਗੱਡੀਆਂ।***

ਮਹਾਰਾਜ ਕਹਿੰਦੇ, ਪੜ੍ਹਨ ਨਾਲ ਵੀ ਕਦੇ ਮੈਲ ਉਤਰਦੀ ਹੈ, ਸਗੋਂ ਦੁਗਣੀ ਲਗ ਜਾਂਦੀ ਹੈ। ਮੈਂ ਐਨਾ ਪੜ੍ਹਿਆ ਹਾਂ, ਐਨੇ ਗ੍ਰੰਥ ਵਾਚੇ ਨੇ, ਮੈਂ ਐਨੇ ਵਾਰੀ ਵੇਦ ਪੜ੍ਹੇ ਨੇ, ਮੈਂ ਐਨੇ ਵਾਰੀ ਸਾਸ਼ਤਰ ਪੜ੍ਹੇ ਨੇ। ਐਨੇ ਵਾਰੀ ਮੈਂ ਗੁਰੂ ਗ੍ਰੰਥ ਸਾਹਿਬ ਦੀ ਕਥਾ ਸੁਣੀ ਹੈ, ਐਨੀ ਵਾਰੀ ਮੈਂ ਕੀਤੀ ਹੈ। ਪਰ ਹੋਇਆ ਕੀ, ਤੇਰੀ ਮੈਲ ਲਹੀ ਕਿ ਉਵੇਂ ਜਿਵੇਂ ਹੈ? ਨਹੀਂ ਤਾਂ ਪਿਆਰਿਆ! ਥਕੇਵਾਂ ਹੀ ਪੱਲੇ ਪੈਂਦਾ ਹੈ -

***ਪਾਠੁ ਪੜਿਓ ਅਰੁ ਬੇਦੁ ਬੀਚਾਰਿਓ***
***ਨਿਵਲਿ ਭੁਅੰਗਮ ਸਾਧੇ ॥***
***ਪੰਚ ਜਨਾ ਸਿਉ ਸੰਗੁ ਨ ਛੁਟਕਿਓ***
***ਅਧਿਕ ਅਹੰਬੁਧਿ ਬਾਧੇ ॥ ਅੰਗ - ੬੪੧***

ਕਹਿੰਦੇ ਵਿਚਾਰ-ਵਿਚਾਰ ਕੇ ਵੇਦ ਪੜ੍ਹੇ ਨੇ, ਐਵੇਂ ਤੋਤਾ ਪਾਠ ਨਹੀਂ ਕਰਿਆ। ਫੇਰ ਨਾਲ ਨਿਉਲੀ ਕਰਮ ਵੀ ਕਰੇ ਨੇ। ਭਿਅੰਗਮ ਕਰਮ ਵੀ ਕੀਤੇ ਨੇ, ਰੇਚਕ, ਪੂਰਕ ਵੀ ਕੀਤੇ ਨੇ। ਬੇਅੰਤ ਮੈਂ ਸਾਧਨਾਂ ਕਰੀਆਂ ਨੇ। ਕਹਿੰਦੇ, ਪੰਜਾਂ ਨਾਲ ਤਾਂ ਸੰਗ ਨਾ ਛੁਟਕਿਆ, ਕਿਉਂਕਿ ਇਹ ਪੰਜਾਂ ਨੂੰ ਦੂਰ ਕਰਨ ਦੀ ਸਮਰੱਥਾ ਹੀ ਨਹੀਂ ਰਖਦੇ, ਇਹ ਤਾਂ ਸਗੋਂ ਹੋਰ ਤਕੜੇ ਹੋ ਜਾਂਦੇ ਨੇ ਤੇ ਹੋਰ ਅਹੰ ਦੇ ਸੰਗਲ ਵਲੇਟ ਲਏ। ਬੰਧਨ ਪਾ ਲਏ ਕਿ ਮੈਂ ਐਨਾ ਪੜ੍ਹਿਆ ਹਾਂ, ਮੈਂ ਐਨੇ ਗ੍ਰੰਥ ਵੀਚਾਰੇ ਨੇ। ਕਹਿੰਦੇ -

***ਪਿਆਰੇ ਇਨ ਬਿਧਿ ਮਿਲਣੁ ਨ ਜਾਈ***
***ਮੈ ਕੀਏ ਕਰਮ ਅਨੇਕਾ ॥***
***ਹਾਰਿ ਪਰਿਓ ਸੁਆਮੀ ਕੈ ਦੁਆਰੈ***
***ਦੀਜੈ ਬੁਧਿ ਬਿਬੇਕਾ ॥ ਅੰਗ - ੬੪੧***

ਜਦੋਂ ਤੱਕ ਇਹ ਸੁਰਰਇਨਦਰ ਨਹੀਂ ਕਰਦਾ ਆਪਣੇ ਆਪ ਨੂੰ। ਓਨੀਂ ਦੇਰ ਤਕ ਵਿਵੇਕ ਬੁੱਧ ਆਇਆ ਨਹੀਂ ਕਰਦੀ। ਯਤਨ ਚਾਹੇ ਕੋਈ ਕਰ ਲੈ -

***ਮੋਨਿ ਭਇਓ ਕਰਪਾਤੀ ਰਹਿਓ***
***ਨਗਨ ਫਿਰਿਓ ਬਨ ਮਾਹੀ ॥***
***ਤਟ ਤੀਰਥ ਸਭ ਧਰਤੀ ਭ੍ਰਮਿਓ***
***ਦੁਬਿਧਾ ਛੁਟਕੈ ਨਾਹੀ ॥ ਅੰਗ - ੬੪੧***

ਦੁਬਿਧਾ ਦੀ ਗੱਲ ਹੈ ਸਾਰੀ। ਫਿਰੀ ਜਾਹ ਤੀਰਥਾਂ 'ਤੇ। ਗੱਡੀਆਂ ਛੱਡ ਕੇ ਪੈਦਲ ਚੜ੍ਹ ਜਾ ਪਹਾੜਾਂ 'ਤੇ। ਜਾਇਆ ਜਿੱਥੇ ਜਾਣਾ ਹੈ। ਔਖੀਆਂ-ਔਖੀਆਂ ਘਾਟੀਆ 'ਚ ਲੰਘ ਕੇ ਜਾ ਆ, ਮਹਾਰਾਜ ਕਹਿੰਦੇ, ਜਿੰਨਾਂ ਜੀਅ ਕਰਦਾ ਹੈ ਭਰਮੀ ਜਾਹ। ਅੰਦਰਲੀ ਚੀਜ਼ ਨੂੰ ਤੂੰ ਸਮਝਿਆ ਨਹੀਂ ਹੈ। ਓਹਦਾ ਇਲਾਜ ਕੋਈ ਨਹੀਂ ਹੋ ਰਿਹਾ, ਉਹਨੂੰ ਛੱਡ ਕੇ ਸਗੋਂ ਬੀਮਾਰੀ ਨੂੰ ਹੋਰ ਵਧਾ ਰਿਹਾ ਹੈਂ।

ਭਰਥਰੀ ਹਰੀ ਨੇ ਰਾਣੀਆਂ ਛੱਡ ਦਿੱਤੀਆਂ। ਮਾਂ ਕਹਿ ਕੇ ਭਿਖਸ਼ਾ ਲੈ ਆਇਆ। ਮੱਥੇ ਲੱਗਣ ਤੋਂ ਹਟ ਗਿਆ ਕਿ ਮੈਂ ਕਿਸੇ ਦੇ ਮੱਥੇ ਹੀ ਨਹੀਂ ਲੱਗਣਾ। ਗਾੜ੍ਹੇ ਜੰਗਲ 'ਚ ਜਾ ਕੇ ਰਹਿਣ ਲੱਗ ਗਿਆ, ਵਸਤਰ ਵੀ ਛੱਡ ਦਿੱਤੇ, ਬਿਲਕੁਲ ਤਿਆਗੀ ਹੋ ਗਿਆ ਕਿ ਵਸਤਰ ਵੀ ਨਹੀਂ ਪਹਿਨਣੇ ਮੈਂ। ਜਿਵੇਂ ਜੰਗਲੀ ਜਾਨਵਰ ਤੁਰੇ ਫਿਰਦੇ ਨੇ, ਓਸ ਤਰ੍ਹਾਂ ਫਿਰ ਰਿਹਾ ਹੈ। ਇਸ ਵਿੱਚ ਤਾਂ ਕੋਈ ਵਿਸ਼ੇਸ਼ਤਾ ਨਹੀਂ, ਜਾਨਵਰ ਤਾਂ ਪਹਿਲਾਂ ਹੀ ਸਭ ਕੁਛ ਛੱਡੀ ਤੁਰੇ ਫਿਰਦੇ ਨੇ, ਜੇ ਤੂੰ ਓਨਾਂ 'ਚ ਰਲ ਗਿਆ, ਕੀ ਬਣ ਗਿਆ ਤੇਰਾ। ਫੇਰ ਤਾਂ ਉਨ੍ਹਾਂ ਦੀ ਵੀ ਅਵਸਥਾ ਬਹੁਤ ਉੱਚੀ ਹੋ ਜਾਵੇ, ਜੇ ਤੇਰੇ ਕੱਪੜੇ ਲੀੜੇ ਛੱਡਣ ਦੇ ਨਾਲ, ਕੋਈ ਤੇਰੀ ਤਰੱਕੀ ਹੋ ਜਾਵੇ। ਇੱਕ ਦਿਨ ਪਿਆ ਹੈ, ਉਠ ਕੇ ਬੈਠਾ, ਚੰਦ ਚਾਂਦਨੀ ਰਾਤ ਹੈ। ਬਹੁਤ ਸਾਫ ਚੰਦਰਮਾ ਚਮਕ ਰਿਹਾ ਹੈ, ਅਚਾਨਕ ਨਿਗ੍ਹਾ ਚਲੀ ਗਈ ਘਾਹ 'ਤੇ, ਦੇਖਦਾ ਹੈ ਕਿ ਐਡਾ ਵੱਡਾ ਲਾਲ, ਮੈਂ ਤਾਂ ਜ਼ਿੰਦਗੀ 'ਚ ਦੇਖਿਆ ਨਹੀਂ ਕਦੇ। ਇੱਕ ਦਮ ਹੱਥ ਵਧਿਆ ਇਹਦਾ, ਹੱਥ 'ਚ ਕੀ ਆ ਗਿਆ, ਕਿਸੇ ਨੇ ਪਾਨ ਖਾ ਕੇ ਥੁਕਿਆ ਹੋਇਆ ਸੀ। ਬੜਾ ਰੋਇਆ, ਬੜਾ ਰੋਇਆ ਕਿ ਮੈਂ ਸਭ ਕੁਛ ਛੱਡ ਦਿੱਤਾ। ਰਾਣੀਆਂ ਨੂੰ ਮਾਂ ਕਹਿ ਕੇ ਭਿਖਿਆ ਦੇ ਆਇਆ। ਕਿਸੇ ਦੇ ਮੈਂ ਮੂੰਹ ਮੱਥੇ ਨਹੀਂ ਲਗਦਾ। ਵਸਤਰ ਮੈਂ ਨਹੀਂ ਪਹਿਨਦਾ, ਕਿਤੇ ਰੋਟੀ ਮੰਗਣ ਮੈਂ ਨਹੀਂ ਜਾਂਦਾ, ਜੰਗਲ 'ਚੋਂ ਚੁਗ ਲੈਂਦਾ ਹਾਂ ਤੇ ਆਪਣੇ ਪੇਟ ਦੀ ਅੱਗ ਬੁਝਾ ਲੈਂਦਾ ਹਾਂ, ਮੈਨੂੰ ਲੋੜ ਹੀ ਨਹੀਂ ਹੈ ਕਿਸੇ ਚੀਜ਼ ਦੀ। ਆਹ ਮੇਰੇ ਮਨ ਵਿੱਚ ਕਿਉਂ ਖਿਆਲ ਆਇਆ ਕਿ ਇਹ ਕਰੋੜਾਂ ਰੁਪਿਆਂ ਦਾ ਲਾਲ ਹੈ। ਮੈਂ ਕਰਨਾ ਕੀ ਸੀ, ਜਦ ਸਭ ਕੁਛ ਛੱਡ ਆਇਆ। ਕਿਉਂਕਿ ਜਿਹੜੀ ਚੀਜ਼ ਅਸਲੀ ਹੈ -

***ਮਮਾ ਮਨ ਸਿਉ ਕਾਜੁ ਹੈ***
***ਮਨ ਸਾਧੇ ਸਿਧਿ ਹੋਇ ॥***
***ਮਨ ਹੀ ਮਨ ਸਿਉ ਕਹੈ ਕਬੀਰਾ***
***ਮਨ ਸਾ ਮਿਲਿਆ ਨ ਕੋਇ ॥ ਅੰਗ - ੩੪੨***

ਉਸ ਵੇਲੇ ਇਹਨੇ ਸਾਨੂੰ ਮੱਤ ਦੇਣ ਵਾਸਤੇ ਆਪ ਬੀਤੀ ਦੇ ਵਿੱਚ ਉਹਨੇ ਇੱਕ ਸੋਰਠਾ ਲਿਖਿਆ ਹੈ। ਸਲੋਕ ਲਿਖਿਆ ਕਿ -

***ਮਨ ਰਿਪੁ ਜੀਤੇ ਸਭ ਰਿਪੁ ਜੀਤੇ।***

ਜਿੰਨਾਂ ਚਿਰ ਮਨ ਦੁਸ਼ਮਣ ਜੀਉਂਦਾ ਹੈ, ਓਨਾਂ ਚਿਰ ਸਾਰੇ ਹੀ ਦੁਸ਼ਮਣ ਜੀਉਂਦੇ ਨੇ। ਲਾਲਚ ਆ ਗਿਆ, ਲੋਭ ਉਠ ਆਇਆ ਨਾ, ਜੀਉਂਦਾ ਹੋ ਗਿਆ, ਇਹਨੇ ਦੱਬਿਆ ਹੋਇਆ ਸੀ ਕਿ ਮੈਂ ਤਾਂ ਕੱਪੜਾ ਵੀ ਨਹੀਂ ਪਹਿਨਣਾ। ਮੈਂ ਬਰਤਨ ਵੀ ਕੋਈ ਨਹੀਂ ਰੱਖਣਾ, ਹੱਥਾਂ 'ਤੇ ਹੀ ਖਾ ਲੈਣਾ ਹੈ, ਹੱਥਾਂ 'ਤੇ ਹੀ ਪਾਣੀ ਪੀ ਲੈਣਾ, ਉਂਜਲ ਨਾਲ। ਲੋਭ ਫੇਰ ਕਿੱਥੋਂ ਪੈਦਾ ਹੋ ਗਿਆ। ਕਹਿੰਦੇ, ਦੁਸ਼ਮਣ ਜੀਉਂਦੇ ਸੀਗੇ, ਕਿਉਂਕਿ ਇਨ੍ਹਾਂ ਦਾ ਸਰਦਾਰ ਜੀਉਂਦਾ ਸੀ ਮਨ। ਜਦੋਂ ਮਨ ਦੁਸ਼ਮਣ ਨੂੰ ਜਿੱਤ ਲਿਆ ਤਾਂ ਸਾਰੇ ਦੁਸ਼ਮਣ ਜਿੱਤ ਲਏ। ਕਹਿੰਦੇ, ਬਣਿਆ ਨਾ ਕੁਛ ਵੀ। ਦੁਬਿਧਾ ਤਾਂ ਛੁਟੀ ਹੀ ਨਾ, ਗਿਆਨ ਤਾਂ ਆਇਆ ਹੀ ਨਾ।

***ਮਨ ਕਾਮਨਾ ਤੀਰਥ ਜਾਇ ਬਸਿਓ***
***ਸਿਰਿ ਕਰਵਤ ਧਰਾਏ ॥***
***ਮਨ ਕੀ ਮੈਲੁ ਨ ਉਤਰੈ ਇਹ ਬਿਧਿ***
***ਜੇ ਲਖ ਜਤਨ ਕਰਾਏ ॥ ਅੰਗ - ੬੪੨***

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਮਾਲਵੇ ਵਿਚ, ਜਿਸ ਪਿੰਡ ਦਾ ਨਾਉਂ ਅੱਜਕੱਲ੍ਹ ਜੋਗੀਪੁਰ ਹੈ, ਉਥੇ ਇੱਕ ਸਰੋਵਰ ਦੇ ਉਰਲੇ ਪਾਸੇ ਬੈਠੇ ਨੇ। ਅਵਾਜ਼ ਸਿੰਘਾਂ ਦੀ, ਘੋੜਿਆਂ ਦੀ, ਚਹਿਲ ਪਹਿਲ ਦੀ, ਦਰਸ਼ਨ ਕਰਨ ਵਾਲੀਆਂ ਸੰਗਤਾਂ ਦੀ ਹੋਈ, ਉਥੇ ਪਰਲੇ ਪਾਸੇ ਮੱਠ ਦੇ ਵਿੱਚ ਇੱਕ ਯੋਗੀ ਰਹਿੰਦਾ ਸੀ, ਉਹਨੇ ਕਿਹਾ ਕਿ ਕੌਣ ਹੈ? ਦੱਸਿਆ ਗਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ। ਇੱਥੇ ਮੁਗਲਾਂ ਦਾ ਰਾਜ ਹੈ, ਧੱਕੇ ਨਾਲ ਧਰਮ ਬਦਲਾਉਂਦੇ ਨੇ, ਮਾਰ ਦਿੰਦੇ ਨੇ, ਲੱਖਾਂ ਬੰਦਿਆਂ ਦਾ ਖੂਨ ਕਰ ਦਿੱਤਾ, ਮੰਦਰ ਢਾਹ ਦਿੱਤੇ; ਇਹ ਰਾਖੀ ਕਰ ਰਹੇ ਨੇ। ਬੜਾ ਖੁਸ਼ ਹੋਇਆ ਕਹਿੰਦੇ ਫੇਰ ਤਾਂ ਮੈਨੂੰ ਲੈ ਚੱਲੋ। ਮੈਂ ਵੀ ਦਰਸ਼ਨ ਕਰ ਲਵਾਂ। ਕਹਿਣ ਲੱਗਿਆ, ਉਮਰ ਕਿੰਨੀ ਕੁ ਹੈ? ਕਹਿੰਦੇ, ਉਮਰ ਤਾਂ ੪● ਸਾਲ ਤੋਂ ਘੱਟ ਹੈ। ਕਹਿੰਦਾ, ਫੇਰ ਤਾਂ ਬਾਲਕ ਹੈ ਨਿੱਕਾ ਜਿਹਾ, ਕੀ ਕਰਨਾ ਹੈ ਜਾ ਕੇ। ਇਧਰ ਆ ਗਏ ਤਾਂ ਸਿੰਘਾਂ ਨੇ ਕਿਹਾ ਮਹਾਰਾਜ! ਜੋਗੀ ਇਸ ਤਰ੍ਹਾਂ ਕਹਿੰਦਾ ਹੈ। ਮਹਾਰਾਜ ਕਹਿੰਦੇ, ਉਹ ਤਾਂ ਕੰਜੂਸ, ਪੁਰਾਣੇ ਖੱਲੜ ਚੁੱਕੀਂ ਫਿਰਦਾ ਹੈ। ਜਿਵੇਂ ਪੁਰਾਣਾ ਕੁੜਤਾ ਨਹੀਂ ਲਾਹੁੰਦਾ ਕੰਜੂਸ, ਜਿਹੜਾ ਖੁਲ੍ਹੇ ਦਿਲ ਵਾਲਾ ਹੁੰਦਾ ਹੈ ਉਹ ਬਣਿਆ ਬਣਾਇਆ ਫੜਾ ਦਿੰਦਾ ਹੈ ਦੂਸਰਿਆਂ ਨੂੰ ਕਿ ਲੈ ਤੂੰ ਪਾ ਲੈ। ਕਹਿੰਦੇ, ਪੁਰਾਣਾ ਖੱਲੜਾ ਚੁੱਕੀਂ ਫਿਰਦਾ ਹੈ, ਪੰਜ ਹਜ਼ਾਰ ਇੱਕ ਸੌ ਤੇਰ੍ਹਾਂ ਸਾਲ ਦਾ ਹੈ। ਜੋਗੀ ਨੂੰ ਜਦੋਂ ਜਾ ਕੇ ਦੱਸਿਆ ਕਿ ਮਹਾਰਾਜ! ਉਹ ਤਾਂ ਐਉਂ ਕਹਿੰਦੇ ਨੇ। ਕਹਿੰਦਾ ਫੇਰ ਤਾਂ ਉਹ ਪੂਰਨ ਪੁਰਖ ਨੇ, ਮੇਰੀ ਪਾਲਕੀ ਚੁੱਕੋ। ਮਹਾਰਾਜ ਜੀ ਦੇ ਸਾਮ੍ਹਣੇ ਆ ਗਿਆ, ਦਰਸ਼ਨ ਕਰੇ, ਨਮਸ਼ਕਾਰ ਕਰੀ, ਮਹਾਰਾਜ ਕਹਿੰਦੇ ਯੋਗੀ ਰਾਜ! ਸਰੀਰ ਦੀ ਕਿੰਨੀ ਕੁ ਉਮਰ ਹੈ, ਪੁਰਾਣਾ ਖੱਲੜ ਚੁੱਕੀਂ ਫਿਰਦੇ ਓਂ, ਨਵਾਂ ਲੈ ਲੈਂਦੇ, ਅਮੀਰ ਆਦਮੀ ਤਾਂ ਨਵਾਂ ਰੋਜ਼ ਬਦਲ ਦਿੰਦੇ ਨੇ।

ਕਹਿੰਦਾ, ਮਹਾਰਾਜ! ਪੰਜ ਹਜ਼ਾਰ ਇੱਕ ਸੌ ਤੇਰ੍ਹਾਂ ਸਾਲ ਦਾ ਹਾਂ।

ਕਹਿੰਦੇ, ਕੁਛ ਬਣਿਆ?

ਕਹਿੰਦਾ, ਕੁਛ ਨਹੀਂ ਬਣਿਆ।

ਕਿਹੋ ਜਿਹੀ ਦੁਨੀਆਂ ਸੀ? ਕਹਿੰਦਾ ਮਹਾਰਾਜ! ਜਦੋਂ ਮੈਂ ਹਰ ਵਾਰੀ ਸਮਾਧੀ ਤੋਂ ਉਥਾਨ ਹੁੰਦਾ ਹਾਂ, ਉਸ ਵੇਲੇ ਦੁਨੀਆਂ ਬਦਲੀ ਹੁੰਦੀ ਹੈ, ਜਿੱਥੇ ਮੈਂ ਬੈਠਾ ਹਾਂ, ਇੱਥੇ ਕਈ ਵਾਰੀ ਐਨਾ ਵੀ ਹੋਇਆ ਹੈ ਕਿ ਇੱਥੇ ਸ਼ਹਿਰ ਸੀਗਾ, ਕਈ ਵਾਰੀ ਮੇਰੀ ਸਮਾਧੀ ਖੁਲ੍ਹੀ ਹੈ ਇੱਥੇ ਬਿਲਕੁਲ ਜੰਗਲ, ਇੱਥੇ ਕੋਈ ਬੰਦਾ ਵੀ ਨਹੀਂ ਸੀ ਨੇੜੇ ਤੇੜੇ ਤੇ ਹੁਣ ਆਹ ਖੜਕਾ ਦੜਕਾ ਹੈ। ਗੱਲ ਚਲਦੀ ਰਹਿੰਦੀ ਹੈ, ਕਿ ਇਹਦੇ 'ਚ ਇੱਕ ਜੋਗੀ ਬੈਠਾ ਹੈ, ਸਮਾਧੀ ਖੋਲੇਗਾ, ਪੰਜ ਸੌ ਸਾਲ ਨੂੰ। ਚਰਨਾਂ 'ਤੇ ਢਹਿ ਪਿਆ ਕਿ ਹੇ ਪ੍ਰਭੂ! ਮੇਰੀ ਜੋ ਅੰਤਮ ਇੱਛਿਆ ਹੈ ਉਹ ਪੂਰੀ ਕਰੋ। ਮੈਨੂੰ ਪ੍ਰਭੂ ਮਿਲਾ ਦਿਓ। ਮਹਾਰਾਜ ਨੇ ਕ੍ਰਿਪਾ ਕਰਕੇ ਗਿਆਨ ਦੀ ਦਾਤ ਦਿੱਤੀ, ਸੋ ਕਹਿੰਦੇ ਇਸ ਤਰ੍ਹਾਂ ਦੇ ਨਾਲ -

***ਮਨ ਕੀ ਮੈਲੁ ਨ ਉਤਰੈ ਇਹ ਬਿਧਿ***
***ਜੇ ਲਖ ਜਤਨ ਕਰਾਏ ॥ ਅੰਗ - ੬੪੨***

ਵਧਾ ਲੈ ਜਿੰਨੀ ਉਮਰ ਵਧਾਉਣੀ ਹੈ। ਕਿੰਨਾ ਹੀ ਪ੍ਰਾਣਾਯਾਮ ਕਰ ਲੈ।

***ਕਨਿਕ ਕਾਮਿਨੀ ਹੈਵਰ ਗੈਵਰ***
***ਬਹੁ ਬਿਧਿ ਦਾਨੁ ਦਾਤਾਰਾ ॥***
***ਅੰਨ ਬਸਤ੍ਰ ਭੂਮਿ ਬਹੁ ਅਰਪੇ***
***ਨਹ ਮਿਲੀਐ ਹਰਿ ਦੁਆਰਾ ॥***
***ਅੰਗ - ੬੪੨***

ਕਿੰਨੇ ਹੀ ਕਰ ਲਓ ਦਾਨ, ਦਾਨ ਨਾਲ ਵਾਹਿਗੁਰੂ ਨਹੀਂ ਮਿਲਿਆ ਕਰਦਾ। ਵਾਹਿਗੁਰੂ ਦੇ ਮਿਲਣ ਦਾ ਤਾਂ ਰਸਤਾ ਹੀ ਹੋਰ ਹੈ।

***ਪੂਜਾ ਅਰਚਾ ਬੰਦਨ ਡੰਡਉਤ***
***ਖਟੁ ਕਰਮਾ ਰਤੁ ਰਹਤਾ ॥ ਅੰਗ- ੬੪੨***

ਛੇ ਕਰਮ ਵੀ ਮੈਂ ਕਰਦਾ ਰਿਹਾ। ਪੜ੍ਹਨਾ, ਪੜ੍ਹਾਉਣਾ, ਦਾਨ ਦੇਣਾ, ਦਾਨ ਲੈਣਾ। ਯੱਗ ਕਰਨਾ, ਯੱਗ ਕਰਾਉਣਾ। ਇਹ ਵੀ ਮੈਂ ਕਰਦਾ ਰਿਹਾ। ਲੇਕਿਨ ਫੇਰ ਵੀ ਕੁਛ ਨਹੀਂ ਬਣਿਆ।

***ਪੂਜਾ ਅਰਚਾ ਬੰਦਨ ਡੰਡਉਤ***
***ਖਟੁ ਕਰਮਾ ਰਤੁ ਰਹਤਾ ॥***
***ਹਉ ਹਉ ਕਰਤ ਬੰਧਨ ਮਹਿ ਪਰਿਆ***
***ਨਹ ਮਿਲੀਐ ਇਹ ਜੁਗਤਾ ॥***
***ਜੋਗ ਸਿਧ ਆਸਣ ਚਉਰਾਸੀਹ***
***ਏ ਭੀ ਕਰਿ ਕਰਿ ਰਹਿਆ ॥***
***ਵਡੀ ਆਰਜਾ ਫਿਰਿ ਫਿਰਿ ਜਨਮੈ***
***ਹਰਿ ਸਿਉ ਸੰਗੁ ਨ ਗਹਿਆ ॥ਅੰਗ - ੬੪੨***

ਚੌਰਾਸੀ ਆਸਣ ਵੀ ਲਾਏ, ਪ੍ਰਾਣਾਯਾਮ ਕਰੇ, ਸਮਾਧੀਆਂ ਵੀ ਲਾਈਆਂ, ਪਹਾੜਾਂ ਦੀ ਗੁਫਾਵਾਂ ਵਿੱਚ ਵੀ ਮੈਂ ਪੱਥਰ ਚਿਣ ਕੇ ਬੈਠ ਗਿਆ ਕਿ ਕੋਈ ਅੰਦਰ ਨਾ ਆਵੇ। ਲੇਕਿਨ ਉਮਰ ਤਾਂ ਵਧ ਗਈ, ਪਰ ਫੇਰ ਬਣਿਆ ਕੁਛ ਨਾ। ਲੇਕਿਨ ਪ੍ਰਮੇਸ਼ਰ ਨਾ ਮਿਲਿਆ। ਵੱਡੀਆਂ ਉਮਰਾਂ ਬਣਾ ਲਈਆਂ ਹਜ਼ਾਰਾਂ ਸਾਲ ਦੀਆਂ।

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜਿਸ ਵਕਤ ਸਰੋਵਰ ਦੀ ਸੇਵਾ ਕਰ ਰਹੇ ਨੇ, ਤਾਂ ਉਸ ਵੇਲੇ ਇੱਕ ਸਰੋਵਰ ਜਿਸਦਾ ਨਾਉਂ ਸੰਤੋਖਸਰ ਹੈ, ਉਹਨੂੰ ਖੁਣ ਰਹੇ ਸੀ।ਤਾਂ ਆ ਕੇ ਬਾਬਾ ਬੁੱਢਾ ਜੀ ਨੇ ਕਿਹਾ ਮਹਾਰਾਜ! ਇੱਕ ਗੋਲਾਕਾਰ ਸ਼ਕਲ ਦਾ ਕੋਈ ਮੱਠ ਹੈ, ਓਹਦੀ ਜਿਹੜੀ ਉਪਰਲੀ ਛੱਤ ਸੀ ਉਹ ਤਾਂ ਨੰਗੀ ਹੋ ਗਈ। ਕੀ ਹੁਕਮ ਹੈ? ਮਹਾਰਾਜ ਕਹਿੰਦੇ ਬਾਬਾ ਜੀ! ਇਹਦੇ ਅੰਦਰ ਇੱਕ ਜੋਗੀ ਬੈਠਾ ਹੈ। ਤ੍ਰੇਤੇ ਜੁਗ ਦੇ ਵਿੱਚ ਇਹਨੇ ਸਮਾਧੀ ਲਾਈ ਸੀ, ਦੇਖੋ, ਧਰਤੀ ਦੇ ਉੱਤੇ ਲਾਈ ਸੀ, ਓਸ ਸਮੇਂ ਤੋਂ ਕਿੰਨੀ ਉੱਚੀ ਮਿੱਟੀ ਹੋ ਗਈ, ਕਿੰਨਾ ਡੂੰਘਾ ਆਪਾਂ ਪੁੱਟਿਆ ਹੈ, ਤਾਂ ਛੱਤ ਆਈ ਹੈ ਇਹਦੀ। ਇਹਦੇ ਚਾਰੋਂ ਪਾਸਿਓ ਖੁਣ ਲਓ, ਹੌਲੀ-ਹੌਲੀ। ਉਹਨੂੰ ਨੁਕਸਾਨ ਕੋਈ ਨਾ ਪਹੁੰਚੇ ਤੇ ਦਰਵਾਜ਼ਾ ਕੱਢ ਲਓ, ਚਾਰੋਂ ਪਾਸਿਓਂ ਖਾਲੀ ਕਰ ਲਓ। ਹੁਕਮ ਦੀ ਤਾਮੀਲ ਹੋਈ, ਥੋੜ੍ਹੀ ਦੇਰ ਤੋਂ ਬਾਅਦ ਚਾਰੋਂ ਪਾਸਿਓਂ ਖਾਲੀ ਕਰ ਲਿਆ। ਕਹਿਣ ਲੱਗੇ, ਕਿਵੇਂ ਹੈ? ਕਹਿਣ ਲੱਗੇ, ਮਹਾਰਾਜ! ਇੱਕ ਪਾਸਿਓਂ ਐਉਂ ਲਗਦਾ

ਹੈ ਜਿਵੇਂ ਦਰਵਾਜ਼ਾ ਹੁੰਦਾ ਹੈ, ਆਪ ਕ੍ਰਿਪਾ ਕਰਕੇ ਚੱਲੋ। ਮਹਾਰਾਜ ਜੀ ਗਏ, ਕਹਿਣ ਲੱਗੇ ਐਸ ਪਾਸੇ ਪੱਥਰ ਚਿਣੇ ਹੋਏ ਨੇ ਇਹਨੇ। ਪੱਥਰ ਕੱਢ ਲਓ। ਪੱਥਰ ਖੋਲ੍ਹ ਲਏ 'ਤੇ ਅੰਦਰ ਸਮਾਧੀ ਲੱਗੀ ਹੋਈ ਹੈ, ਇੱਕ ਜੋਗੀ ਬੈਠਾ ਹੈ। ਕਹਿੰਦੇ, ਐਉਂ ਕਰੋ, ਮੱਖਣ ਲਿਆਓ, ਕਸਤੂਰੀ ਲਿਆਓ। ਹੋਰ ਦਵਾਈਆਂ ਲਿਆਦੀਆਂ, ਹੁਕਮ ਕਰ ਦਿੱਤਾ ਕਿ ਤੂੰ ਭਾਈ, ਦਸਵੇਂ ਦੁਆਰ ਤੋਂ ਮਾਲਸ਼ ਕਰ ਹੌਲੀ-ਹੌਲੀ, ਜ਼ੋਰ ਨਾ ਲਾਈਂ। ਦੂਜਿਆਂ ਨੂੰ ਕਿਹਾ ਕਿ ਤੁਸੀਂ ਇਹਦੀਆਂ, ਪੈਰਾਂ ਦੀਆਂ ਪੇਤਲੀਆਂ 'ਤੇ ਮਾਲਸ਼ ਸ਼ੁਰੂ ਕਰੋ, ਮਹਾਰਾਜ ਜੀ ਦੱਸੀ ਗਏ, ਉਸੇ ਤਰ੍ਹਾਂ ਦੇ ਨਾਲ ਸਿੱਖ ਕਰਦੇ ਰਹੇ। ਕਰਦੇ-ਕਰਦੇ ਸਰੀਰ ਵਿੱਚ ਗਰਮੀ ਆਈ, ਗਰਮ ਹੋ ਗਿਆ ਸਰੀਰ ਤੇ ਖੂਨ ਚੱਲਣਾ ਸ਼ੁਰੂ ਹੋ ਗਿਆ। ਉਹਦੇ ਬਾਅਦ ਇਹਨੇ ਨੇਤਰ ਖੋਲ੍ਹੇ, ਮਹਾਰਾਜ ਜੀ ਨੇ ਕਿਹਾ ਕਿ ਇਹਨੂੰ ਰੂੰ 'ਚ ਵਲੇਟ ਲਓ। ਹਵਾ ਨਾ ਲਗ ਜਾਏ ਕਿਉਂਕਿ ਲੱਖਾਂ ਸਾਲ ਹੋ ਗਏ, ਇਹਦੇ ਸਰੀਰ ਨੂੰ ਹਵਾ ਨਹੀਂ ਲੱਗੀ। ਵਲੇਟ ਲਿਆ ਰੂੰ ਵਿੱਚ। ਹੋਸ਼ ਵਿੱਚ ਆ ਗਿਆ, ਕਹਿਣ ਲੱਗਿਆ, ਕਿਹੜਾ ਜੁਗ ਚੱਲ ਰਿਹਾ ਹੈ। ਕੌਣ ਇਸ ਵੇਲੇ ਉਧਾਰ ਰਿਹਾ ਹੈ, ਕੀਹਦਾ ਪਹਿਰਾ ਹੈ? ਉਸ ਵੇਲੇ ਬਾਬਾ ਬੁੱਢਾ ਜੀ ਨੇ ਬੜੀ ਨਿਮਰਤਾ ਦੇ ਨਾਲ ਹੱਥ ਜੋੜ ਕੇ ਕਿਹਾ ਕਿ, ਹੇ ਜੋਗੀਰਾਜ! ਐਸ ਵੇਲੇ ਕਲਜੁਗ ਚੱਲ ਰਿਹਾ ਹੈ, ਪਰ ਕਲਜੁਗ ਐਨੀ ਤੇਜ਼ੀ ਨਾਲ ਚੱਲ ਰਿਹਾ ਹੈ ਕਿ ਸਮਾਂ ਆਉਣ ਤੋਂ ਪਹਿਲਾਂ ਹੀ ਇਹ ਪੂਰਾ ਜੁਆਨ ਹੁੰਦਾ ਜਾਂਦਾ ਹੈ। ਹੁਣ ਤਾਂ ਕਹਿਣਾ ਹੀ ਕੀ ਹੈ? ਚਾਰ ਸੌ ਸਾਲ ਹੋ ਗਏ ਇਸ ਗੱਲ ਨੂੰ। ਹੁਣ ਤਾਂ ਫੇਰ ਪੂਰਾ ਖੌਰੂ ਪਾਉਂਦਾ ਹੈ ਕਲਜੁਗ। ਕੋਈ ਕਿਸੇ ਦੇ ਆਖੇ ਨਹੀਂ ਲਗਦਾ। ਤੰਗ ਨੇ ਲੋਕ ਕਿ ਅਸੀਂ ਕਰੀਏ ਕੀ, ਬਾਲ-ਬੱਚੇ ਵੀ ਆਖੇ ਨਹੀਂ ਲਗਦੇ, ਲੜਕੀਆਂ ਆਖੇ ਨਹੀਂ ਲਗਦੀਆਂ। ਮਨ ਦੀ ਮੱਤ ਕਰ ਰਹੇ ਨੇ ਸਾਰੇ, ਕੋਈ ਸਤਿਸੰਗ ਨਹੀਂ ਹੈ। ਕੋਈ ਕੁਛ ਨਹੀਂ ਹੈ, ਮਨ ਮਤ ਫੈਲ ਗਈ ਸਾਰੇ, ਧਰਮ ਦੇ ਅਚਾਰੀਆਂ ਗਲਤ ਗੱਲਾਂ ਕਹੀ ਜਾਂਦੇ ਨੇ ਕਿ ਮਾਸ ਖਾ ਲਓ। ਮਾਸ ਨੂੰ ਹਜ਼ਮ ਕਰਨ ਲਈ ਸ਼ਰਾਬਾਂ ਪੀ ਲਓ ਜੀ। ਬੁਰਿਆਈਆਂ ਚੱਲ ਰਹੀਆਂ ਨੇ। ਬੁਰੇ ਕੰਮਾਂ ਨੂੰ ਕੋਈ ਟੋਕਦਾ ਨਹੀਂ ਹੈ। ਕਹਿਣ ਲੱਗੇ ਕਿ ਜੋਗੀਰਾਜ! ਕਲਜੁਗ ਬਹੁਤ ਤੇਜ਼ੀ ਦੇ ਨਾਲ ਚੱਲ ਰਿਹਾ ਹੈ, ਪਰ ਜਿੰਨਾਂ ਤੇਜ਼ ਗਤੀ ਦੇ ਨਾਲ ਚੱਲ ਰਿਹਾ ਹੈ, ਓਨਾਂ ਹੀ ਇਹਨੂੰ ਗੁਰੂ ਨਾਨਕ ਸਾਹਿਬ ਨੇ ਥੰਮ ਪਾਇਆ ਹੈ, ਨੱਥ ਪਾਈ ਹੈ ਤੇ ਇਹਦੇ ਵਿੱਚ ਕਹਿ ਦਿੱਤਾ ਕਿ -

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨਾ ਆਇਓ।***

ਜੇ ਇਕ ਛਿਨ ਵੀ ਕਿਸੇ ਦਾ ਮਨ ਚਲਿਆ ਗਿਆ ਰੱਬ ਵਲ। ਉਹਦੇ ਗਲ ਵਿਚੋਂ ਵੀ ਕਾਲ ਦੀ ਫਾਸੀ ਕੱਟੀ ਜਾਏਗੀ। ਇਲਾਜ ਵੀ ਓਡਾ ਹੀ ਗੁਰੂ ਨਾਨਕ ਪਾਤਸ਼ਾਹ ਨੇ ਲਿਆਂਦਾ।

***ਅਬ ਕਲੂ ਆਇਓ ਰੇ ॥***
***ਇਕੁ ਨਾਮੁ ਬੋਵਹੁ ਬੋਵਹੁ ॥***
***ਅਨ ਰੂਤਿ ਨਾਹੀ ਨਾਹੀ ॥***
***ਮਤੁ ਭਰਮਿ ਭੂਲਹੁ ਭੂਲਹੁ ॥ ਅੰਗ - ੧੧੮੫***

ਕਹਿੰਦੇ, ਰੁੱਤ ਨਾਮ ਦੀ ਆ ਗਈ, ਸਾਧਨ ਨਾਮ ਦਾ ਆ ਗਿਆ ਤੇ ਸਮਰੱਥ ਗੁਰੂ ਦੀ ਮੇਹਰ ਦਾ ਆ ਗਿਆ। ਹੁਣ ਸਿੱਖ ਦੇ ਵਸ ਵਿੱਚ ਨਹੀਂ ਹੈ ਤਰਨਾ, ਜਦੋਂ ਤੱਕ 'ਗੁਰ ਪ੍ਰਸਾਦਿ' ਨਾ ਕਰੇ ਆਪਣਾ। ਕ੍ਰਿਪਾ ਨਾ ਕਰੇ। ਜਿੰਨਾਂ ਚਿਰ ਓਹਦੀ ਨਦਰਿ ਨਾ ਹੋਵੇ, ਓਨੀਂ ਦੇਰ ਤਕ ਸਿੱਖ ਦੀ ਤਾਕਤ ਨਹੀਂ ਕਿ ਲੰਘ ਜਾਵੇ, ਗੁਰੂ ਦੀ ਕ੍ਰਿਪਾ ਦੀ ਸਿੱਖ ਨੂੰ ਹਰ ਵਕਤ ਲੋੜ ਹੈ। ਸੋ ਕਹਿੰਦੇ ਜੋਗੀਰਾਜ! ਐਸਾ ਯੁੱਗ ਆ ਗਿਆ। ਕਹਿਣ ਲੱਗਿਆ ਕਿ ਪਹਿਰਾ ਕੀਹਦਾ ਹੈ ਹੁਣ? ਕਹਿਣ ਲੱਗੇ ਕਿ ਗੁਰੂ ਨਾਨਕ ਨੇ ਗੁਰੂ ਅੰਗਦ ਦਾ ਪਹਿਰਾ, ਗੁਰੂ ਅੰਗਦ ਮਹਾਰਾਜ ਜੀ ਤੋਂ ਫੇਰ ਗੁਰੂ ਅਮਰਦਾਸ ਜੀ ਦਾ ਤੇ ਫੇਰ ਗੁਰੂ ਰਾਮਦਾਸ ਜੀ ਦਾ, ਐਸ ਵੇਲੇ ਗੁਰੂ ਅਰਜਨ ਸੱਚੇ ਪਾਤਸ਼ਾਹ ਸਾਰੇ ਸੰਸਾਰ ਨੂੰ ਥੰਮੀ ਬੈਠੇ ਨੇ। ਕਲਜੁਗ ਦਾ ਬਲ ਨਹੀਂ ਚੱਲ ਰਿਹਾ। ਓਸ ਵੇਲੇ ਬੜਾ ਪ੍ਰਸੰਨ ਹੋਇਆ ਕਹਿਣ ਲੱਗਿਆ ਕਿ ਕਿੱਥੇ ਨੇ ਉਹ। ਮਹਾਰਾਜ ਜੀ ਕੋਲ ਹੀ ਸੀ, ਉਸ ਵੇਲੇ ਬੈਠਾ ਸੀ, ਝੁਕਿਆ। ਹੌਲੀ-ਹੌਲੀ ਬੋਲਦਾ ਹੈ। ਕਈ ਪ੍ਰੇਮੀਆਂ ਨੂੰ ਇਸ ਗੱਲ ਦਾ ਖਿਆਲ ਆ ਜਾਂਦਾ ਹੈ ਕਿ ਐਨੀ ਪੁਰਾਣੀ ਬੋਲੀ ਕਿਵੇਂ ਰਹਿ ਗਈ? ਓਹਦੀ ਬੋਲੀ ਸਮਝ ਕਿਵੇਂ ਲਈ, ਉਹਨੇ ਬਾਬੇ ਬੁੱਢੇ ਦੀ ਬੋਲੀ ਸਮਝ ਕਿਵੇਂ ਲਈ, ਕਿਉਂਕਿ ਅਸੀਂ ਤਰਕ ਦੇ ਜ਼ਮਾਨੇ ਵਿਚੀਂ ਲੰਘ ਰਹੇ ਹਾਂ। ਪਹਿਲੇ ਜ਼ਮਾਨਿਆਂ ਦੇ ਅੰਦਰ ਸਾਧੂਆਂ ਨੂੰ ਬੋਲੀ ਦੀ ਕੋਈ ਤਕਲੀਫ ਨਹੀਂ ਸੀ ਹੁੰਦੀ। ਉਹ ਯੋਗ ਦੇ ਵਿੱਚ ਇਹ ਸ਼ਕਤੀ ਸੀ, ਜਿਹੋ ਜਿਹੀ ਵੀ ਬੋਲੀ ਬੋਲਣੀ ਹੈ ਬੋਲ ਪੈਂਦੇ ਸੀ। ਗੁਰੂ ਨਾਨਕ ਸਾਹਿਬ ਜਿੱਥੇ ਵੀ ਜਾਂਦੇ ਸੀ, ਓਹੀ ਬੋਲੀ ਬੋਲਦੇ ਸੀ। ਉਹ ਕਿਹੜਾ ਉਥੇ ਕਾਇਦਾ ਲੈ ਕੇ ਪੜ੍ਹਦੇ ਸੀ ਕਿ ਮੈਂ ਹੁਣ ਅਰਬੀ ਪੜ੍ਹਾਂ ਤੇ ਫੇਰ ਇਨ੍ਹਾਂ ਨਾਲ ਗੱਲ ਕਰਾਂ। ਜੇ ਮੱਕੇ ਵਿੱਚ ਗੱਲ ਸ਼ੁਰੂ ਹੋ ਗਈ, ਅਰਬੀ ਭਾਸ਼ਾ 'ਚ ਜਵਾਬ ਦੇਣੇ ਸੀ। ਬਗਦਾਦ ਵਿੱਚ ਅਰਬੀ ਬੋਲੀ ਸੀ, ਉਥੇ ਅਰਬੀ ਵਿੱਚ ਬੋਲਦੇ ਰਹੇ। ਇਰਾਨ ਵਿੱਚ ਫਾਰਸੀ ਸੀ ਉਥੇ ਫਾਰਸੀ 'ਚ ਬੋਲਦੇ ਰਹੇ। ਪਰਲੇ ਪਾਸੇ ਟਰਕੀ ਸੀ, ਉਥੇ ਟਰਕੀਸ਼ ਸੀ ਉਥੇ ਉਸ ਤਰ੍ਹਾਂ ਗੱਲ ਕਰੀ। ਜਦੋਂ ਅਫਰੀਕਾ ਵਲ ਚਲੇ ਗਏ, ਸੁਡਾਨ ਵਗੈਰਾ, ਉਸ ਤੋਂ ਵੀ ਅੱਗੇ, ਉਸ ਤੋਂ ਵੀ ਅੱਗੇ ਗਾੜ੍ਹੇ ਜੰਗਲਾਂ 'ਚ, ਜਿੱਥੇ ਰਾਜਾ ਲਾਜਵਰਧ ਵਰਗਾ ਆਉਂਦਾ ਹੈ, ਆਦਮਖੋਰ ਰਾਜੇ ਨੇ। ਉਥੇ ਮਹਾਰਾਜ ਉਨ੍ਹਾਂ ਦੀ ਬੋਲੀ ਬੋਲਦੇ ਨੇ। ਸੋ ਬੋਲੀ ਦੀ ਨਹੀਨ ਮੁਸ਼ਕਲ ਹੋਇਆ ਕਰਦੀ, ਜਿਹੜੇ ਯੋਗੀ ਨੇ ਉਹ ਓਹੀ ਬੋਲੀ ਬੋਲ ਪੈਂਦੇ ਨੇ, ਓਹੀ ਬੋਲੀ ਸਮਝ ਜਾਂਦੇ ਨੇ। ਸੋ ਉਸ ਵੇਲੇ ਗੁਰੂ ਅਰਜਨ ਪਾਤਸ਼ਾਹ ਦੇ ਚਰਨਾਂ 'ਤੇ ਨਮਸ਼ਕਾਰ ਕਰੀ। ਕਹਿਣ ਲੱਗਿਆ, ਮਹਾਰਾਜ! ਮੈਂ ਜਦੋਂ ਇੱਥੇ ਯੁੱਧ ਹੋਇਆ ਲਵ ਕੁਸ਼ ਦਾ, ਸ੍ਰੀ ਰਾਮ ਚੰਦਰ ਜੀ ਮਹਾਰਾਜ ਦਾ। ਉਹ ਅੰਮ੍ਰਿਤ ਦਾ ਜੋ ਕਲਸ਼ ਸੀ ਉਹ ਸਾਮ੍ਹਣੇ ਦੱਬਿਆ ਸੀ, ਨੇੜੇ ਜਿਹੇ। ਮੈਂ ਉਹਦਾ ਫਾਸਲਾ ਛੱਡ ਕੇ ਬੈਠਾ ਸੀ ਤੇ ਮੇਰੇ ਗੁਰੂ ਬੜੇ ਸਮਰੱਥ ਸੀਗੇ। ਤ੍ਰਿਕਾਲਦਰਸ਼ੀ ਸੀ। ਉਨ੍ਹਾਂ ਨੂੰ ਮੈਂ ਬੇਨਤੀ ਕਰੀ ਕਿ ਗੁਰੂ ਜੀ ਮੈਨੂੰ ਗਿਆਨ ਦਿਓ, ਮੈਨੂੰ ਪ੍ਰਮੇਸ਼ਰ ਦੇ ਦਰਸ਼ਨ ਕਰਾਓ। ਉਹ ਕਹਿਣ ਲੱਗੇ ਪਿਆਰਿਆ! ਅਜੇ ਤੇਰਾ ਸਮਾਂ ਨਹੀਂ ਆਇਆ, ਕਿਉਂਕਿ ਅਜੇ ਉਹ ਬਾਤਾਂ ਆਈਆਂ ਨਹੀਂ ਤੇਰੇ ਅੰਦਰ, ਜਿਹੜੀਆਂ ਗਿਆਨ ਵਾਸਤੇ ਜ਼ਰੂਰੀ ਹੁੰਦੀਆਂ ਨੇ। ਕਹਿਣ ਲੱਗਿਆ, ਕਿ ਮਹਾਰਾਜ! ਫੇਰ ਮੇਰਾ ਕਿਵੇਂ ਉਧਾਰ ਹੋਏਗਾ? ਕਹਿੰਦੇ, ਦੋਵੇਂ ਗੱਲਾਂ ਨੇ ਇੱਕ ਤਾਂ ਇਹ ਹੈ ਕਿ ਤੂੰ ਜਨਮ ਲੈਂਦਾ ਜਾ,

ਮਰਦਾ ਜਾ, ਕਲਜੁਗ 'ਚ ਜਾ ਕੇ ਜੰਮੇਂਗਾ, ਓਸ ਵੇਲੇ ਗੁਰੂ ਨਾਨਕ ਦੀ ਗੱਦੀ 'ਤੇ ਬੈਠਣ ਵਾਲੇ ਗੁਰੂ ਅਰਜਨ ਪਾਤਸ਼ਾਹ ਤੇਰਾ ਉਧਾਰ ਕਰਨਗੇ। ਕਹਿਣ ਲੱਗਿਆ ਕਿ ਗੁਰੂ ਅਰਜਨ ਹੀ ਨੇ ਇਹ? ਕਹਿੰਦੇ ਹਾਂ। ਖੁਸ਼ ਹੋ ਗਿਆ। ਕਹਿਣ ਲੱਗਿਆ ਕਿ ਮੇਰੇ ਗੁਰੂ ਸਮਰੱਥ ਸੀ ਤੇ ਮੈਂ ਕਿਹਾ ਮਹਾਰਾਜ! ਮੈਂ ਸਰੀਰ ਨਹੀਂ ਧਾਰਨ ਕਰਨਾ। ਕਹਿੰਦੇ ਤਾਂ ਫੇਰ ਇੱਥੇ ਸਮਾਧੀ ਲਾ ਲੈ। ਦਸਵੇਂ ਦੁਆਰ ਪ੍ਰਾਣ ਚਾੜ੍ਹ ਲੈ, ਉਹ ਇੱਥੇ ਸਰੋਵਰ ਬਣਾਉਣਗੇ, ਓਸ ਵੇਲੇ ਤੈਨੂੰ ਕੱਢ ਲੈਣਗੇ ਤੇ ਓਸ ਵੇਲੇ ਤੈਨੂੰ ਗਿਆਨ ਦੇ ਦੇਣਗੇ। ਸੋ ਸੱਚੇ ਪਾਤਸ਼ਾਹ ਮੇਰੇ ਉਪਰ ਕ੍ਰਿਪਾ ਕਰੋ।

ਉਸ ਵੇਲੇ ਗੁਰੂ ਮਹਾਰਾਜ ਜੀ ਨੇ ਓਸਨੂੰ ਕਿਹਾ ਕਿ ਜੇ ਤਾਂ, ਤੂੰ ਕਲਜੁਗ ਦਾ ਨਜ਼ਾਰਾ ਦੇਖਣਾ ਹੈ, ਤੇਰੇ ਸਰੀਰ ਨੂੰ ਅਸੀਂ ਸੱਤਿਆ ਦੇ ਦਿੰਦੇ ਹਾਂ। ਸ਼ਕਤੀ ਦੇ ਦਿੰਦੇ ਹਾਂ, ਤੁਰਨ ਦੀ, ਫਿਰਨ ਦੀ, ਗੱਲਾਂ ਕਰਨ ਦੀ, ਪ੍ਰਸ਼ਾਦੇ ਛਕਣ ਦੀ, ਕਲਜੁਗ ਦੀ ਸ਼ੈਰ ਕਰਨੀ ਹੈ ਤਾਂ ਕਰ ਲੈ। ਕਹਿੰਦਾ ਨਾ, ਸੱਚੇ ਪਾਤਸ਼ਾਹ! ਕਲਜੁਗ ਦਾ ਤਾਂ ਨਾਉਂ ਸੁਣ ਕੇ ਓਸ ਵੇਲੇ ਦੇਵਤੇ ਵੀ ਡਰਦੇ ਸੀ ਕਿ ਐਸਾ ਭਿਆਨਕ ਯੁੱਗ ਆਉਣਾ ਹੈ। ਮੇਰੇ ਉਪਰ ਤਾਂ ਹੁਣ ਤੁਸੀਂ ਕ੍ਰਿਪਾ ਹੀ ਕਰੋ। ਮਹਾਰਾਜ ਜੀ ਨੇ ਕ੍ਰਿਪਾ ਕਰੀ ਤੇ ਗਿਆਨ ਦੀ ਦਾਤ ਬਖਸ਼ੀ, ਕਪਾਟ ਖੋਲ੍ਹ ਦਿੱਤੇ ਤੇ ਹਰ ਥਾਂ ਦੇ ਉੱਤੇ ਪ੍ਰਮੇਸ਼ਰ ਦਿਖਾ ਦਿੱਤਾ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਇਹਦੇ ਨਾਲ ਵੀ ਰੱਬ ਨਹੀਂ ਮਿਲਦਾ ਪਿਆਰਿਓ! ਜੇ ਉਮਰ ਵਧਾ ਲਓ।

***ਜੋਗ ਸਿਧ ਆਸਣ ਚਉਰਾਸੀਹ***
***ਏ ਭੀ ਕਰਿ ਕਰਿ ਰਹਿਆ ॥***
***ਵਡੀ ਆਰਜਾ ਫਿਰਿ ਫਿਰਿ ਜਨਮੈ***
***ਹਰਿ ਸਿਉ ਸੰਗੁ ਨ ਗਹਿਆ ॥ ੬ ॥***
***ਰਾਜ ਲੀਲਾ ਰਾਜਨ ਕੀ ਰਚਨਾ***
***ਕਰਿਆ ਹੁਕਮੁ ਅਫਾਰਾ ॥***
***ਸੇਜ ਸੋਹਨੀ ਚੰਦਨੁ ਚੋਆ***
***ਨਰਕ ਘੋਰ ਕਾ ਦੁਆਰਾ ॥ ਅੰਗ - ੬੪੨***

ਤੇ ਫੇਰ ਹੁਣ ਕਰਿਆ ਕੀ ਜਾਵੇ? ਇਹ ਤਾਂ ਸਾਰੀਆ ਹੀ reject ਹੋ ਗਈਆਂ ਚੀਜ਼ਾਂ। ਹੁਣ ਸਾਡੇ ਵਾਸਤੇ ਕੀ ਹੱਲ ਹੈ। ਓਸ ਵੇਲੇ ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਸਿਰ ਕਰਮਨ ਕੈ ਕਰਮਾ ਜੀ,***
***ਹਰਿ ਕੀਰਤ ਸਾਧਸੰਗਤ ਹੈ।***

ਸਾਰਿਆਂ ਤੋਂ ਸ਼੍ਰੋਮਣੀ ਕਰਮ, ਖੱਟ ਕਰਮਾਂ ਨੂੰ ਪਹਿਲਾਂ ਸ਼੍ਰੋਮਣੀ ਗਿਣਿਆ ਜਾਂਦਾ ਸੀ। ਖੱਟ ਕਰਮ ਕੀ ਹੁੰਦੇ, ਜਿਸ ਤਰ੍ਹਾਂ ਅਸੀਂ ਅੰਮ੍ਰਿਤ ਵੇਲੇ ਉਠਦੇ ਹਾਂ, ਪੰਜ ਬਾਣੀਆਂ ਪੜ੍ਹਦੇ ਹਾਂ, ਪਹਿਲੇ ਸਮਿਆਂ 'ਚ ਅਨੰਦ ਸਾਹਿਬ ਦੁਪਹਿਰ ਤੋਂ ਬਾਅਦ ਪੜ੍ਹਦੇ ਸੀ। ਫੇਰ ਅਸੀਂ ਰਹਿਰਾਸ ਪੜ੍ਹਦੇ ਹਾਂ, ਰਾਤ ਨੂੰ ਅਸੀਂ ਕੀਰਤਨ ਸੋਹਿਲਾ ਪੜ੍ਹਦੇ ਹਾਂ। ਗੁਰੂ ਘਰ 'ਚ ਜਾਂਦੇ ਹਾਂ, ਨਮਸ਼ਕਾਰ ਕਰਦੇ ਹਾਂ। ਇਹ ਨਿਤ ਕਰਮ ਕਹਾਉਂਦੇ ਨੇ। ਇਸੇ ਤਰ੍ਹਾਂ ਖੱਟ ਕਰਮ ਜਿਹੜੇ ਨੇ ਹੋਮ, ਸੰਧਿਆ, ਜਪ, ਇਸ਼ਨਾਨ, ਪੰਚਮ ਪੂਜਾ, ਛੇਵੀਂ ਜਿਹੜੀ ਹੈ ਅਤਿੱਥ। ਅਤਿੱਥੀ ਦੀ ਸੇਵਾ ਕਰਨੀ।

ਇਹ ਛੇ ਕਰਮ ਹੋਇਆ ਕਰਦੇ ਨੇ, ਕਰਮਾਂ ਨੂੰ ਫਲ ਨਹੀਂ ਲੱਗਿਆ ਕਰਦਾ। ਕਿਉਂਕਿ ਕਰਮ ਜਿਹੜੇ ਨੇ ਜ਼ੀਰੋ ਹੋਇਆ ਕਰਦੇ ਨੇ। ਨਿਗੁਰੇ ਦਾ ਜਿਹੜਾ ਕਰਮ ਹੈ ਉਹ ਜ਼ੀਰੋ ਹੋਇਆ ਕਰਦਾ ਹੈ, ਜਿਵੇਂ ਬੈਂਕ ਦੇ ਵਿੱਚ ਅਸੀਂ ਚੈੱਕ ਲਾਈਏ, ਉਹਦੇ ਵਿੱਚ ਜ਼ੀਰੋ-ਜ਼ੀਰੋ ਪਾ ਕੇ ਦੇ ਦੇਈਏ, ਬੈਂਕ ਵਾਲੇ ਨੂੰ। ਉਹ ਖਜ਼ਾਨਚੀ ਤੁਹਾਡਾ ਚੈੱਕ ਮੋੜ ਦਏਗਾ ਕਿ ਇਹਦੇ ਉੱਤੇ ਕੋਈ ਰਕਮ ਪਾਓ। ਜੇ ਏਕਾ ਪਾ ਦਿੱਤਾ, ਪੰਜ ਸਿਫਰੇ ਲੱਗੇ ਹੋਏ ਨੇ, ਲੱਖ ਹੋ ਗਈ ਰਕਮ। ਇਸੇ ਤਰ੍ਹਾਂ ਦੇ ਨਾਲ ਜੇ ਕਰਮਾਂ ਦੇ ਨਾਲ ਨਾਮ ਲੱਗ ਜਾਵੇ ਤਾਂ ਕਰਮਾਂ ਦਾ ਫਲ ਹੋ ਜਾਇਆ ਕਰਦਾ ਹੈ। ਨਹੀਂ ਤਾਂ ਇਕੱਲੇ ਕਰਮ ਜਿਹੜੇ ਨੇ ਇਹ ਐਨਾ ਫਲ ਨਹੀਂ ਦਿੰਦੇ। ਐਉਂ ਨਹੀਂ ਮਹਾਰਾਜ ਕਹਿੰਦੇ ਕਿ ਕਰਮਾਂ ਤੋਂ ਹਟੋ। ਕਰਮ ਤਾਂ ਕਰਨਾ ਹੀ ਪੈਂਦਾ ਹੈ, ਚਾਹੇ ਗਿਆਨਵਾਨ ਵੀ ਹੋ ਜਾਵੇ, ਤਾਂ ਵੀ ਜਿਹੜਾ ਨਾਮ ਜਪਣਾ ਹੈ ਇਹ ਗਿਆਨ ਨੂੰ ਤਕੜਾ ਰੱਖਦਾ ਹੈ। ਨਹੀਂ ਤਾਂ ਗਿਆਨ ਸਿਥਲ ਪੈ ਜਾਂਦਾ ਹੁੰਦਾ ਹੈ, ਗਿਆਨਵਾਨ ਵੀ ਥੱਲੇ ਤਿਲਕ ਆਇਆ ਕਰਦਾ ਹੈ ਜੇ ਨਾਮ ਦਾ ਬਲ ਨਾਲ ਨਾ ਹੋਵੇ। ਸੋ ਮਹਾਰਾਜ ਕਹਿੰਦੇ ਕਿ ਸਤਿਨਾਮ ਜਿਹੜਾ ਹੈ ਇਹ ਦੋਭਾਸ਼ੀਆ ਹੈ, ਇਹ ਕਰਮਾਂ ਨੂੰ ਵੀ ਫਲ ਦਿੰਦਾ ਹੈ ਤੇ ਗਿਆਨ ਨੂੰ ਵੀ ਫਲ ਦਿੰਦਾ ਹੈ। ਇਸ ਕਰਕੇ ਜ਼ਰੂਰੀ ਹੋਇਆ ਕਰਦਾ ਹੈ ਇਹ। ਨਾਮ ਤੋਂ ਬਗੈਰ ਸਾਰੇ ਸਾਧਨ ਸੁੰਨ ਹੋਇਆ ਕਰਦੇ ਨੇ। 'ਏਕਾ' ਲੱਗੇ ਤਾਂ ਵੱਡੀ ਰਕਮ ਬਣ ਜਾਂਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, ਬੇਟਾ! ਸੁਕਦੇਵ! ਜਿਹੜੇ ਤੂੰ ਕਰਮ ਕੀਤੇ ਨੇ, ਤੀਰਥਾਂ 'ਤੇ ਇਸ਼ਨਾਨ ਕਰਦਾ ਰਿਹਾ ਹੈਂ, ਹੋਰ ਕਰਮ ਕਰਦਾ ਰਿਹਾ ਹੈਂ, ਇਹ ਸ਼ਾਂਤੀ ਨਹੀਂ ਦਿਆ ਕਰਦੇ ਕਦੇ ਵੀ। ਕਿਉਂਕਿ ਸ਼ਾਂਤੀ ਦੇਣ ਵਾਲੀ ਚੀਜ਼ ਹੈ ਨਾਮ। ਨਾਮ ਜਿਹੜਾ ਹੈ ਬਗੈਰ ਗੁਰੂ ਤੋਂ ਨਹੀਂ ਮਿਲਿਆ ਕਰਦਾ -

***ਧਾਰਨਾ - ਬਿਨਾਂ ਗੁਰਾਂ ਤੋਂ ਨਾਮ ਨਹੀਓਂ***
***ਮਿਲਦਾ, ਲੱਖਾਂ ਭਾਵੇਂ ਕਰ ਲੈ ਸਾਧਨਾ।***

ਜਿੰਨੀਆਂ ਜੀਅ ਕਰਦਾ ਹੈ ਸਾਧਨਾ ਕਰ ਲੈ, ਖੱਟ ਕਰਮ ਕਰ ਲੈ, ਨੇਤੀ ਧੋਤੀ ਕਰ ਲੈ। ਹੋਰ ਬੇਅੰਤ ਔਖੇ ਸਾਧਨ ਕਰ ਲੈ ਪਰ ਗੁਰੂ ਤੋਂ ਬਗੈਰ ਕਦੇ ਵੀ ਨਾਮ ਦੇ ਮੰਡਲ 'ਚ ਪ੍ਰਵੇਸ਼ ਨਹੀਂ ਹੁੰਦਾ।

***ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ***
***ਬੀਚਾਰੁ ॥ ਮਨੁ ਦੀਜੈ ਗੁਰ ਆਪਣੇ ਪਾਈਐ***
***ਸਰਬ ਪਿਆਰੁ ॥ ਮੁਕਤਿ ਪਦਾਰਥੁ ਪਾਈਐ***
***ਅਵਗਣ ਮੇਟਣਹਾਰੁ ॥ ਭਾਈ ਰੇ ਗੁਰ ਬਿਨੁ***
***ਗਿਆਨੁ ਨ ਹੋਇ ॥***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥***
***ਅੰਗ - ੫੯***

ਤੇ ਜਦੋਂ ਤੱਕ ਨਾਮ ਨਹੀਂ ਮਿਲਦਾ, ਓਨੀਂ ਦੇਰ ਤੱਕ ਅੰਦਰਲੀ ਮੈਲ ਦੂਰ ਨਹੀਂ ਹੁੰਦੀ, ਸ਼ਾਂਤੀ ਨਹੀਂ ਆਇਆ ਕਰਦੀ ਕਿਉਂਕਿ ਮਨ ਮੈਲਾ ਹੈ।

***ਮਨਿ ਮੈਲੈ ਸਭੁ ਕਿਛੁ ਮੈਲਾ***

***ਤਨਿ ਧੋਤੈ ਮਨੁ ਹਛਾ ਨ ਹੋਇ ॥ਅੰਗ- ੫੫੮***

ਜਦੋਂ ਮਨ ਦੇ ਵਿੱਚ ਸ਼ਾਂਤੀ ਹੈ, ਅੰਤਸ਼ਕਰਣ ਦੇ ਵਿੱਚ ਮੈਲ ਹੈ, ਮਨ 'ਚ ਸ਼ਾਂਤੀ ਨਹੀਂ ਆਇਆ ਕਰਦੀ। ਕਲਪਨਾ ਬਣੀ ਰਹਿੰਦੀ ਹੈ, ਤਰਕ ਬਣੀ ਰਹਿੰਦੀ ਹੈ, ਸ਼ਾਂਤੀ ਨਹੀਂ ਆਉਂਦੀ, ਮਨ ਭਟਕਦਾ ਰਹਿੰਦਾ ਹੈ, ਦੌੜਿਆ ਫਿਰਦਾ ਹੈ। ਉਹਨੂੰ ਲੱਭਦਾ ਕੁਛ ਨਹੀਂ, ਕਦੇ ਇਧਰ ਨੂੰ ਜਾਂਦਾ ਹੈ, ਕਦੇ ਓਧਰ ਨੂੰ ਜਾਂਦਾ ਹੈ। ਜਿਵੇਂ ਕਮਲਾ ਹੋਇਆ ਹੁੰਦਾ ਹੈ ਕੋਈ ਜਾਨਵਰ ਐਉਂ ਨੱਠਿਆ ਫਿਰਦਾ ਹੈ, ਹਲਕੇ ਹੋਏ ਕੁੱਤੇ ਵਾਂਗਣ। ਕਿਉਂਕਿ ਜਿੰਨੀ ਦੇਰ ਤੱਕ ਹਉਮੈ ਦੀ ਮੈਲ ਹੈ, ਆਦਮੀ ਦੇ ਅੰਦਰ ਟਿਕਾਅ ਨਹੀਂ ਹੋਇਆ ਕਰਦਾ ਤੇ ਹਉਮੈ ਦਾ ਇਲਾਜ ਜਿਹੜਾ ਹੈ ਉਹ ਨਾਮ ਦੇ ਵਿੱਚ ਹੈ -

***ਧਾਰਨਾ - ਬਿਨਾਂ ਨਾਮ ਤੋਂ ਹਉਮੈ ਨਹੀਓਂ***
***ਜਾਣੀ, ਹਉਮੈ ਵਾਲਾ ਰੋਗ ਹੈ ਬੁਰਾ।***

ਜਦੋਂ ਤੱਕ ਆਦਮੀ ਦੇ ਅੰਦਰ ਨਾਮ ਦਾ ਪ੍ਰਕਾਸ਼ ਨਹੀਂ ਹੁੰਦਾ, ਹੁੰਦਾ ਕਿੱਥੇ ਹੈ ਜਿੱਥੇ ਨਾਮ ਹੈ।

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥***
***ਅੰਗ - ੨੯੩***

ਨਾਮ ਕੋਈ ਖਿਆਲੀ ਅਵਸਥਾ ਨਹੀਂ ਹੈ, ਜਿੱਥੇ ਜਾ ਕੇ ਮਨ-ਅਮਨ ਹੋ ਜਾਵੇ, ਵਾਸ਼ਨਾ ਖ੍ਰੈ ਹੋ ਜਾਵੇ, ਤੱਤ ਗਿਆਨ ਪ੍ਰਗਟ ਹੋ ਜਾਵੇ ਤੇ ਸਾਰੇ ਪ੍ਰਮੇਸ਼ਰ ਹੀ ਪ੍ਰਮੇਸ਼ਰ ਦਿੱਸ ਜਾਵੇ। ਉਹਨੂੰ ਨਾਮ ਦਾ ਮੰਡਲ ਕਹਿੰਦੇ ਨੇ। ਉਹ ਨਾਮ ਦਾ ਮੰਡਲ ਹੁੰਦਾ ਹੈ। ਬਹੁਤ ਹੀ ਅੱਗੇ ਦੀ ਅਵਸਥਾ ਹੈ ਨਾਮ ਦਾ ਮੰਡਲ। ਜਿੰਨਾਂ ਚਿਰ ਆਦਮੀ ਹਉਮੈ 'ਚ ਹੈ, ਓਨਾਂ ਚਿਰ ਓਥੇ ਜਾ ਨਹੀਂ ਸਕਦਾ। ਹਉਮੈ ਦਾ ਇਲਾਜ ਹੈ ਨਾਮ ਹੋਰ ਕੋਈ ਇਲਾਜ ਨਹੀਂ।

***ਹਉਮੈ ਨਾਵੈ ਨਾਲਿ ਵਿਰੋਧੁ ਹੈ***
***ਦੁਇ ਨ ਵਸਹਿ ਇਕ ਠਾਇ ॥***
***ਅੰਗ - ੫੬੦***

ਵਿਰੋਧੀ ਕਿਵੇਂ ਵਸ ਜਾਣਗੇ ਜਾਂ ਨਾਮ ਹੋਏਗਾ ਜਾਂ ਹਉਮੈ ਹੋਏਗੀ। ਹਉਮੈ ਕੀ ਹੈ ਆਪਣੇ ਆਪ ਨੂੰ ਮੈਂ ਸਮਝਣਾ। ਫੇਰ ਹਾਂ ਨਹੀਂ? ਕਹਿੰਦੇ ਹੈਗੇ ਤਾਂ ਸਹੀ, ਪਰ ਤੁਸੀਂ ਆਹ ਝੂਠੀ ਮੈਂ ਨਹੀਂ ਹੋ, ਇਹ ਤਾਂ ਸਰੀਰ ਹੈ ਤੁਹਾਡਾ। ਤੁਸੀਂ ਮੈਂ ਕਿਵੇਂ ਬਣ ਗਏ। ਤੁਸੀਂ ਆਪ ਹੀ ਕਹਿੰਦੇ ਓਂ ਕਿ ਮੇਰਾ ਸਰੀਰ ਬਹੁਤ ਦੁਖਦਾ ਹੈ, ਮੇਰੇ ਸਰੀਰ 'ਚ ਬੜਾ ਦਰਦ ਹੈ, ਐਉਂ ਕਹਿੰਦਾ ਹੈ ਕੋਈ ਕਿ ਮੇਰੇ ਸਰੀਰ 'ਚ ਬੜਾ ਦਰਦ ਹੈ। ਜੇ ਉਹਨੂੰ ਕੋਈ ਕਹੇ ਕਿ ਮੈਂ ਬੀਮਾਰ ਹਾਂ। ਕੀ ਬੀਮਾਰੀ ਹੈ? ਕਹਿੰਦੇ, ਸਰੀਰ ਦੇ ਵਿੱਚ ਦਰਦ ਹੈ। ਫੇਰ ਵੀ ਉਹਨੂੰ ਕਹਿਣਾ ਪੈਣਾ ਹੈ। ਇਹ ਤਾਂ ਨਹੀਂ ਕਹਿੰਦੇ ਕਿ ਮੈਂ ਵਿੱਚ ਬੜਾ ਦਰਦ ਹੈ। ਮੈਂ ਸਮਝਣਾ ਹੀ ਜਿਹੜਾ ਹੈ ਨਾ, ਝੂਠੀ ਮੈਂ ਨੂੰ ਸਮਝ ਕੇ ਆਪਣੇ ਨਾਲ ਜੋੜ ਲੈਣਾ ਇਹ ਹਉਮੈ ਹੁੰਦੀ ਹੈ। ਗਿਆਨ ਜਿਹੜਾ ਹੈ ਉਹ ਪ੍ਰਕਾਸ਼ ਹੈ, ਅਸਲੀ ਚੀਜ਼, ਮਾਇਆ ਦੇ ਓਹਲੇ, ਤਿੰਨੋ ਗੁਣਾਂ ਰਜੋ ਗੁਣ, ਤਮੋ ਗੁਣ, ਸਤੋ ਗੁਣ ਦੇ ਓਹਲੇ; ਜਿਹੜਾ ਪ੍ਰੀਪੂਰਨ ਪ੍ਰਮੇਸ਼ਰ ਸਾਰੀ ਕ੍ਰਿਆ ਕਰ ਰਿਹਾ ਹੈ ਤੇ ਆਪੇ ਹੀ ਅਨੇਕ ਰੰਗਾਂ ਦੇ ਵਿੱਚ ਹੋ ਕੇ ਆਪਣੀ ਖੇਡ ਖੇਡ ਰਿਹਾ ਹੈ।

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***
***ਜਾਪੁ ਸਾਹਿਬ***

ਉਹ ਜਿਹੜਾ ਇੱਕ ਹੈ ਅਸਲੀ ਹੈ, ਉਹਦਾ ਪ੍ਰਕਾਸ਼ ਹੋ ਜਾਣਾ 'ਨਾਮ' ਹੋਇਆ ਕਰਦਾ ਹੈ। ਉਹਨੂੰ ਭੁੱਲ ਜਾਣਾ, ਉਥੋਂ ਹਉਮੈ ਦੀ ਹੱਦ ਸ਼ੁਰੂ ਹੋ ਜਾਂਦੀ ਹੈ। ਸੋ ਇਸ ਕਰਕੇ ਮਹਾਰਾਜ ਕਹਿੰਦੇ-

***ਹਉਮੈ ਨਾਵੈ ਨਾਲਿ ਵਿਰੋਧੁ ਹੈ***
***ਦੁਇ ਨ ਵਸਹਿ ਇਕ ਠਾਇ ॥ ਅੰਗ- ੫੬੦***
***ਜਬ ਹਮ ਹੋਤੇ ਤਬ ਤੂ ਨਾਹੀ***
***ਅਬ ਤੂਹੀ ਮੈ ਨਾਹੀ ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ***
***ਜਲ ਕੇਵਲ ਜਲ ਮਾਂਹੀ ॥ ਅੰਗ- ੬੫੭***

ਮੈਂ ਤੇ ਤੂੰ ਦਾ ਝਗੜਾ ਹੈ, ਕਹਿੰਦੇ ਨਾਮ ਦਾ ਤੇ ਹਉਮੈ ਦਾ ਵਿਰੋਧ ਹੈ। ਜੇ ਨਾਮ ਹੈ ਤਾਂ ਹਉਮੈ ਨਹੀਂ, ਜਦੋਂ ਹਉਮੈ ਹੈ ਤਾਂ ਫੇਰ ਦੁੱਖ ਵੀ ਹੈਗੇ, ਵਿਛੋੜੇ ਵੀ ਹੈਗੇ, ਸਭ ਕੁਛ ਹੈਗਾ। ਸੰਸਾਰ ਵੀ ਹੈਗਾ, ਬਿਲਕੁਲ ਦਿਸਦਾ ਹੈ, ਸਾਰੇ ਹੀ ਕਹਿੰਦੇ ਨੇ ਕਿ ਜਿਹੜਾ ਕੱਲ੍ਹ ਸੀਗਾ, ਓਹੀ ਅੱਜ ਹੈ, ਲੇਕਿਨ ਪਤਾ ਨਹੀਂ ਕੱਲ੍ਹ ਨਾਲੋਂ ਬਦਲ ਗਿਆ ਇਹ। ਸਾਰੇ ਦਰਖਤ ਵੀ ਬਦਲ ਗਏ, ਸਾਰੀਆਂ ਚੀਜ਼ਾਂ ਵੀ ਬਦਲ ਗਈਆਂ। ਤੇਰੇ ਕੋਲ ਟੈਸਟ ਕਰਨ ਵਾਲੀਆਂ ਚੀਜ਼ਾਂ ਨਹੀਂ, ਜੇ ਹੋਣ ਤਾਂ ਤੈਨੂੰ ਪਤਾ ਲਗ ਜਾਵੇ ਕਿ ਸੜਕ ਕਿੰਨੀ ਘਸ ਗਈ ਕੱਲ੍ਹ। ਦਰਖਤ ਕਿੰਨਾਂ ਫਰਕ ਪਾ ਗਿਆ, ਕੱਲ੍ਹ ਨਾਲੋਂ, ਮੇਰੇ ਸਰੀਰ ਵਿੱਚ ਕਿੰਨਾ ਫਰਕ ਪੈ ਗਿਆ। ਇੱਕ-ਇੱਕ ਛਿਨ ਦੇ ਵਿੱਚ ਤਬਦੀਲੀ ਹੋ ਰਹੀ ਹੈ। ਇਹ ਜਿਹੜੀ ਗਤੀਸ਼ੀਲ ਚੀਜ਼ ਹੈ ਇਹ ਹਉਮੈ ਹੋਇਆ ਕਰਦੀ ਹੈ ਤੇ ਅਚੱਲ ਹੈ ਸਦਾ ਹੀ ਇੱਕ ਰਸ ਹੈ, ਹਉਮੈ ਤੋਂ ਓਹਲੇ ਹੋ ਕੇ ਆਪ ਹੀ ਕੰਮ ਕਰਦਾ ਹੈ ਤੇ ਛੁਪਿਆ ਹੋਇਆ ਹੈ, ਉਹ ਪ੍ਰਮੇਸ਼ਰ ਹੈ। ਜਦੋਂ ਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ ਫੇਰ ਕਹਿੰਦੇ ਦਿੱਬ ਦ੍ਰਿਸ਼ਟ ਖੁਲ੍ਹ ਜਾਂਦੀ ਹੈ -

***ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ***
***ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥***
***ਅੰਗ - ੯੨੨***

ਦਿਬ ਦ੍ਰਿਸ਼ਟ ਨੇ ਕੀ ਕਰਿਆ, ਸਾਰੇ ਹੀ ਪ੍ਰਮੇਸ਼ਰ ਨਜ਼ਰ ਆਉਣ ਲੱਗ ਗਿਆ।

***ਗੁਰਹਿ ਦਿਖਾਇਓ ਲੋਇਨਾ ॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭***

ਸੋ ਝਗੜਾ ਹਉਮੈ ਤੇ ਨਾਮ ਦਾ ਹੀ ਆਪਸ ਵਿੱਚ। ਨਾਮ ਹੈ ਤਾਂ ਹਉਮੈ ਨਹੀਂ, ਹਉਮੈ ਹੈ ਤਾਂ ਨਾਮ ਨਹੀਂ।

***ਹਉਮੈ ਵਿਚਿ ਸੇਵਾ ਨ ਹੋਵਈ***

***ਤਾ ਮਨੁ ਬਿਰਥਾ ਜਾਇ ॥      ਅੰਗ - ੫੬੦***

ਜਿੰਨਾਂ ਚਿਰ ਹਉਮੈ ਹੈ ਸੇਵਾ ਦਾ ਫਲ ਮੰਗਦਾ ਹੈ ਤੇ ਅਭਿਮਾਨ ਕਰਕੇ ਸੇਵਾ ਨੂੰ ਵੀ ਜ਼ੀਰੋ ਬਣਾ ਲੈਂਦਾ ਹੈ -

***ਹਰਿ ਚੇਤਿ ਮਨ ਮੇਰੇ***
***ਤੂ ਗੁਰ ਕਾ ਸਬਦੁ ਕਮਾਇ ॥ ਅੰਗ - ੫੬੦***

ਹੁਣ ਮਹਾਰਾਜ ਕਹਿੰਦੇ ਪਿਆਰਿਆ! ਵਾਹਿਗੁਰੂ ਨੂੰ ਚੇਤ, ਯਾਦ ਕਰ। ਗੁਰੂ ਨੇ ਜਿਹੜਾ ਤੈਨੂੰ ਸ਼ਬਦ ਦਿੱਤਾ ਹੈ ਓਹਦੀ ਕਮਾਈ ਕਰ ਤੇ ਫੇਰ ਤੂੰ ਹੁਕਮ ਮੰਨ। ਕਿਉਂਕਿ ਹੁਕਮ ਜਿਹੜਾ ਹੈ -

***ਨਾਨਕ ਹੁਕਮੈ ਜੇ ਬੁਝੈ***
***ਤ ਹਉਮੈ ਕਹੈ ਨ ਕੋਇ ॥ ਅੰਗ - ੧***

ਹਉਮੈ ਖਤਮ ਹੋ ਗਈ, ਹੁਕਮ ਆ ਗਿਆ। ਕਹਿੰਦੇ ਜਦੋਂ ਹੁਕਮ ਨੂੰ ਬੁੱਝ ਲਿਆ ਤਾਂ -

***ਹੁਕਮੁ ਮੰਨਹਿ ਤਾ ਹਰਿ ਮਿਲੈ***
***ਤਾ ਵਿਚਹੁ ਹਉਮੈ ਜਾਇ ॥      ਅੰਗ - ੫੬੦***

ਸਿੱਧੀਆਂ ਗੱਲਾਂ ਨੇ, ਕੋਈ ਲੰਮੀ ਚੌੜੀ ਫਿਲਾਸਫੀ ਨਹੀਂ। ਜਦੋਂ ਹੁਕਮ ਵਿੱਚ ਆ ਜਾਂਦਾ ਹੈ, ਇਹ ਕਹਿ ਲੈਂਦਾ ਹੈ -

***ਇਸ ਕਾ ਬਲੁ ਨਾਹੀ ਇਸੁ ਹਾਥ ॥***
***ਕਰਨ ਕਰਾਵਨ ਸਰਬ ਕੋ ਨਾਥ ॥***
***ਅੰਗ - ੨੭੭***

ਮੈਂ ਨੂੰ ਵਿਚੋਂ ਕੱਢ ਦਿੰਦਾ ਹੈ ਜਿਹੜੀ ਵਾਧੂ ਚੀਜ਼ ਹੈ, ਅੰਦਰੋਂ ਕੱਢ ਦਿੰਦਾ ਹੈ, ਉਪਰੋਂ-ਉਪਰੋਂ ਤਾਂ ਸਾਰੇ ਹੀ ਕਹਿ ਦਿੰਦੇ ਨੇ ਕਿ ਦਾਸ ਨੇ ਜੀ, ਦਾਸ ਤੋਂ ਵਾਹਿਗੁਰੂ ਨੇ ਕਰਾਇਆ ਹੈ।

ਆਹ ਵੀ ਵਾਧੂ ਗੱਲਾਂ ਨੇ, ਤੂੰ ਆ ਹੀ ਕਹਿ ਦੇ ਕਿ ਮੇਰੇ ਤੋਂ ਵਾਹਿਗੁਰੂ ਨੇ ਕਰਾਇਆ ਹੈ, ਫੇਰ ਕਿਹੜਾ ਤੇਰੇ ਸਿਰ 'ਤੇ ਕੋਈ ਬੋਝ ਪੈਂਦਾ ਹੈ। ਅੰਦਰੋਂ ਤਾਂ ਤੂੰ ਜਾਣਦਾ ਹੈ ਕਿ ਇਹ ਆਪੇ ਹੀ ਹੁਕਮ 'ਚ ਹੋ ਰਿਹਾ ਹੈ। ਲੋਕਾਂ ਦੀ ਬੋਲੀ ਵਿੱਚ ਤੂੰ ਬੋਲ, ਬੋਲ ਕੇ ਅੰਦਰੋਂ ਤਾਂ ਤੂੰ ਜਾਗਦਾ ਰਹਿ। ਜਿਵੇਂ ਬੋਲਦੇ ਨੇ ਬੋਲੀ ਜਾਹ। ਸੋ ਪਾਖੰਡ ਨਾ ਕਰ ਕਿ ਮੈਂ ਗਿਆਨਵਾਨ ਹਾਂ। ਉਹੋ ਜਿਹੇ ਅੱਖਰ ਨਾ ਵਰਤ। ਅੰਦਰੋਂ ਤਾਂ ਤੂੰ ਸਾਫ ਹੋ ਚੁੱਕਿਆ। ਜਿਵੇਂ ਉਹ ਬੋਲਦੇ ਨੇ ਤੂੰ ਬੋਲੀ ਜਾਹ। ਜਦੋਂ ਕੋਈ ਗਾਹਕ ਆ ਜਾਏਗਾ, ਪਤਾ ਲਗ ਜਾਏਗਾ ਉਹਨੂੰ।

***ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥***
***ਅੰਗ - ੫੬੦***

ਕਹਿੰਦੇ ਹਉਮੈ ਵਿੱਚ ਹੀ ਸਭ ਕੁਛ ਓਪਤਿ ਹੁੰਦਾ ਹੈ।

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ ॥***
***ਹਉਮੈ ਵਿਚਿ ਜਗੁ ਉਪਜੈ ਪੁਰਖਾ***
***ਨਾਮਿ ਵਿਸਰਿਐ ਦੁਖੁ ਪਾਈ ॥ ਅੰਗ - ੯੪੬***

ਨਾਮ ਨੂੰ ਭੁੱਲਿਆ, ਦੁੱਖ ਆ ਗਏ। ਹਉਮੈ ਦੇ ਵਿੱਚ ਆਇਆ ਤਾਂ ਜਗਤ ਬਣ ਗਿਆ।

***ਹਉਮੈ ਵਡਾ ਗੁਬਾਰੁ ਹੈ ਹਉਮੈ***
***ਵਿਚਿ ਬੁਝਿ ਨ ਸਕੈ ਕੋਇ ॥ ਅੰਗ- ੫੬੦***

ਸਾਰੇ ਧਰਮ ਚਾਹੇ ਹਿੰਦੂ, ਮੁਸਲਮਾਨ, ਸਿੱਖ, ਈਸਾਈ; ਉਹ ਕਹਿੰਦੇ ਇਹਨੂੰ ਦਸਦੇ ਨੇ, ਪਰ ਪਤਾ ਨਹੀਂ ਲਗਦਾ। ਵੱਡੇ ਗੁਬਾਰ ਦੇ ਵਿੱਚ ਉਲਝੇ ਪਏ ਨੇ ਸਾਰੇ।

***ਹਉਮੈ ਵਿਚਿ ਭਗਤਿ ਨ ਹੋਵਈ***
***ਹੁਕਮੁ ਨ ਬੁਝਿਆ ਜਾਇ ॥      ਅੰਗ - ੫੬੦***

ਹੁਕਮ ਬੁਝਦਾ ਨਹੀਂ, ਭਗਤੀ ਹੁੰਦੀ ਨਹੀਂ ਹੈ -

***ਹਉਮੈ ਵਿਚਿ ਜੀਉ ਬੰਧੁ ਹੈ***
***ਨਾਮੁ ਨ ਵਸੈ ਮਨਿ ਆਇ ॥ ਅੰਗ - ੫੬੦***
***ਧਾਰਨਾ - ਜੰਮਦਾ ਤੇ ਮਰਦਾ ਹੈ***
***ਹਉਮੈ ਦਾ ਬੰਨ੍ਹਿਆ ਹੋਇਆ।***
***ਹਉਮੈ ਏਹਾ ਜਾਤਿ ਹੈ***
***ਹਉਮੈ ਕਰਮ ਕਮਾਹਿ ॥***
***ਹਉਮੈ ਏਈ ਬੰਧਨਾ***
***ਫਿਰਿ ਫਿਰਿ ਜੋਨੀ ਪਾਹਿ ॥***
***ਨਾਨਕ ਸਤਗੁਰਿ ਮਿਲਿਐ ਹਉਮੈ ਗਈ***
***ਤਾ ਸਚੁ ਵਸਿਆ ਮਨਿ ਆਇ ॥***
***ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥***
***ਅੰਗ - ੫੬੦***

ਜਦੋਂ ਪੂਰੇ ਸਤਿਗੁਰੂ ਨੂੰ ਮਿਲੇ, ਉਸ ਨੇ ਗਿਆਨ ਦੀ ਕ੍ਰਿਪਾ ਕੀਤੀ, ਤਾਂ ਕਹਿੰਦੇ ਸੱਚ ਵਸ ਗਿਆ। ਤਾਂ ਫੇਰ ਹੁਣ ਸੱਚ ਤੋਂ ਬਗੈਰ ਹੋਰ ਨਜ਼ਰ ਨਹੀਂ ਆਉਂਦਾ।

***ਸਚੁ ਕਮਾਵੈ ਸਚਿ ਰਹੈ***
***ਸਚੇ ਸੇਵਿ ਸਮਾਇ ॥      ਅੰਗ - ੫੬੦***

ਫੇਰ ਸੱਚ ਵਿੱਚ ਹੀ ਰਹਿੰਦਾ ਹੈ, ਸੱਚ ਹੀ ਕਮਾਉਂਦਾ ਹੈ। ਕਹਿੰਦੇ, ਬੇਟਾ! ਠੀਕ ਹੈ ਤੂੰ ਤਪ ਕਰੇ, ਬੜੀ ਸਾਧਨਾ ਕਰੀ, ਤਿਆਗ ਵੀ ਤੂੰ ਬਹੁਤ ਕਰ ਦਿੱਤਾ, ਪਰ ਗੁਰੂ ਤੋਂ ਬਗੈਰ ਲੰਘਿਆ ਨਹੀਂ ਜਾਣਾ। ਕਹਿੰਦਾ, ਪਿਤਾ ਜੀ! ਤੁਸੀਂ ਵੀ ਤਾਂ ਸਮਰੱਥ ਓਂ, ਤ੍ਰਿਕਾਲਦਰਸ਼ੀ ਓਂ। ਤੁਸੀਂ ਮੈਨੂੰ ਗਿਆਨ ਦੇ ਦਿਓ, ਕਹਿੰਦੇ, ਬੇਟਾ! ਤੇਰੀ ਮੇਰੇ 'ਤੇ ਭਾਵਨਾ ਪਿਤਾ ਦੀ ਹੈ, ਮੇਰੇ ਬਚਨ ਤੈਨੂੰ ਕਾਟ ਨਹੀਂ ਕਰਨਗੇ। ਤੈਨੂੰ ਜਾ ਕੇ ਜੋ ਜਗਿਆਸੂ ਦੇ ਫਰਜ਼ ਹੁੰਦੇ ਨੇ ਉਨ੍ਹਾਂ ਨੂੰ ਪੂਰਾ ਕਰਨਾ ਪਏਗਾ। ਨਿਹਚਾ ਬਣਾਉਣਾ ਪਵੇਗਾ। ਇਸ ਤਰ੍ਹਾਂ ਦੇ ਨਾਲ ਨਹੀਂ ਹੋਇਆ ਕਰਦਾ, ਕਿਉਂਕਿ ਪਿਤਾ ਭਾਵਨਾ ਹੈ, ਪਿਤਾ ਸਮਝੇਂਗਾ, ਮੈਂ ਵੀ ਤੈਨੂੰ ਕੁਛ ਨਹੀਂ ਕਰ ਸਕਦਾ। ਮੈਂ ਤੈਨੂੰ ਪੁੱਤਰ ਸਮਝੀ ਜਾਵੇਂਗਾ ਤੇ ਮੈਂ ਤੈਨੂੰ ਪੁੱਤਰ ਸਮਝੀ ਜਾਵਾਂਗਾ, ਗੱਲ ਬਣਨੀ ਨਹੀਂ ਹੈ।

ਕਹਿੰਦੇ ਨੇ ਕਿ ਗੁਰੂ ਚੌਥੇ ਪਾਤਸ਼ਾਹ ਵੀ ਤਾਂ ਗੁਰੂ ਪੰਜਵੇਂ ਪਾਤਸ਼ਾਹ ਦੇ ਪੁੱਤਰ ਹੀ ਸੀ। ਉਹ ਪੁੱਤਰ ਨਹੀਂ ਸੀ ਆਪਣੇ ਆਪ ਨੂੰ ਸਮਝਦੇ, ਉਹ ਤਾਂ ਬਹੁਤ ਵੱਡੇ ਕਿਸਮ ਦੇ ਜਗਿਆਸੂ ਸੀ। ਜਿਹੜੇ ਕਹਿੰਦੇ ਨੇ ਕਿ -

***ਇਕ ਘੜੀ ਨ ਮਿਲਤੇ ਤਾ ਕਲਿਜੁਗ ਹੋਤਾ॥***

***ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥***
***ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ***
***ਬਿਨੁ ਦੇਖੇ ਗੁਰ ਦਰਬਾਰੇ ਜੀਉ॥***
***ਹਉ ਘੋਲੀ ਜੀਉ ਘੋਲਿ ਘੁਮਾਈ***
***ਤਿਸੁ ਸਚੇ ਗੁਰ ਦਰਬਾਰੇ ਜੀਉ॥ ਸ਼ਬਦ ਹਜ਼ਾਰੇ***

ਉਨ੍ਹਾਂ ਨੇ ਪਿਤਾ ਸਮਝਿਆ ਹੀ ਨਹੀਂ, ਪਹਿਲਾਂ ਤੋਂ ਹੀ ਗੁਰੂ ਸਮਝਿਆ ਹੈ। ਗੁਰੂ ਭਾਵਨਾ ਆ ਜਾਵੇ ਫੇਰ ਤਾਂ ਬਹੁਤ ਵੱਡੀ ਗੱਲ ਹੈ, ਲੇਕਿਨ ਪਰਿਵਾਰ ਦੇ ਵਿੱਚ ਗੁਰੂ ਭਾਵਨਾ ਨਹੀਂ ਆਇਆ ਕਰਦੀ ਕਦੇ ਵੀ। ਉਹ ਹੋਰ ਤਰ੍ਹਾਂ ਰਹਿੰਦੇ ਨੇ, ਉਨ੍ਹਾਂ ਦੇ ਭਾਗਾਂ 'ਚ ਗਿਆਨ ਨਹੀਂ ਹੋਇਆ ਕਰਦਾ। ਪੁੰਨ ਦਾਨ ਉਨ੍ਹਾਂ ਨੂੰ ਮਿਲ ਜਾਂਦੇ ਨੇ, ਪਿਤਾ ਦੀ ਕਮਾਈ ਦਾ ਹਿੱਸਾ ਮਿਲ ਜਾਂਦਾ ਹੈ ਪਰ ਗਿਆਨ ਤੋਂ ਖਾਲੀ ਰਹਿ ਜਾਂਦੇ ਨੇ, ਜਦੋਂ ਤੱਕ ਇਹ ਭਾਵਨਾ ਪੈਦਾ ਨਾ ਹੋਵੇ। ਭਾਵਨਾ ਕਿਹੋ ਜਿਹੀ ਹੁੰਦੀ ਹੈ? ਪੜ੍ਹੋ ਪਿਆਰ ਨਾਲ-

***ਧਾਰਨਾ - ਗੁਰ ਗੋਬਿੰਦ ਗੋਬਿੰਦ ਗੁਰੂ ਹੈ***
***ਨਾਨਕ ਭੇਦ ਨ ਭਾਈ।***
***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ ॥ ਅੰਗ - ੪੪੨***

ਜਿਹੜਾ ਪ੍ਰਮੇਸ਼ਰ ਤੇ ਗੁਰੂ ਨੂੰ ਦੋ ਜਾਣਦਾ ਹੈ, ਐਸਾ ਅਨੁਭਵੀ ਮਹਾਂਪੁਰਸ਼ਾਂ ਦਾ ਮੱਤ ਹੈ ਕਿ ਉਹਨੂੰ ਐਨਾ ਦੋਸ਼ ਲਗਦਾ ਹੈ ਕਿ ਐਨਾ ਲਿਖਿਆ ਹੈ ਉਹਨੂੰ ਕੁੰਭੀ ਨਰਕ 'ਚ ਸੜਨਾ ਪੈਂਦਾ ਹੈ, ਪਰ ਜਿੰਨੀ ਦੇਰ ਤੱਕ ਇਹ ਨਿਸ਼ਚਾ ਨਹੀਂ ਆਉਂਦਾ। ਪਾਰਬ੍ਰਹਮ ਤੇ ਗੁਰੂ ਦਾ ਭੇਦ ਕਰਕੇ ਜਾਣਦਾ ਹੈ, ਓਨਾਂ ਚਿਰ ਉਹਨੂੰ ਕੁਛ ਲੱਭਿਆ ਨਹੀਂ ਕਰਦਾ, ਗੁਰੂ ਤੋਂ, ਬਿਲਕੁਲ ਨਹੀਂ ਲੱਭਦਾ। ਜਦੋਂ ਇਹ ਜਾਣਦਾ ਹੈ, ਫੇਰ ਤਾਂ ਬੜੀ ਵੱਡੀ ਕੀਮਤ ਦੇਣੀ ਪੈਂਦੀ ਹੈ। ਸੋ ਸੁਕਦੇਵ ਨੂੰ ਸਮਝਾਇਆ ਕਿ ਬੇਟਾ! ਮੈਂ ਤੈਨੂੰ ਗਿਆਨ ਨਹੀਂ ਦੇ ਸਕਦਾ। ਗਿਆਨ ਤੋਂ ਬਗੈਰ ਨਾਮ ਦੇ ਮੰਡਲ 'ਚ ਪ੍ਰਵੇਸ਼ ਨਹੀਂ ਹੁੰਦਾ। ਨਾਮ ਤੋਂ ਬਗੈਰ ਮਨ ਸ਼ਾਂਤ ਨਹੀਂ ਹੁੰਦਾ। ਸਾਰੀ ਗੱਲ ਇਹ ਹੈ ਕਿ ਤੂੰ ਨਾਮ ਦੀ ਦਾਤ ਪ੍ਰਾਪਤ ਕਰ, ਨਾਮ ਦੇ ਮੰਡਲ 'ਚ ਜਾ। ਮੈਂ ਜੇ ਤੈਨੂੰ ਦਸਦਾ ਹਾਂ ਤਾਂ ਤੂੰ ਕਹਿਣਾ ਹੈ ਕਿ ਮੈਂ ਪੜ੍ਹੀਆਂ ਹੋਈਆਂ ਨੇ ਸਾਰੀਆਂ ਗੱਲਾਂ। ਕਹਿਣ ਲੱਗਿਆ, ਮਹਾਰਾਜ! ਫੇਰ ਮੈਂ ਪਿਤਾ ਜੀ! ਕਿੱਥੇ ਜਾਵਾਂ। ਕਹਿੰਦੇ, ਰਾਜਾ ਜਨਕ ਕੋਲ ਜਾਹ, ਮਿਥਲਾਪੁਰੀ ਦਾ ਰਾਜਾ ਹੈ। ੫੪ਵਾਂ ਜਨਕ ਸੀ ਉਸ ਵੇਲੇ, ਕਿਉਂਕਿ ਗੁਰੂ ਮਹਾਰਾਜ 'ਚ ਐਸਾ ਫੁਰਮਾਨ ਆਉਂਦਾ ਹੈ ਕਿ -

***ਜਨਕ ਜਨਕ ਬੈਠੇ ਸਿੰਘਾਸਨਿ***
***ਨਉ ਮੁਨੀ ਧੂਰਿ ਲੈ ਲਾਵੈਗੋ ॥ ਅੰਗ- ੧੩੦੯***

ਇਹ ਜਿਹੜਾ ਰਾਜਾ ਜਨਕ ਸੀ, ਵੱਡਾ ਪ੍ਰਤਾਪੀ ਬ੍ਰਹਮਗਿਆਨੀ ਮਹਾਂਪੁਰਸ਼ ਹੁੰਦਾ ਹੋਇਆ ਵੀ, ਨੌਂ ਮੁਨੀਆਂ ਦੀ ਧੂੜ ਮੰਗਾ ਕੇ ਰੋਜ਼ ਆਪਣੇ ਮਸਤਕ ਨਾਲ ਲਾਇਆ ਕਰਦਾ ਸੀ। ਨੌਂ ਮੁਨੀ ਇੱਕ ਦਾ ਨਾਉਂ ਕਵੀਨਾਮਾ ਸੀ, ਇੱਕ ਦਾ ਨਾਉਂ ਹਰੀਨਾਮੇ ਸੀ, ਕਰਭੰਜਮਨਾਮੇ ਸੀ, ਅੰਤਰਨਾਮੇ ਸੀ, ਪਹਿਲਿਆਂ ਨੇ ਸਾਂਭ ਕੇ ਕੇ ਰੱਖੇ ਹੋਏ ਨੇ ਨਾਮ ਲਿਖ ਕੇ। ਇਕ ਨਾਉਂ ਚਸ਼ਮਨਾਮੇ ਸੀ, ਅਛਰ ਹੋਤਾ ਸੀ, ਇੱਕ ਨਾਉਂ ਪ੍ਰਬੁੱਧ ਨਾਮੇ ਸੀ, ਪਿਪਲਾਨਾਮੇ ਸੀ, ਇੱਕ ਦੁਮਲਾਨਾਮੇ ਸੀ। ਇਸ ਤਰ੍ਹਾਂ ਦੇ ਨਾਲ ਨੌਂ ਮੁਨੀਆਂ ਦੀ ਧੂੜ ਰੋਜ਼ ਮੰਗਾ ਕੇ ਮਸਤਕ ਨਾਲ ਲਾਇਆ ਕਰਦਾ ਸੀ। ਹਾਲਾਂਕਿ ਪੂਰਨ ਗਿਆਨਵਾਨ ਸੀਗੇ। ਫੇਰ ਵੀ ਨਿਮਰਤਾ ਹੱਦ ਤੋਂ ਜ਼ਿਆਦਾ ਸੀ, ਸਾਧੂਆਂ, ਸੰਤਾਂ ਦਾ ਪੂਰਾ ਸਤਿਕਾਰ ਕਰਦੇ ਸੀ। ਇਹ ਨਹੀਂ ਕਿ ਅਹੰ ਬ੍ਰਹਮਅਸਵੀ, ਮੈਂ ਹੁਣ ਬਣ ਗਿਆ ਰੱਬ, ਮੈਂ ਕਿਸੇ ਨੂੰ ਕਿਉਂ ਬੁਲਾਵਾਂ। ਗਿਆਨ ਸਿਥਲ ਹੋ ਜਾਂਦਾ ਹੈ ਜੇ ਨਾਮ ਨਾ ਜਪੋ, ਬੰਦਗੀ ਨਾ ਕਰੋ, ਨਿਤ ਕਰਮਾਂ ਦਾ ਤਿਆਗ ਕਰ ਦੇਵੇ, ਗਿਆਨ ਜਿਹੜਾ ਹੈ ਸਿਥਲ ਹੋਣਾ ਸ਼ੁਰੂ ਹੋ ਜਾਂਦਾ ਹੈ, ਅਖੀਰ ਅਗਿਆਨ ਦੀ ਅਵਸਥਾ ਉਹਦੇ ਉੱਤੇ ਤਾਰੀ ਹੋ ਜਾਇਆ ਕਰਦੀ ਹੈ। ਸੋ ਗਿਆਨ ਨੂੰ ਚੜ੍ਹਦੀ ਕਲਾ 'ਚ ਰੱਖਣ ਵਾਸਤੇ, ਨਾਮ ਦਾ ਜਾਪ ਜ਼ਰੂਰੀ ਹੈ। ਇਹ ਜਿਹੜੇ ਕਰਮ ਨੇ ਇਨ੍ਹਾਂ ਦਾ ਵੀ ਜ਼ਰੂਰੀ ਹੈ, ਕਿਉਂਕਿ ਇਹ ਫੇਰ ਇਹਨੂੰ ਤਕੜਾ ਰੱਖਦੇ ਨੇ। ਇਹ ਨਹੀਂ ਹੈ ਕਿ ਗਿਆਨ ਆ ਗਿਆ ਤੇ ਹੁਣ ਛੁੱਟੀਆਂ ਨੇ। ਗੁਰੂ ਘਰ ਦਾ ਮੱਤ ਹੋਰ ਤਰ੍ਹਾਂ ਦਾ ਹੈ ਥੋੜ੍ਹਾ। ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ ਕਿ ਓਥੇ ਜਾਹ, ਉਹਦੇ ਕੋਲ ਜਾ ਕੇ ਸ਼ਰਧਾ ਭਾਵਨਾ ਰੱਖ। ਇਹ ਜਿਸ ਵਕਤ ਜਾਂਦਾ ਹੈ, ਰਾਜੇ ਜਨਕ ਨੂੰ ਦੇਖਿਆ ਕਿ ਵਸਤਰ ਰੇਸ਼ਮੀ ਪਹਿਨੇ ਹੋਏ ਨੇ। ਕਲਗੀ ਲੱਗੀ ਹੋਈ ਹੈ, ਗਲ 'ਚ ਮੋਤੀਆਂ ਦੀਆਂ ਮਾਲਾਵਾਂ ਪਈਆਂ ਹੋਈਆਂ ਨੇ। ਆਲੇ-ਦੁਆਲੇ ਪੱਖਿਆਂ ਵਾਲੇ ਖੜ੍ਹੇ ਨੇ। ਬੜੀ ਦੁਨੀਆਂ ਇਨ੍ਹਾਂ ਦੀ ਆਗਤ-ਭਾਗਤ ਕਰਦੀ ਹੈ, ਇਹ ਮਾਇਆ ਤੋਂ ਕਿਵੇਂ ਬਚਿਆ ਹੋਇਆ ਹੈ? ਉਸੇ ਵੇਲੇ ਇੱਕ ਮੁਕਦਮਾ ਪੇਸ਼ ਹੁੰਦਾ ਹੈ, ਸੌ ਬੰਦਾ ਆਉਂਦਾ ਹੈ ਤੇ ਉਨ੍ਹਾਂ ਦੋਸ਼ੀ ਜਾਣ ਕੇ, ਡਾਕਾ ਮਾਰਿਆ ਉਨ੍ਹਾਂ ਨੇ, ਤੇ ਇਹਨੇ ਰਾਜ ਦੇ ਕਾਨੂੰਨਾਂ ਦੇ ਮੁਤਾਬਿਕ ਸਜ਼ਾ ਦੇ ਦਿੱਤੀ ਕਿ ਇਨ੍ਹਾਂ ਸਾਰਿਆਂ ਨੂੰ ਫਾਂਸੀ ਦੇ ਦਿਓ। ਇਹਨੇ ਕਿਹਾ ਇਹ ਤਾਂ ਬੜਾ ਨਿਰਦਈ ਰਾਜਾ ਹੈ। ਇਹ ਬ੍ਰਹਮਗਿਆਨੀ ਇਹਨੂੰ ਕੀਹਨੇ ਬਣਾ ਦਿੱਤਾ, ਮੇਰੇ ਪਿਤਾ ਨੂੰ ਭੁੱਲ ਹੈ। ਕਿਉਂਕਿ ਕਿਤੇ ਸੁਣੀ-ਸੁਣਾਈ ਗੱਲ ਉਨ੍ਹਾਂ ਨੇ ਕਰ ਦਿੱਤੀ। ਇਹ ਤਾਂ ਹੋ ਹੀ ਨਹੀਂ ਸਕਦਾ ਬ੍ਰਹਮਗਿਆਨੀ। ਰਾਜਾ ਤੇ ਬ੍ਰਹਮਗਿਆਨੀ? ਮਾਇਆ 'ਚ ਐਨਾ ਫਸਿਆ ਹੋਇਆ ਹੈ। ਉਸ ਵੇਲੇ ਵਾਪਸ ਆ ਗਿਆ, ਤਰਕ ਕਰ ਦਿੱਤੀ ਜ਼ਬਰਦਸਤ। ਨਾਰਦ ਮਿਲਿਆ ਪੁਛਦਾ ਹੈ ਕਿ ਕਿਥੋਂ ਆਇਆ ਹੈਂ? ਸਾਰੀ ਗੱਲ ਦੱਸੀ, ਕਹਿੰਦਾ ਓ ਭੋਲਿਆ! ਬ੍ਰਹਮਗਿਆਨੀ ਦੇ ਉੱਤੇ ਤਰਕ ਕਰਨ ਨਾਲ ਛੇ ਕਲਾਂ ਵੈਰਾਗ ਦੀਆਂ ਨਸ਼ਟ ਹੋ ਜਾਇਆ ਕਰਦੀਆਂ ਨੇ। ਉਹਦੀ ਥਾਂ ਜੇ ਨਿੰਦਿਆ ਕਰ ਦੇਵੇ ਤਾਂ ਸਾਰੇ ਜਿੰਨੇ ਵੀ ਪੁੰਨ ਕਰਮ ਕੀਤੇ ਹੋਏ ਨੇ, ਸਾਰੇ ਉਸੇ ਵੇਲੇ ਖਤਮ ਹੋ ਜਾਂਦੇ ਨੇ। ਲੱਖਾਂ ਸਾਲਾਂ ਦੇ, ਲੱਖਾਂ ਜਨਮਾਂ ਦੇ ਕੀਤੇ ਹੋਏ ਪੁੰਨ ਖਤਮ ਹੋ ਜਾਂਦੇ ਨੇ।

ਨਾਰਦ ਨੇ ਅੱਗੇ ਆ ਕੇ ਬਿਰਧ ਦਾ ਰੂਪ ਧਾਰਨ ਕੀਤਾ, ਇਹ ਦਰਖਤ ਥੱਲੇ ਬੈਠ ਗਿਆ। ਉਹਨੇ ਟੋਕਰੀਆਂ ਚੁੱਕ ਕੇ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ। ਇਹ ਦੇਖੀ ਜਾਂਦਾ ਹੈ ਕਿ ਇਹ ਕਰਦਾ ਕੀ ਹੈ। ਅਖੀਰ ਉਹ ਵੀ ਵੀਹ-ਤੀਹ ਟੋਕਰੀਆਂ ਸੁੱਟਣ ਤੋਂ ਬਾਅਦ ਦਮ ਲੈਣ ਵਾਸਤੇ, ਧੁੱਪ ਬਹੁਤੀ ਸੀ, ਦਰਖਤ ਥੱਲੇ ਆ ਗਿਆ। ਕਹਿੰਦਾ ਬਾਬਾ! ਕੀ ਕਰਦਾ ਹੈਂ। ਰੇਤਾਂ ਸੁੱਟੀ ਜਾਂਦਾ

ਹੈਂ ਚੁੱਕ ਕੇ, ਨਦੀ ਵਿੱਚ? ਕਹਿੰਦਾ, ਬੇਟਾ! ਕੀ ਕਰਾਂ ਨਦੀ ਗਹਿਰੀ ਹੈ, ਲੰਘਣਾ ਹੈ ਮੈਂ ਪਾਰ? ਕਹਿੰਦਾ, ਤੂੰ ਤਾਂ ਮਹਾਂਮੂਰਖ ਹੈਂ, ਤੇਰੀਆਂ ਤਾਂ ਸਾਰੀਆਂ ਟੋਕਰੀਆਂ ਰੁੜ੍ਹ ਗਈਆਂ, ਨਦੀ ਐਨੀ ਤੇਜ਼ ਚਲਦੀ ਹੈ। ਕਦੇ ਪੁਲ ਵੀ ਰੇਤੇ ਨਾਲ ਬੰਨ੍ਹ ਹੋਇਆ ਹੈ? ਕਹਿਣ ਲੱਗਿਆ ਕਿ ਮੈਂ ਮਹਾਂਮੂਰਖ ਹਾਂ? ਕਹਿੰਦਾ, ਮੇਰੇ ਤੋਂ ਜ਼ਿਆਦਾ ਤੂੰ ਹੈਂ? ਰੂਪ ਦਿਖਾ ਦਿੱਤਾ ਨਾਰਦਮੁਨੀ ਨੇ ਆਪਣਾ, ਕਹਿਣ ਲੱਗਿਆ ਕਿ ਤੇਰੀ ਇੱਕ ਕਲਾ ਵੈਰਾਗ ਦੀ ਛੇ ਜਨਮ ਦੇ ਵੈਰਾਗ ਤੋਂ ਪੈਦਾ ਹੁੰਦੀ ਹੈ। ੩੬ ਜਨਮਾਂ ਦਾ ਵੈਰਾਗ ਤੇਰਾ ਨਸ਼ਟ ਹੋ ਗਿਆ, ਤੂੰ ਪੂਰਨ ਬ੍ਰਹਮਗਿਆਨੀ ਦੇ ਉੱਤੇ ਤਰਕ ਕਰ ਦਿੱਤੀ।

ਕਹਿੰਦਾ, ਰਾਜਾ ਜਨਕ ਬ੍ਰਹਮਗਿਆਨੀ ਹੈ?

ਕਹਿੰਦਾ, ਹੋਰ ਕੀ। ਉਹਦੇ ਤਾਂ ਦੇਵਤੇ ਵੀ ਆ ਕੇ ਦਰਸ਼ਨ ਕਰਦੇ ਨੇ। ਕਿਉਂਕਿ ਮਹਾਰਾਜ ਨੇ ਐਸਾ ਫੁਰਮਾਨ ਕਰਿਆ ਹੈ–

***ਧਾਰਨਾ - ਸ਼ਿਵਜੀ ਖੋਜਦੇ ਫਿਰਦੇ ਬ੍ਰਹਮਗਿਆਨੀ ਨੂੰ।***

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥***
***ਅੰਗ - ੨੭੩***

ਕਹਿਣ ਲੱਗਿਆ, ਉਹ ਤਾਂ ਪੂਰਨ ਬ੍ਰਹਮਗਿਆਨ ਦੀ ਅਵਸਥਾ ਦੇ ਮਾਲਕ ਨੇ, ਰਾਜ ਕਰਦੇ ਨੇ ਪਰ ਰਾਜ ਦਾ ਲੇਪ ਉਨ੍ਹਾਂ ਨੂੰ ਕੋਈ ਨਹੀਂ ਹੈ, ਕੋਈ ਪਕੜ ਨਹੀਂ ਹੈ, ਤੂੰ ਸ਼ਰਧਾ ਧਾਰ ਕੇ ਜਾਹ। ਇੱਥੋਂ ਹੀ ਤੇਰੀ ਕਲਿਆਣ ਹੋਣੀ ਹੈ। ਸੋ ਉਸ ਵੇਲੇ ਦੁਬਾਰਾ ਜਾਂਦਾ ਹੈ, ਦੁਬਾਰਾ ਗਿਆ ਤਾਂ ਪਹਿਲਾਂ ਤਾਂ ਬੜਾ ਕਰੜਾ ਹੋ ਕੇ ਸੁਨੇਹਾ ਭੇਜਿਆ ਸੀ, ਹੁਣ ਕੁਛ ਜਗਿਆਸੂ ਬਣਿਆ ਤੇ ਸਮਝਾਇਆ ਨਾਰਦਮੁਨੀ ਨੇ। ਕਹਿਣ ਲੱਗੇ, ਪਿਆਰਿਆ! ਬ੍ਰਹਮਗਿਆਨ ਵਰਗੀ ਦੁਨੀਆਂ ਦੇ ਅੰਦਰ ਕੋਈ ਵਸਤ ਨਹੀਂ ਹੈ। ਜਿਹੜੀ ਨੂੰ ਪ੍ਰਾਪਤ ਕਰਕੇ ਜੰਮਣਾ ਮਰਨਾ ਖਤਮ ਤਾਂ ਹੋਣਾ ਹੀ ਹੈ। ਉਹ ਪ੍ਰਮੇਸ਼ਰ ਦਾ ਰੂਪ ਹੋ ਕੇ ਪ੍ਰਮੇਸ਼ਰ ਬਣ ਜਾਂਦਾ ਹੈ। ਉਹਦੇ ਵਿੱਚ ਤੇ ਪ੍ਰਮੇਸ਼ਰ ਵਿੱਚ ਕੋਈ ਭੇਤ ਨਹੀਂ ਰਿਹਾ ਕਰਦਾ। ਐਡੀ ਵੱਡੀ ਚੀਜ਼ ਲੈਣ ਜਾਂਦਾ ਹੈ, ਤੇ ਅਭਿਮਾਨ ਨਾਲ ਲੈ ਕੇ ਜਾਏਂਗਾ? ਅਭਿਮਾਨ ਤਾਂ ਛੱਡਣਾ ਪੈਂਦਾ ਹੈ -

***ਜਿਸੁ ਵਖਰ ਕਉ ਲੈਨਿ ਤੂ ਆਇਆ ॥***
***ਰਾਮ ਨਾਮੁ ਸੰਤਨ ਘਰਿ ਪਾਇਆ ॥***
***ਤਜਿ ਅਭਿਮਾਨੁ ਲੇਹੁ ਮਨ ਮੋਲਿ ॥***
***ਰਾਮ ਨਾਮੁ ਹਿਰਦੇ ਮਹਿ ਤੋਲਿ ॥ਅੰਗ - ੨੮੩***

ਅਭਿਮਾਨ ਨਾਲ ਜਾਂਦਾ ਹੈਂ ਕਿ ਮੈਂ ਪੈਸੇ ਵਾਲਾ ਹਾਂ, ਮੈਂ ਬਹੁਤ ਪੜ੍ਹਿਆ ਹੋਇਆ ਹਾਂ, ਮੈਂ ਬਹੁਤ ਤਪ ਕਰੇ ਹੋਏ ਨੇ, ਮੈਂ ਸਾਧੂ ਹਾਂ, ਮੈਂ ਬ੍ਰਾਹਮਣ ਹਾਂ; ਇਹ ਖੱਤਰੀ ਹੈ। ਇਹਨੂੰ ਤਾਂ ਮੇਰੇ ਆਇਆਂ 'ਤੇ ਉਠ ਕੇ ਆਦਰ ਕਰਨਾ ਚਾਹੀਦਾ ਹੈ। ਸੋ ਕਹਿੰਦੇ, ਨਹੀਂ ਪਿਆਰਿਆ! ਮੰਗਤੇ ਬਣ ਕੇ ਜਾਣਾ ਪੈਂਦਾ ਹੈ। ਐਥੇ ਤਕ ਹੈ ਕਿ ਆਪਣਾ ਸਭ ਕੁਛ ਕੁਰਬਾਨ ਕਰਨਾ ਪੈਂਦਾ ਹੈ -

***ਧਾਰਨਾ - ਸੀਸ ਤਲੀ 'ਤੇ ਧਰਨਾ ਪੈਂਦੈ,***
***ਔਖੀ ਖੇਡ ਪ੍ਰੇਮ ਦੀ।***

***ਜਉ ਤਉ ਪ੍ਰੇਮ ਖੇਲਣ ਕਾ ਚਾਉ ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ ॥***
***ਇਤੁ ਮਾਰਗਿ ਪੈਰੁ ਧਰੀਜੈ ॥***
***ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ- ੧੪੧੨***

ਕਹਿਣ ਲੱਗਿਆ, ਸੁਕਦੇਵ! ਬ੍ਰਹਮਗਿਆਨੀਆਂ ਕੋਲ ਇਸ ਤਰ੍ਹਾਂ ਨਹੀਂ ਜਾਈਦਾ। ਕੁਛ ਨਹੀਂ ਪੱਲੇ ਪਿਆ ਕਰਦਾ ਕਿ ਗਾਹਕ ਹੀ ਨਹੀਂ ਹੈ। ਜੇ ਗਾਹਕ ਨਾ ਹੋਵੇ -

***ਰਾਮ ਪਦਾਰਥੁ ਪਾਇ ਕੈ ਕਬੀਰਾ***
***ਗਾਂਠਿ ਨ ਖੋਲ੍ਹ ॥ ਨਹੀ ਪਟਣੁ ਨਹੀ ਪਾਰਖੂ***
***ਨਹੀ ਗਾਹਕੁ ਨਹੀ ਮੋਲੁ ॥ ਅੰਗ - ੧੩੬੫***

ਫੇਰ ਐਵੇਂ ਦੁਕਾਨ ਖੋਲ੍ਹਣੀ ਹੈ, ਜੇ ਗਾਹਕ ਹੀ ਨਹੀਂ। ਗਾਹਕ ਨੂੰ ਕਹਿੰਦੇ ਪਹਿਲਾਂ ਸਿਰ ਦੇਣਾ ਪੈਂਦਾ ਹੈ -

***ਪਹਿਲਾ ਮਰਣੁ ਕਬੂਲਿ ਜੀਵਣ***
***ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ***
***ਤਉ ਆਉ ਹਮਾਰੈ ਪਾਸਿ ॥ ਅੰਗ - ੧੧੦੨***

ਜਿਹੜੀ ਤੇਰੇ ਅੰਦਰ ਮੈਂ ਹੈ, ਇਹਨੂੰ ਮਾਰਨਾ ਪੈਣਾ ਹੈ। ਇਹ ਦੇਣਾ ਹੀ ਪੈਣਾ ਹੈ -

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ***
***ਹੁਕਮਿ ਮੰਨਿਐ ਪਾਈਐ ॥ ਅੰਗ - ੯੧੮***

ਜਦੋਂ ਹੁਕਮ ਮੰਨਿਆ ਫੇਰ ਰੱਬ ਮਿਲ ਗਿਆ। ਸੋ ਇਸ ਕਰਕੇ ਤੂੰ ਸੋਚ ਕੇ ਜਾਹ ਉਨ੍ਹਾਂ ਕੋਲ। ਸ਼ਰਧਾ ਦੇ ਨਾਲ। ਦੂਸਰੀ ਵਾਰ ਜਾਂਦਾ ਹੈ, ਬੜੀ ਦੇਰ ਖੜ੍ਹਾ ਰੱਖਿਆ ਦਰਵਾਜ਼ੇ ਦੇ ਅੱਗੇ। ਉਸ ਤੋਂ ਬਾਅਦ ਬੁਲਾ ਲਿਆ, ਕਮਰਾ ਹੈ ਇਕਾਂਤ, ਉਥੇ ਬੈਠੇ ਨੇ। ਇਹਨੇ ਮੰਤਰ ਦੱਸਿਆ, ਲੇਕਿਨ ਅੰਦਰੋਂ ਇਹ ਖਿਆਲ ਇਹਦੇ ਅੰਦਰ ਬਾਰ-ਬਾਰ ਆਈ ਜਾਂਦਾ ਹੈ ਕਿ ਮੈਂ ਤਾਂ ਤਿਆਗੀ ਹਾਂ। ਇਹ ਗ੍ਰਹਿਸਤੀ ਨੇ। ਇਹ ਰਾਜੇ ਨੇ। ਕਿੰਨਾ ਮਾਲ ਮੈਂ ਦੇਖ ਕੇ ਆਇਆ ਹਾਂ ਲੰਘਦਾ-ਲੰਘਦਾ। ਕਰੋੜਾਂ ਰੁਪਏ ਦੇ ਗਹਿਣੇ, ਚੀਜ਼ਾਂ ਪਈਆਂ ਨੇ। ਇਹ ਤਾਂ ਬੜੇ ਭਾਰੇ ਗ੍ਰਹਿਸਤੀ ਨੇ, ਹੋਣਗੇ ਬ੍ਰਹਮਗਿਆਨੀ ਜ਼ਰੂਰ ਹੋਣਗੇ, ਪਰ ਮਾਇਆ ਤਾਂ ਇਨ੍ਹਾਂ ਦੇ ਆਲੇ-ਦੁਆਲੇ ਫਿਰਦੀ ਹੈ। ਆਪਣੀ ਚਿੱਪੀ ਤੇ ਲੰਗੋਟੀ ਜਿਹੜੀ ਵਾਧੂ ਸੀ ਉਹ ਬਾਹਰ ਰੱਖ ਆਇਆ। ਦੁਆਰਪਾਲ ਦੇ ਪਾਸ। ਉਥੇ ਬਚਨ ਹੋਣੇ ਸ਼ੁਰੂ ਹੋ ਗਏ, ਉਤੇ ਨੂੰ ਦੇਖਿਆ ਤਾਂ ਇੱਕ ਕੱਚੇ ਧਾਗੇ ਦੇ ਨਾਲ ਬੰਨ੍ਹੀ ਹੋਈ ਤਲਵਾਰ ਲਟਕਦੀ ਹੈ, ਉਹਦੇ ਥੱਲੇ ਬੈਠਾ ਹੈ। ਉਹ ਬਚਨ ਕਰਦੇ ਨੇ ਪਰ ਇਹਦੀ ਬਿਰਤੀ ਨਹੀਂ ਟਿਕ ਰਹੀ, ਤਲਵਾਰ ਵਲ ਨੂੰ ਦੇਖੀ ਜਾਂਦਾ ਹੈ ਥੋੜ੍ਹੀ-ਥੋੜ੍ਹੀ ਦੇਰ ਬਾਅਦ। ਥੋੜ੍ਹੀ ਜਿਹੀ ਦੇਰ ਬਾਅਦ ਦੇਖ ਲੈਂਦਾ ਹੈ। ਉਹ ਕਹਿੰਦੇ, ਤੂੰ ਸੁਰਤ ਇਕਾਗਰ ਕਰ। ਸੁਰਤ ਇਕਾਗਰ ਨਹੀਂ ਹੋ ਰਹੀ, ਐਨੇ ਨੂੰ ਦੁਆਰਪਾਲ ਨੇ ਦੱਸਿਆ ਕਿ ਮਹਾਰਾਜ! ਅੱਗ ਲਗ ਗਈ ਮਹਿਲਾਂ ਨੂੰ, ਆਹ ਵੀ ਜਲ ਗਿਆ, ਆਹ ਵੀ ਜਲ ਗਿਆ, ਦੱਸੀ ਜਾਂਦੇ ਨੇ ਆ-ਆ ਕੇ। ਉਸ ਤੋਂ ਬਾਅਦ ਕਹਿੰਦੇ ਕਿ ਜਿਹੜਾ ਮੁਖ ਦੁਆਰ ਹੈ, ਮਹਾਰਾਜ! ਉਥੇ ਵੀ ਆ ਪਹੁੰਚੀ। ਉਥੇ ਇਹਦੀ

ਚਿੱਪੀ ਤੇ ਲੰਗੋਟੀ ਪਈ ਸੀ। ਇਹ ਵਿਚਾਲੇ ਹੀ ਬਚਨ ਛੱਡ ਕੇ, ਨੱਠ ਕੇ ਚਲਿਆ ਗਿਆ, ਜਾ ਕੇ ਚੁੱਕ ਲਿਆਇਆ। ਰਾਜਾ ਜਨਕ ਕਹਿੰਦਾ, ਤੂੰ ਤਾਂ ਬੜਾ ਮਾਇਆਧਾਰੀ ਹੈਂ। ਦੇਖ ਜਿਹਨੂੰ ਤੂੰ ਮੇਰੀ ਮਾਇਆ ਕਹਿੰਦਾ ਹੈਂ, ਦੇਖ ਕਿੰਨੀ ਜਲ ਗਈ, ਮਹਿਲ ਜਲ ਗਏ, ਤਬੇਲੇ ਜਲ ਗਏ, ਖਜ਼ਾਨਾ ਜਲ ਗਿਆ ਪਰ ਮੈਂ ਤਾਂ ਉਸੇ ਤਰ੍ਹਾਂ ਬਚਨ ਕਰ ਰਿਹਾ ਹਾਂ। ਮੇਰਾ ਤਾਂ ਧਿਆਨ ਵੀ ਨਹੀਂ ਓਧਰ ਗਿਆ ਤੇ ਤੂੰ ਤਾਂ ਇੱਕ ਚਿੱਪੀ 'ਚ ਹੀ ਫਸਿਆ ਬੈਠਾ ਹੈਂ। ਜਾਹ, ਪਹਿਲਾਂ ਸਾਧਨਾ ਕਰਕੇ ਆ।

ਵਾਪਸ ਮੋੜ ਦਿੱਤਾ। ਪਛਤਾਇਆ ਕਿ ਮੈਂ ਮਾਇਆਧਾਰੀ ਉਹਨੂੰ ਕਹਿੰਦਾ ਸੀ, ਦਰਅਸਲ ਤਾਂ ਮਾਇਆਧਾਰੀ ਮੈਂ ਹੀ ਨਿਕਲਿਆ ਫੇਰ। ਉਸ ਵੇਲੇ ਜਦ ਤੀਜੀ ਵਾਰੀ ਜਾਂਦਾ ਹੈ। ਉਸ ਵੇਲੇ ਗੁਰੂ ਮਹਾਰਾਜ ਸਮਝਾਉਂਦੇ ਨੇ ਕਿ ਮਹਾਂਪੁਰਸ਼ਾਂ ਦੇ ਕੋਲ ਜੇ ਜਾਣਾ ਹੈ, ਜੇ ਲੈਣਾ ਹੈ ਕੁਛ ਤਾਂ ਆਪਣੀ ਹਉ ਨੂੰ ਪੂਰਨ ਤੌਰ ਦੇ ਉੱਤੇ ਸਮਰਪਣ ਕਰਨਾ ਪੈਂਦਾ ਹੈ, ਇਸ ਤਰ੍ਹਾਂ ਸਮਝਾਉਂਦੇ ਨੇ –

***ਧਾਰਨਾ – ਮੁਰਦਾ ਹੋਇਕੈ ਮੁਰੀਦ ਬਣ ਜਾਵਣਾ।***

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***

ਗੁਰੂ ਨਹੀਂ ਪਤੀਜਿਆ ਕਰਦਾ, ਜਦੋਂ ਤਕ ਮੁਰੀਦ ਜਿਹੜਾ ਹੈ ਆਪਣੇ ਆਪ ਨੂੰ ਮੁਰਦਾ ਨਹੀਂ ਬਣਾਉਂਦਾ। ਗੁਰੂ ਗੋਰ 'ਚ ਸਮਾਅ ਨਹੀਂ ਸਕਿਆ ਕਰਦਾ, ਦੋਹਾਂ ਦਾ ਥਾਂ ਨਹੀਂ ਉਥੇ, ਇੱਕ ਦਾ ਥਾਂ ਹੈ।

***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***
***ਦਰ ਦਰਵੇਸੁ ਰਸੀਦੁ ਪਿਰਮ ਰਸ ਭੋਵਣਾ।***
***ਚੰਦ ਮੁਮਾਰਖ ਈਦ ਪੁਗ ਖਲੋਵਣਾ।***
***ਭਾਈ ਗੁਰਦਾਸ ਜੀ ਵਾਰ, ੩, ਪਉੜੀ ੧੮***

ਸੋ ਇਸ ਤਰ੍ਹਾਂ ਦੇ ਨਾਲ ਇਹ ਰਹਿਤ ਜੇ ਹੋਵੇ ਤਾਂ ਮਹਾਤਮਾ ਤੋਂ, ਗੁਰੂ ਤੋਂ ਕੋਈ ਚੀਜ਼ ਲੱਭ ਜਾਂਦੀ ਹੈ, ਜਿੰਨਾਂ ਚਿਰ ਇਹ ਅਵਸਥਾ ਨਹੀਂ ਆਉਂਦੀ ਉਹ ਚੁੱਪ ਰਹਿੰਦੇ ਨੇ, ਕਿਉਂਕਿ ਗਾਹਕ ਨਹੀਂ ਹੈ ਕੋਈ।

***ਵਿਣੁ ਗਾਹਕ ਗੁਣ ਵੇਚੀਐ***
***ਤਉ ਗੁਣੁ ਸਹਘੋ ਜਾਇ ॥***
***ਗੁਣ ਕਾ ਗਾਹਕੁ ਜੇ ਮਿਲੈ***
***ਤਉ ਗੁਣੁ ਲਾਖ ਵਿਕਾਇ ॥ ਅੰਗ – ੧੦੮੬***

ਸੋ ਹੁਣ ਤੀਜੀ ਵਾਰੀ ਪੂਰੇ ਇਰਾਦੇ ਨਾਲ ਜਾ ਰਿਹਾ ਹੈ ਕਿ ਮੈਂ ਤਾਂ ਕੁਛ ਹੈ ਹੀ ਨਹੀਂ, ਕਿਵੇਂ ਕਰਨ, ਚਾਹੇ ਧੱਕੇ ਦੇਣ, ਚਾਹੇ ਮਾਰਨ, ਚਾਹੇ ਗਾਲ੍ਹਾਂ ਕੱਢਣ। ਪੂਰੀ ਸ਼ਰਧਾ ਨਾਲ ਜਾ ਰਿਹਾ ਹੈ। ਮੈਂ ਦਾ ਝਗੜਾ ਹੁੰਦਾ ਹੈ, ਸੰਤਾਂ ਕੋਲ ਜਾਣ ਵੇਲੇ। ਆਪਣੇ ਗੁਰੂ ਕੋਲ ਜਾਓ, ਸੰਤਾਂ ਮਹਾਤਮਾ ਕੋਲ ਜਾਓ, ਮੈਂ ਨਹੀਂ ਓਥੇ ਭਾਇਆ ਕਰਦੀ –

***ਹਰਿ ਜੀਉ ਅਹੰਕਾਰੁ ਨ ਭਾਵਈ***
***ਵੇਦ ਕੂਕਿ ਸੁਣਾਵਹਿ ॥ ਅੰਗ – ੧੦੮੯***

ਰੱਬ ਨੂੰ ਵੀ ਨਹੀਂ ਭਾਉਂਦਾ, ਤਾਂ ਹੁਣ ਤੀਸਰੀ ਵਾਰੀ ਪਤਾ ਲੱਗਿਆ, ਦੁਆਰਪਾਲ ਨੇ ਜਾ ਕੇ ਦੱਸਿਆ ਕਿ ਮਹਾਰਾਜ! ਓਹੀ ਸਾਧੂ ਜਿਹੜਾ ਪਿਛਲੀ ਵਾਰੀ 'ਤੇ ਚਲਿਆ ਗਿਆ ਸੀ, ਅੱਗ ਲੱਗਣ ਨਾਲ, ਅੱਜ ਫੇਰ ਖੜ੍ਹਾ ਹੈ। ਕਹਿੰਦੇ, ਧੱਕੇ ਮਾਰੋ ਉਹਨੂੰ, ਅੰਦਰ ਨਹੀਂ ਆਉਣ ਦੇਣਾ, ਬਥੇਰਾ ਕਹਿੰਦਾ ਹੈ ਕਿ ਮੈਂ ਰਾਜਾ ਜੀ ਨੂੰ ਮਿਲਣਾ ਹੈ, ਮੈਂ ਉਨ੍ਹਾਂ ਨੂੰ ਮਿਲਣਾ ਹੈ, ਮੈਂ ਰੂਹਾਨੀ ਗੱਲ ਕਰਨੀ ਹੈ, ਮੈਂ ਦੁਨੀਆਂਦਾਰ ਨਹੀਂ ਹਾਂ, ਮੈਂ ਕੁਛ ਮੰਗਣ ਨਹੀਂ ਆਇਆ। ਮੈਂ ਤਾਂ ਉਹ ਸੌਦਾ ਪੈਣ ਆਇਆ ਹਾਂ ਇਨ੍ਹਾਂ ਤੋਂ ਜਿਹੜਾ ਕੋਈ ਵੀ ਨਹੀਂ ਲੈਂਦਾ। ਮੈਂ ਆਪਣਾ ਆਪ ਵੇਚਣ ਆਇਆ ਹਾਂ। ਤੁਸੀਂ ਕਹਿ ਤਾਂ ਦਿਓ ਉਹਨੂੰ। ਕਹਿੰਦੇ, ਅਸੀਂ ਅੰਦਰ ਹੀ ਨਹੀਂ ਜਾਣ ਦੇਣਾ ਤੈਨੂੰ। ਅੱਜ ਸਰਾਪ ਨਹੀਂ ਦਿੰਦਾ, ਅੱਜ ਰੋਹਬ ਨਹੀਂ ਦਿੰਦਾ, ਧੱਕੇ ਮਾਰਦੇ ਨੇ ਉਹਨੂੰ, ਜਿੱਥੇ ਤੱਕ ਛੱਡ ਆਉਂਦੇ ਨੇ ਖੜ੍ਹ ਜਾਂਦਾ ਹੈ, ਜਦੋਂ ਉਹ ਚਲੇ ਜਾਂਦੇ ਨੇ ਫੇਰ ਆ ਜਾਂਦਾ ਹੈ।

ਰਾਜਾ ਜਨਕ ਨੇ ਪੁੱਛਿਆ ਕਿ ਗਿਆ ਕਿ ਨਹੀਂ?

ਕਹਿਣ ਲੱਗੇ, ਮਹਾਰਾਜ! ਅਸੀਂ ਛੱਡ ਆਉਂਦੇ ਹਾਂ ਦੂਰ ਤਕ, ਕੁੱਟ ਮਾਰ ਵੀ ਕਰ ਦਿੰਦੇ ਹਾਂ, ਫੇਰ ਆ ਜਾਂਦਾ ਹੈ।

ਕਹਿੰਦੇ ਅੰਦਰ ਨਹੀਂ ਵੜਨ ਦੇਣਾ।

ਉਸ ਵੇਲੇ ਉਹ ਕਹਿੰਦੇ ਕਿ ਤੈਨੂੰ ਹੁਕਮ ਨਹੀਂ ਹੈ ਅੰਦਰ ਵੜਨ ਦਾ। ਅੱਜ ਨਹੀਂ ਤੂੰ ਜਾ ਸਕਦਾ। ਉਸ ਵੇਲੇ ਖਿੜਕੀ ਜਿਹੜੀ ਰਾਜੇ ਦੇ ਮਹਲ ਦੀ ਜਿਹੜੀ ਸੀ, ਉਹ ਦੇਖੀ ਤੇ ਉਹਦੇ ਥੱਲੇ ਬਹਿ ਗਿਆ। ਉਧਰਲੇ ਪਾਸੇ ਰਾਜੇ ਜਨਕ ਦਾ ਰੋਜ਼ ਦਾ ਹੀ ਨੇਮ ਸੀਗਾ ਕਿ ਬਹੁਤ ਸਾਰੇ ਅਤਿਥੀਆਂ ਬ੍ਰਾਹਮਣਾਂ ਨੂੰ ਬੁਲਾ ਕੇ ਪ੍ਰਸ਼ਾਦਾ ਛਕਾਉਣਾ। ਉਹਦੇ ਬਾਅਦ ਉਨ੍ਹਾਂ ਦੀਆਂ ਜੂਠੀਆਂ ਪੱਤਲਾਂ ਆਪਣੇ ਹੱਥਾਂ ਨਾਲ ਚੁੱਕਣੀਆਂ ਤੇ ਉਹ ਚੁੱਕ ਕੇ ਖਿੜਕੀ ਤਾਂਈਂ ਬਾਹਰ ਸੁੱਟ ਦਿੰਦੇ ਸੀ। ਸਫਾਈ ਵਾਲੇ ਆਉਂਦੇ ਸੀ, ਉਥੋਂ ਚੁੱਕ ਕੇ ਲੈ ਜਾਂਦੇ ਸੀ।

ਅੱਜ ਹੁਕਮ ਕਰ ਦਿੱਤਾ ਕਿ ਇਹ ਪੱਤਲਾਂ ਚੁਕਣੀਆਂ ਨਹੀਂ ਹਨ, ਪਈਆਂ ਰਹਿਣ ਦਿਓ ਇੱਥੇ ਹੀ। ਸੁਕਦੇਵ ਬੈਠਾ ਸੀ ਖਿੜਕੀ ਦੇ ਹੇਠਾ ਹੀ। ਢੇਰ ਲਗ ਗਿਆ, ਸਭ ਦਾਲਾਂ ਵਗੈਰਾ ਉਪਰ ਪੈ ਗਈਆਂ, ਦਬ ਗਿਆ ਪੱਤਲਾਂ ਦੇ ਥੱਲੇ, ਕਈ ਦਿਨ ਸੁੱਟਦੇ ਰਹੇ। ਉਸ ਤੋਂ ਬਾਅਦ ਰਾਜੇ ਜਨਕ ਨੇ ਪਹਿਰੇਦਾਰਾਂ ਨੂੰ ਪੁੱਛਿਆ ਕਿ ਉਹ ਕਿੱਥੇ ਹੈ ਸੁਕਦੇਵ, ਕਹਿੰਦੇ ਮਹਾਰਾਜ! ਉਹ ਤਾਂ ਉਠਿਆ ਹੀ ਨਹੀਂ, ਪੱਤਲਾਂ ਦੇ ਥੱਲੇ ਦਬਿਆ ਪਿਆ ਹੈ। ਹੇਠਾਂ ਉਤਰ ਆਏ, ਪੱਤਲਾਂ ਦੇ ਥੱਲਿਓਂ ਕੱਢ ਲਿਆ। ਕਹਿੰਦੇ ਇਹਦਾ ਇਸ਼ਨਾਨ ਕਰਾਓ। ਇਸ਼ਨਾਨ ਕਰਾਇਆ, ਨਿਮਰਤਾ ਹੈ ਹੱਦ ਦਰਜੇ ਦੀ, ਕੁਛ ਨਹੀਂ ਸਮਝਿਆ ਕਿ ਮੈਂ ਕੋਈ ਵੱਡਾ ਰਿਸ਼ੀ, ਐਨੇ ਸਾਲ

ਮੈਂ ਤਪ ਕਰਕੇ ਆਇਆ ਹਾਂ, ਮੈਂ ਵੇਦ ਵਿਆਸ, ਜਗਤ ਦੇ ਪ੍ਰਸਿੱਧ ਬ੍ਰਹਮਗਿਆਨੀ ਮਹਾਂਪੁਰਸ਼ ਦਾ ਮੈਂ ਬੱਚਾ ਹਾਂ। ਸਭ ਕੁਛ ਭੁੱਲ ਗਿਆ। ਕਹਿਣ ਲੱਗੇ, ਮਹਾਰਾਜ! ਮੈਂ ਨਾਮ ਦੀ ਦਾਤ, ਗਿਆਨ ਦੀ ਪ੍ਰਾਪਤੀ ਵਾਸਤੇ ਆਪ ਦੇ ਪਾਸ ਆਇਆ ਹਾਂ। ਕਹਿੰਦੇ ਉਹ ਤਾਂ ਬਹੁਤ ਔਖਾ ਹੈ, ਬਹੁਤ ਮਹਿੰਗਾ ਹੈ, ਤਿਆਰ ਹੈਂ ਟੈਸਟ ਦੇਣ ਨੂੰ। ਮਹਾਰਾਜ ਦੱਸੋ, ਆਹ ਟੀਨ ਦਾ ਛੰਨਾ ਹੈ ਭਰਿਆ ਹੋਇਆ, ਇਹਨੂੰ ਹਥੇਲੀ 'ਤੇ ਰੱਖ ਲੈ। ਸ਼ਹਿਰ ਦੀ ਪ੍ਰਕਰਮਾ ਕਰਕੇ ਆ। ਜੇ ਇੱਕ ਕਤਰਾ ਡੁੱਲ੍ਹ ਗਿਆ, ਤੇਰਾ ਸੀਸ ਉਥੇ ਹੀ ਕਲਮ ਕਰ ਦਿੱਤਾ ਜਾਏਗਾ। ਪਹਿਰੇਦਾਰਾਂ ਨੂੰ ਕਹਿ ਦਿੱਤਾ ਕਿ ਨੰਗੀ ਤਲਵਾਰ ਲੈ ਕੇ ਪਿੱਛੇ ਚੱਲੋ ਜੇ ਇੱਕ ਕਤਰਾ ਵੀ ਡੁੱਲ੍ਹ ਗਿਆ, ਉੱਥੇ ਹੀ ਇਹਦਾ ਸਿਰ ਕਲਮ ਕਰ ਦਿਓ ਤੇ ਦੂਜੇ ਪਾਸੇ ਵਜ਼ੀਰ ਨੂੰ ਹੁਕਮ ਦੇ ਦਿੱਤਾ ਕਿ ਸਾਰੇ ਸ਼ਹਿਰ ਦੀ ਜਿਹੜੀ ਬਾਹਰਲੀ ਪ੍ਰਕਰਮਾ ਹੈ ਉਥੇ ਨਾਚ ਗਾਉਣੇ, ਜੋ ਕੁਛ ਵੀ ਹੈ, ਰੌਲਾ-ਰੱਪਾ ਸਭ ਪੁਆਓ। ਇਹਦੀ ਬਿਰਤੀ ਹਿਲਾਉਣੀ ਹੈ। ਉਹ ਸ਼ੁਰੂ ਹੋ ਗਏ, ਰੌਲੇ ਪੈਂਦੇ ਨੇ, ਗਾਉਣੇ ਹੁੰਦੇ ਨੇ, ਨਾਚ ਹੁੰਦੇ ਨੇ ਪਰ ਆਰਾਮ ਨਾਲ ਇਹਦੀ ਨਿਗ੍ਹਾ ਕਿੱਥੇ ਹੈ ਤੇਲ 'ਤੇ। ਨਾ ਬਾਹਰਲਾ ਪਤਾ ਹੈ, ਨਾ ਆਪਣਾ ਪਤਾ ਹੈ। ਹੌਲੀ-ਹੌਲੀ ਪੈਰ ਪੁੱਟੀ ਜਾਂਦਾ ਹੈ, ਐਨਾ ਪਤਾ ਹੈ ਕਿ ਇੱਕ ਨੰਗੀ ਤਲਵਾਰ ਵਾਲਾ ਮੇਰੇ ਨੰਗੀ ਵਾਲਾ ਮੇਰੇ ਮਗਰ ਆ ਰਿਹਾ ਹੈ, ਬਾਕੀ ਕੁਛ ਨਹੀਂ, ਜਾਂ ਤੇਲ ਦਿਸਦਾ ਹੈ, ਜਾਂ ਉਹ ਤਲਵਾਰ ਵਾਲਾ ਕੰਮ ਦਿਸਦਾ ਹੈ। ਸਾਰੇ ਗੇੜਾ ਕੱਢ ਕੇ ਆ ਗਿਆ। ਹੱਥ ਦੇਖਿਆ, ਰਾਜੇ ਜੰਗਲ ਨੇ, ਤੇਲ ਦਾ ਇੱਕ ਕਤਰਾ ਵੀ ਨਹੀਨ ਡੁਲ੍ਹਿਆ। ਉਸ ਵੇਲੇ ਕਹਿਣ ਲੱਗੇ ਕਿ ਠੀਕ ਹੈ ਤੂੰ ਟੈਸਟ ਪਾਸ ਕਰ ਲਿਆ, ਹੁਣ ਐਉਂ ਕਰ ਤੇਰੇ ਕੋਲ ਜਿਹੜੀਆਂ ਤੇਰੀਆਂ ਚੀਜ਼ਾਂ ਨੇ ਉਹ ਸਾਨੂੰ ਦੇ ਦੇ ਸਾਰੀਆਂ। ਕਹਿੰਦਾ ਮਹਾਰਾਜ! ਮੇਰੇ ਕੋਲ ਤਾਂ ਆਹ ਇੱਕ ਚਿੱਪੀ ਹੈ ਇੱਕ ਲੰਗੋਟੀ ਹੈ। ਇੱਕ ਮੇਰੇ ਤੇੜ ਪਹਿਨੀ ਹੋਈ ਹੈ, ਕਹਿੰਦੇ ਚੰਗਾ ਤੇੜ ਵਾਲੀ ਤਾਂ ਰੱਖ ਲੈ। ਹੋਰ ਕਿਹੜੀ ਚੀਜ਼ ਹੈ ਤੇਰੇ ਕੋਲ? ਕਹਿੰਦਾ ਮੇਰੇ ਕੋਲ ਤਾਂ ਹੋਰ ਹੈ ਨਹੀਂ ਕੁਛ। ਕਹਿੰਦੇ ਤੇਰਾ ਸਰੀਰ? ਪੰਜਾਂ ਤੱਤਾਂ ਦਾ ਸਰੀਰ ਹੈ, ੨੫ ਪ੍ਰਾਕ੍ਰਿਤੀਆਂ ਨੇ, ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ, ਪੰਜ ਇਹਦੇ ਅੰਦਰ ਪ੍ਰਾਣ ਚਲਦੇ ਨੇ, ਇਹ ਤੇਰੇ ਨਹੀਂ ਹਨ?

ਕਹਿੰਦਾ ਹਾਂ ਜੀ?

ਕਹਿੰਦੇ, ਇਹ ਸਾਨੂੰ ਦੇ ਦੇ।

ਕਹਿੰਦੇ, ਹੁਣ ਕੀ ਰਹਿ ਗਿਆ ਤੇਰੇ ਕੋਲ?

ਕਹਿੰਦਾ, ਮਹਾਰਾਜ! ਹੁਣ ਤਾਂ ਮੇਰੇ ਕੋਲ ਕੁਛ ਨਹੀਂ।

ਕਹਿੰਦੇ, ਤੇਰੇ ਕੋਲ ਅਜੇ ਸੂਖਸ਼ਮ ਸਰੀਰ ਬਚਦਾ ਹੈ। ਇਹ ਸਾਡੇ ਹਵਾਲੇ ਕਰ ਦੇ। ਇਹਦੇ ਵਿੱਚ ਮਨ ਵੀ ਹੈ, ਬੁੱਧੀ ਵੀ, ਇਹਦੇ ਵਿੱਚ ਅੰਤਸ਼ਕਰਣ ਵੀ ਹੈ। ਕਹਿੰਦੇ, ਇਹ ਵੀ ਸਾਡੇ ਹਵਾਲੇ ਕਰ ਦੇ। ਤੂੰ ਲਈਂ ਬੈਠਾ ਹੈ, ਕਹਿੰਦੇ ਜੋ ਕੁਛ ਤੇਰੇ ਕੋਲ ਹੈ, ਤੈਨੂੰ ਕਹਿੰਦੇ ਹਾਂ ਦੇ ਦੇ ਸਾਨੂੰ।

ਸਮਝ ਗਿਆ, ਕਹਿਣ ਲੱਗਿਆ ਕਿ ਮਹਾਰਾਜ! ਅੱਜ ਤੋਂ ਸਭ ਚੀਜ਼ਾਂ ਤੁਹਾਡੀਆਂ। ਕਹਿੰਦੇ, ਹੁਣ ਤੇਰੇ ਕੋਲ ਕਾਰਨ ਸਰੀਰ ਹੈ, ਇਹ ਵੀ ਸਾਨੂੰ ਦੇ ਦੇ, ਉਹ ਚੇਤਨਾ ਮਾਤਰ ਹੈ। ਹੋਸ਼ ਜਿਹੀ ਹੈ ਤੇਰੇ ਅੰਦਰ, ਇਹ ਹੋਸ਼ ਸਾਨੂੰ ਦੇ ਦੇ। ਹੁਣ ਤੇਰੇ ਕੋਲ ਕੀ ਬਚ ਗਿਆ? ਕਹਿੰਦਾ, ਮੇਰੇ ਕੋਲ ਤਾਂ ਕੋਈ ਨਹੀਂ। ਕਹਿੰਦੇ, ਜਿਹੜਾ ਇਹ ਕਹਿੰਦਾ ਹੈ ਕਿ ਮੇਰੇ ਕੋਲ, ਮੇਰਾਪਨ ਵੀ ਮੈਨੂੰ ਦੇ ਦੇ। ਮੈਂ ਤੇ ਮੇਰੀ ਵੀ ਮੈਨੂੰ ਦੇ ਦੇ। ਕਹਿੰਦੇ ਹੁਣ ਕੀ ਬਚਿਆ ਹੈ? ਚੁੱਪ। ਬੋਲਦੀ ਤਾਂ ਆਹੀ ਸੁਰਤ ਹੈ ਜਿਹੜੀ ਹਉਮੈ ਵਾਲੀ ਸੁਰਤ ਹੈ, ਦੂਜੀ ਸੁਰਤ ਤਾਂ ਹੋਰ ਹੈ, ਹੁਕਮ ਦੀ ਸੁਰਤ ਹੈ। ਆਹੀ ਹੈ ਜਿਹੜੀਆਂ ਗੱਲਾਂ ਘਟਾ ਵਧਾ ਕੇ ਕਰਦੀ ਹੈ। ਉਸ ਦੇ ਬਾਰੇ ਗੁਰੂ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ -ਮਨ ਭੋਲਿਆ ਹਉਮੈ ਸੁਰਤਿ ਵਿਸਾਰ।***

ਆਹ ਜਿਹੜੀ ਤੇਰੀ ਸੁਰਤ ਹੈ ਨਾ ਕਿ ਮੈਂ ਤਪ ਕੀਤਾ, ਮੈਂ ਜਾਪ ਕਰਿਆ, ਮੈਂ ਬ੍ਰਾਹਮਣ ਦਾ ਲੜਕਾ ਹਾਂ, ਮੈਂ ਵੇਦ-ਵਿਆਸ ਜੀ ਦਾ ਲੜਕਾ ਹਾਂ। ਮੇਰੇ 'ਚ ਆਹ ਸ਼ਕਤੀ ਹੈ, ਮੇਰੇ 'ਚ ਆਹ ਸ਼ਕਤੀ ਹੈ, ਕਹਿੰਦੇ ਆਹ ਭੁੱਲ ਜਾ ਪਹਿਲਾਂ। ਇਹ ਭੁੱਲ ਜਾ ਸਾਰੀ। ਬਾਕੀ ਹੁਣ ਦੇਖ ਕੀ ਰਹਿ ਗਿਆ। ਬਾਕੀ ਇੱਕੋ ਚੇਤਨ ਰਹਿ ਗਿਆ, ਪ੍ਰੀਪੂਰਨ। ਕਹਿੰਦੇ ਇਹ ਤੇਰਾ ਸਰੂਪ ਹੈ, ਕਹਿਣ ਦੀ ਦੇਰ ਸੀ, ਨਾਲ ਕ੍ਰਿਪਾ ਕਰ ਦਿੱਤੀ। ਕਹਿਣ ਨਾਲ ਇਕੱਲੀ ਗੱਲ ਨਹੀਂ ਬਣਦੀ। ਕਹਿੰਦੇ, ਜੀਅ ਦਾਨ ਹੁੰਦਾ ਹੈ -

***ਜਨਮ ਮਰਣ ਦੁਹਹੂ ਮਹਿ ਨਾਹੀ***<br>
***ਜਨ ਪਰਉਪਕਾਰੀ ਆਏ ॥***<br>
***ਜੀਅ ਦਾਨੁ ਦੇ ਭਗਤੀ ਲਾਇਨਿ***<br>
***ਹਰਿ ਸਿਉ ਲੈਨਿ ਮਿਲਾਏ ॥ ਅੰਗ - ੭੪੯***

ਪੂਰਾ ਗਾਹਕ ਸੀਗਾ, ਜੀਅ ਦਾਨ ਦੇ ਕੇ ਜੀਉਂਦਾ ਕਰ ਦਿੱਤਾ। ਜੀਵਨ ਮੁਕਤ ਬਣਾ ਦਿੱਤਾ। ਤ੍ਰਿਕਾਲਦਰਸ਼ੀ ਹੋ ਗਿਆ, ਸੋ ਮਿਲੀ ਕਿੱਥੋਂ ਇਹ ਚੀਜ਼? ਕਹਿੰਦੇ -

***ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥***<br>
***ਸੰਤ ਜਨਾ ਮਿਲਿ ਪਾਈਐ***<br>
***ਰਸਨਾ ਨਾਮੁ ਭਣਾ ॥ ਅੰਗ - ੧੩੩***

ਮਿਲੀ ਕਿੱਥੋਂ? ਸੰਤ ਜਨਾਂ ਨੂੰ ਮਿਲ ਕੇ। ਸੋ ਮਹਾਰਾਜ ਕਹਿੰਦੇ, ਪਿਆਰਿਓ! ਜਿਹੜੀ ਚੀਜ਼ ਨੂੰ ਖੋਜਣ ਆਏ ਓਂ, ਉਹਦੀ ਪ੍ਰਾਪਤੀ ਐਸ ਤਰ੍ਹਾਂ ਨਾਲ ਹੋਇਆ ਕਰਦੀ ਹੈ। ਦੂਸਰਾ ਹੈ ਕਿ ਰਸਨਾ ਦੇ ਨਾਲ ਨਾਮ ਜਪੋ। ਸਵਾਸ ਨਾਲ ਨਾਮ ਜਪੋ, ਹੋਰ ਸਾਰੀਆਂ ਅਵਸਥਾਵਾਂ, ਅਨਹਦ ਸ਼ਬਦ ਨਾਲ ਨਾਮ ਜਪੋ। ਰੋਮ-ਰੋਮ ਨਾਲ ਜਪੋ, ਪਸੰਤੀ ਬਾਣੀ, ਪਰਾ ਬਾਣੀ, ਦਸਵੇਂ ਦੁਆਰ 'ਚ ਨਾਮ ਜਪੋ। ਉਹ ਨਾਮ ਜਿਹੜਾ ਹੈ ਉਹ ਬ੍ਰਹਮਗਿਆਨ ਨੂੰ ਸ਼ਕਤੀ ਦਿੰਦਾ ਹੈ ਨਹੀਂ ਤਾਂ ਇਹ ਮੁੜ ਕੇ ਮਾਇਆ ਫੇਰ ਪੈ ਜਾਇਆ ਕਰਦੀ ਹੈ। ਮੈਂ ਫੇਰ ਜਾਗ ਪੈਂਦੀ ਹੈ, ਕੋਈ ਵਿਰਲਾ ਜਗਿਆਸੂ ਹੈ ਜਿਹਦੀ ਮੈਂ ਨਹੀਂ ਜਾਗਦੀ। ਦੂਜਿਆਂ 'ਚ ਤਾਂ ਅਸੀਂ ਰਹਿੰਦੇ ਹੀ ਮੈਂ ਵਿੱਚ ਹਾਂ। ਸੋ ਕਹਿਣ ਲੱਗੇ, ਸੁਕਦੇਵ! ਇਹ ਜਿਹੜਾ ਤੂੰ ਰਾਜਭਾਗ ਦੇਖਦਾ ਹੈਂ, ਇਹ ਜਿਹੜੇ ਸਾਰੇ ਕਾਰੋਬਾਰ ਦੇਖਦਾ ਹੈ, ਇਹ ਸਭ ਹੁਕਮ ਦੀ ਖੇਡ ਹੋ ਰਹੀ ਹੈ, ਇੱਥੇ ਕੋਈ ਨਹੀਨ, ਨਾ ਮੈਂ ਹਾਂ ਨਾ ਤੂੰ ਹੈਂ। ਇੱਕੋ ਹੀ ਅਕਾਲ ਪੁਰਖ ਹੈ। ਉਹ ਤਾਂ ਆਪ ਹੀ ਆਪਣੀ ਕ੍ਰਿਆ ਕਰ ਰਿਹਾ ਹੈ -

***ਅਪਨੀ ਮਾਇਆ ਆਪਿ ਪਸਾਰੀ***
***ਆਪਹਿ ਦੇਖਨਹਾਰਾ ॥***
***ਨਾਨਾ ਰੂਪੁ ਧਰੇ ਬਹੁ ਰੰਗੀ***
***ਸਭ ਤੇ ਰਹੈ ਨਿਆਰਾ ॥ ਅੰਗ - ੫੩੭***

ਜਿਹੜਾ ਤੈਨੂੰ ਮਾਇਆ ਤੋਂ ਨਿਆਰਾਪੁਣ ਦਿਖਾਇਆ ਹੈ, ਖਿੱਚ ਕੇ ਸਾਰੀ ਮਾਇਆ 'ਚੋਂ ਵੱਖਰਾ ਕਰਕੇ ਸਰੂਪ ਦਿਖਾਇਆ ਹੈ, ਇਹ ਤੇਰਾ ਰੂਪ, ਇਹੀ ਪ੍ਰਮੇਸ਼ਰ ਹੈ।

***ਕਬੀਰ ਤੂੰ ਤੂੰ ਕਰਤਾ ਤੂ ਹੂਆ***
***ਮੁਝ ਮਹਿ ਰਹਾ ਨ ਹੂੰ ॥***
***ਜਬ ਆਪਾ ਪਰ ਕਾ ਮਿਟਿ ਗਇਆ***
***ਜਤ ਦੇਖਉ ਤਤ ਤੂ ॥ ਅੰਗ - ੧੩੭੫***

ਤੂੰ ਹੀ ਰਹਿ ਗਿਆ। ਸੋ ਮਹਾਰਾਜ ਕਹਿੰਦੇ ਪਿਆਰਿਓ -

***ਜਿਨਿ ਪਾਇਆ ਪ੍ਰਭੁ ਆਪਣਾ***
***ਆਏ ਤਿਸਹਿ ਗਣਾ ॥ ਅੰਗ - ੧੩੩***

ਕਹਿੰਦੇ ਉਨ੍ਹਾਂ ਦਾ ਆਉਣਾ ਤਾਂ ਗਿਣਿਆ ਜਾਂਦਾ, ਬਾਕੀ ਤਾਂ ਕੂੜ-ਕੁਬਾੜ ਤੁਰਿਆ ਫਿਰਦਾ ਹੈ -

***ਧਾਰਨਾ - ਆਇਆ ਉਨ੍ਹਾਂ ਦਾ ਸਫਲ ਹੈ ਜਗ 'ਤੇ, ਜਿਹੜੇ ਜਪਦੇ ਨਾਮ ਹਰੀ ਦਾ।***

***ਇਕੁ ਖਿਨੁ ਤਿਸੁ ਬਿਨੁ ਜੀਵਣਾ***
***ਬਿਰਥਾ ਜਨਮੁ ਜਣਾ ॥ ਅੰਗ - ੧੩੩***

ਜਿਹੜਾ ਇੱਕ ਖਿਨ ਹੈ, ਅੱਖ ਦੇ ਝਮਕਣ ਜਿੰਨਾਂ ਵੀ ਜੀਉਣਾ ਹੈ ਜੇ ਉਸ ਤੋਂ ਬਗੈਰ, ਉਹ ਸਭ ਬਿਰਥਾ ਚਲਿਆ ਗਿਆ।

***ਜਲਿ ਥਲਿ ਮਹੀਅਲਿ ਪੂਰਿਆ***
***ਰਵਿਆ ਵਿਚਿ ਵਣਾ ॥ ਅੰਗ - ੧੩੩***

ਆਪ ਹੀ ਜਲਾਂ 'ਚ, ਥਲਾਂ 'ਚ, ਅਸਮਾਨ 'ਚ, ਧਰਤੀ 'ਤੇ, ਧਰਤੀ ਦੇ ਥੱਲੇ, ਹਰ ਥਾਂ ਦੇ ਉਤੇ ਪੂਰੇ ਰੂਪ ਵਿੱਚ ਰਵਿਆ ਹੋਇਆ ਹੈ। ਫੇਰ ਕਹਿੰਦੇ -

***ਸੋ ਪ੍ਰਭੁ ਚਿਤਿ ਨ ਆਵਈ***
***ਕਿਤੜਾ ਦੁਖੁ ਗਣਾ॥ ਅੰਗ - ੧੩੩***

ਕਿੰਨਾ ਦੁਖ ਪੈਂਦਾ ਹੈ, ਭੁੱਲ ਕੇ ਪ੍ਰਮੇਸ਼ਰ ਨੂੰ। ਕਰੋੜਾਂ ਜਨਮਾਂ ਦੇ ਵਿੱਚ ਅਸੀਂ ਘੁੰਮਦੇ ਫਿਰਦੇ ਹਾਂ। ਕੁੱਤੇ ਬਿੱਲੇ ਬਣਦੇ ਫਿਰਦੇ ਹਾਂ। ਹੇ ਵਾਹਿਗੁਰ! ਹੁਣ ਵਿਛੋੜਾ ਹੋ ਗਿਆ ਤੂੰ ਹੁਣ ਸਾਨੂੰ ਮੇਲ ਲੈ।

***ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥***
***ਅੰਗ - ੧੩੩***

ਜਿਨ੍ਹਾਂ ਨੇ ਏਸ ਗੱਲ ਨੂੰ ਜਾਣ ਲਿਆ, ਬੰਦਗੀ ਕਰਦੇ ਨੇ, ਕਹਿੰਦੇ ਉਨ੍ਹਾਂ ਦੇ ਭਾਗ ਮਣਾਂ ਮੂਹੀ ਨੇ ਵੱਡੇ। ਉਹ ਭਾਗਾਂ ਵਾਲੇ ਨੇ। ਦੂਜਿਆ ਵਾਸਤੇ ਤਾਂ ਕਿਹਾ ਹੈ -

***ਜਿਨੀ ਐਸਾ ਹਰਿ ਨਾਮੁ ਨ ਚੇਤਿਓ***
***ਸੇ ਕਾਹੇ ਜਗਿ ਆਏ ਰਾਮ ਰਾਜੇ ॥***
***ਇਹੁ ਮਾਣਸ ਜਨਮੁ ਦੁਲੰਭੁ ਹੈ***
***ਨਾਮ ਬਿਨਾ ਬਿਰਥਾ ਸਭੁ ਜਾਏ ॥***
***ਹੁਣਿ ਵਤੈ ਹਰਿ ਨਾਮੁ ਨ ਬੀਜਿਓ***
***ਅਗੈ ਭੁਖਾ ਕਿਆ ਖਾਏ ॥***
***ਮਨਮੁਖਾ ਨੋ ਫਿਰਿ ਜਨਮੁ ਹੈ***
***ਨਾਨਕ ਹਰਿ ਭਾਏ ॥ ਅੰਗ - ੪੫●***

ਸੋ ਉਨ੍ਹਾਂ ਦੇ ਭਾਗ ਨੇ ਜਿਨ੍ਹਾਂ ਪ੍ਰਮੇਸ਼ਰ ਨੂੰ ਰਾਵ ਲਿਆ -

***ਹਰਿ ਦਰਸਨ ਕੰਉ ਮਨੁ ਲੋਚਦਾ***
***ਨਾਨਕ ਪਿਆਸ ਮਨਾ ॥***
***ਚੇਤਿ ਮਿਲਾਏ ਸੋ ਪ੍ਰਭੂ***
***ਤਿਸ ਕੈ ਪਾਇ ਲਗਾ ॥ ਅੰਗ - ੧੩੩***

ਸੋ ਉਨ੍ਹਾਂ ਦੇ ਭਾਗ ਨੇ, ਜਿਨ੍ਹਾਂ ਨੇ ਪ੍ਰਮੇਸ਼ਰ ਨੂੰ ਰਾਵ ਲਿਆ।ਜਿਹੜਾ ਮਿਲਾ ਦੇਵੇ ਵਾਹਿਗੁਰੂ ਨੂੰ ਕਹਿੰਦੇ ਉਹਦੇ ਚਰਨਾਂ 'ਤੇ ਸੀਸ ਰੱਖ ਦੇਈਏ, ਉਹਦੇ ਪਿੱਛੇ ਲੱਗ ਜਾਈਏ, ਉਹਨੂੰ ਸਭ ਕੁਛ ਦੇ ਦੇਈਏ। ਮਨ ਅਰਪ ਦੇਈਏ, ਧਨ ਅਰਪ ਦੇਈਏ, ਤਨ ਅਰਪ ਦੇਈਏ; ਪਰ ਮਿਲਾ ਦੇਵੇ ਇੱਕ ਵਾਰੀ। ਜਦੋਂ ਕੀਮਤ ਦਿੰਦਾ ਹੈ, ਮਿਲਾਉਣ ਵਾਲਾ ਮਿਲਾ ਵੀ ਦਿੰਦਾ ਹੈ। ਕੀਮਤ ਨਹੀਂ ਦੇ ਹੁੰਦੀ, ਕੀਮਤ ਦੇਣੀ ਬਹੁਤ ਔਖੀ ਹੈ, ਜਨਮ-ਜਨਮਾਂਤਰ ਲਗ ਜਾਂਦੇ ਨੇ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਨੂੰ ਜਦ ਮੈਂ ਪਹਿਲੀ ਵਾਰੀ ਮਿਲਿਆ, ਉਨ੍ਹਾਂ ਨੇ ਕਿਹਾ ਕਿ ਇੱਕ ਕਦਮ ਰਹਿੰਦਾ ਹੈ ਤੇਰਾ, ਪੁੱਟਣ ਤੋਂ, ਤੂੰ ਪੁੱਟ ਲੈ, ਚਾਹੇ ਇਸ ਜਨਮ ਵਿੱਚ ਪੁੱਟ ਲੈ, ਚਾਹੇ ਅਗਲੇ 'ਚ, ਚਾਹੇ ਇਸ ਤੋਂ ਅਗਲੇ 'ਚ ਬੱਸ ਇੱਕ ਕਦਮ ਰਹਿ ਗਿਆ ਤੇਰਾ। ਉਹ ਤਾਂ ਜੇ ਛੋਟੀ ਜਿਹੀ ਗੱਲ ਹੁੰਦੀ, ਕਹਿੰਦੇ ਹੁਣੇ ਲੰਘ ਆ। ਬਹੁਤ ਔਖੀ ਹੈ ਇਹ ਗੱਲ। ਮਿਟਣਾ ਕੋਈ ਸੁਖਾਲੀ ਚੀਜ਼ ਨਹੀਂ, ਮੈਂ ਨਹੀਂ ਮਰਿਆ ਕਰਦੀ ਕਦੇ ਵੀ। ਇਹ ਜੀਉਂਦੀ ਹੀ ਰਹਿੰਦੀ ਹੈ, ਕੋਈ ਨਾ ਕੋਈ ਹੋਰ ਰੂਪ ਧਾਰਨ ਕਰ ਲੈਂਦੀ ਹੈ। ਚਾਰੋਂ ਪਾਸਿਆ ਤੋਂ ਮਾਇਆ ਰੂਪ ਬਦਲ-ਬਦਲ ਕੇ ਆਉਂਦੀ ਹੈ, ਉਹ ਮੋਹ ਲੈਂਦੀ ਹੈ, ਫੇਰ ਫਸਾ ਲੈਂਦੀ ਹੈ, ਨਹੀਂ ਲੰਘਣ ਦਿੰਦੀ। ਆਖਰੀ ਕਦਮ ਦੇ ਉੱਤੇ ਆ ਕੇ ਤਾਂ ਇਹਨੇ ਫੇਰ ਸਾਰਾ ਹੀ ਜ਼ੋਰ ਲਾਉਣਾ ਹੈ। ਕਿ ਫੇਰ ਤਾਂ ਮੇਰੀ ਹਾਰ ਹੋ ਗਈ ਤੇ ਇਹਦੀ ਜਿੱਤ ਹੋ ਗਈ ਜਗਿਆਸੂ ਦੀ।

ਸੋ ਇਸ ਕਰਕੇ ਪਿਆਰਿਓ! ਜੋ ਇਸ ਮਹੀਨੇ ਦਾ ਮਹਾਰਾਜ ਜੀ ਦਾ ਉਪਦੇਸ਼ ਹੈ, ਉਹਨੂੰ ਮਨ ਵਿੱਚ ਵਸਾਓ, ਚੰਦਰਮਾ ਦਾ ਸਾਲ ਜਿਹੜਾ ਹੈ ਉਹ ਅੱਜ ਚੜ੍ਹਦਾ ਹੈ, ਸੂਰਜ ਵਾਲਾ ਸਾਲ ਜਿਹੜਾ ਹੈ ਉਹ ਪਹਿਲੀ ਵੈਸਾਖ ਤੋਂ ਚੜ੍ਹਿਆ ਕਰਦਾ ਹੈ। ਸੋ ਇਸ ਕਰਕੇ ਇਹ ਵੀ ਪਵਿੱਤਰ ਦਿਨ ਹੈ, ਨਵਾਂ ਸਾਲ, ਚੰਦਰਮਾ ਦਾ ਚੜ੍ਹਿਆ ਹੈ। ਇੱਥੇ ਹੀ ਸਮਾਪਤੀ ਹੈ, ਸਾਰੇ ਪ੍ਰੇਮੀ ਅਨੰਦ ਸਾਹਿਬ ਤੇ ਗੁਰ ਸਤੋਤਰ 'ਚ ਬੋਲੋ ਭਾਈ।

ਅਰਦਾਸ, ਹੁਕਮਨਾਮਾ।

# ਬਾਬਾ ਸਾਹਿਬ ਸਿੰਘ ਬੇਦੀ ਊਨਾ ਸਾਹਿਬ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*
*ਧਾਰਨਾ - ਇਹੋ ਮਨੋਰਥ ਮੇਰਾ ਪ੍ਰਭ ਜੀ,*
*ਇਹੋ ਮਨੋਰਥ ਮੇਰਾ।*
*ਕਰਿ ਸੰਤਨ ਕਾ ਚੇਰਾ॥*
*ਪ੍ਰਭ ਇਹੈ ਮਨੋਰਥੁ ਮੇਰਾ ॥*
*ਕ੍ਰਿਪਾ ਨਿਧਾਨ ਦਇਆਲ ਮੋਹਿ ਦੀਜੈ*
*ਕਰਿ ਸੰਤਨ ਕਾ ਚੇਰਾ ॥ ਰਹਾਉ ॥*
*ਪ੍ਰਾਤਹਕਾਲ ਲਾਗਉ ਜਨ ਚਰਨੀ*
*ਨਿਸ ਬਾਸੁਰ ਦਰਸੁ ਪਾਵਉ ॥*
*ਤਨੁ ਮਨੁ ਅਰਪਿ ਕਰਉ ਜਨ ਸੇਵਾ*
*ਰਸਨਾ ਹਰਿ ਗੁਨ ਗਾਵਉ ॥ ੧ ॥*
*ਸਾਸਿ ਸਾਸਿ ਸਿਮਰਉ ਪ੍ਰਭੁ ਅਪੁਨਾ*
*ਸੰਤਸੰਗਿ ਨਿਤ ਰਹੀਐ ॥*
*ਏਕੁ ਅਧਾਰੁ ਨਾਮੁ ਧਨੁ ਮੋਰਾ*
*ਅਨਦੁ ਨਾਨਕ ਇਹੁ ਲਹੀਐ ॥ ਅੰਗ - ੫੩੩*
*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,*
*ਤਿਨ ਕੀ ਕਥਾ ਨਿਰਾਰੀ ਰੇ।*
*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨੑ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥ ਅੰਗ - ੮੫੫*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਆਪਾਂ ਸਾਰੇ ਉਨ੍ਹਾਂ ਮਹਾਂਪੁਰਸ਼ਾਂ ਦੀ ਸਿਮ੍ਰਿਤੀ ਵਿੱਚ ਇਕੱਠੇ ਹੋਏ ਹਾਂ ਜਿਹੜੇ ਪ੍ਰਭੂ ਨੂੰ ਭਾਅ ਗਏ ਸੀ। ਜਿਨ੍ਹਾਂ ਦੀਆਂ ਕਹਾਣੀਆਂ, ਜਿਨ੍ਹਾਂ ਦੀਆਂ ਕਥਾਵਾਂ ਸਾਡੇ ਵਾਸਤੇ ਚਾਨਣ ਦਾ ਮੁਨਾਰਾ ਹਨ, ਰਸਤਾ ਦਸਦੀਆਂ ਨੇ, ਪੱਥ ਪ੍ਰਦਰਸ਼ਨ ਕਰਦੀਆ ਨੇ। ਉਨ੍ਹਾਂ ਵਿਚੋਂ ਬਹੁਤ ਪ੍ਰਤਾਪਸ਼ਾਲੀ ਰੂਹ ਮਹਾਂਪੁਰਸ਼ ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ ਬੇਦੀ ਕੁਲ ਦੇ ਵਿਚੋਂ ਇਸੇ ਭਾਈ ਦਇਆ ਸਿੰਘ ਜੀ ਦੀ ਸੰਪਰਦਾ ਵਿਚੋਂ ਪ੍ਰਗਟ ਹੋਏ। ਆਪ ਜੀ ਦੇ ਜਨਮ ਦੇ ਬਾਰੇ ਇੱਕ ਕਥਾ ਆਉਂਦੀ ਹੈ ਕਿ ਬਾਬਾ ਕਲਾਧਾਰੀ ਜੋ ਗੁਰੂ ਨਾਨਕ ਪਾਤਸ਼ਾਹ ਦੇ ਓਲਾਦ ਦੇ ਅੰਦਰੋਂ ਨੌਵੇਂ ਥਾਂ ਸਨ; ਜਦੋਂ ਗੁਰੂ ਮਹਾਰਾਜ ਜੀ ਅਨੰਦਪੁਰ ਸਾਹਿਬ ਸਨ, ਤਾਂ ਆਪ ਜੀ ਉਪਰ ਲੰਗਰ ਵਲ ਨੂੰ ਚਲੇ ਜਾਇਆ ਕਰਦੇ ਸੀ ਤੇ ਉਹ ਊਨਾ ਸਾਹਿਬ ਤੋਂ ਆਉਂਦੇ ਤੇ ਰਸਤੇ ਦੇ ਵਿੱਚ ਹਰ ਰੋਜ਼ ਦੋਹਾਂ ਦਾ ਮਿਲਾਪ ਹੋਇਆ ਕਰਦਾ ਸੀ। ਪਰਸਪਰ ਸਤਿਕਾਰ ਕਰਨਾ, ਕਿਉਂਕਿ ਗੁਰੂ ਕੁੱਲ ਦੇ ਸੀ ਤੇ ਗੁਰੂ ਦਸ਼ਮੇਸ਼ ਪਿਤਾ ਦੇ ਦਰਬਾਰ ਵਿੱਚ ਇੱਕ ਰਿਵਾਇਤ ਸੀ ਕਿ ਜੇ ਗੁਰੂ ਨਾਨਕ ਪਾਤਸ਼ਾਹ ਦਾ ਕੋਈ ਸਾਹਿਬਜ਼ਾਦਾ ਵੀ ਆ ਜਾਵੇ, ਬੇਦੀ ਲਿਬਾਸ ਦੇ ਅੰਦਰ ਤਾਂ ਉਹਨੂੰ ਪੰਜ ਸੌ ਮੋਹਰ ਤੇ ਦੁਸ਼ਾਲਾ ਦਿਆ ਕਰਦੇ ਸੀ। ਸੋ ਇਸ ਤਰ੍ਹਾਂ ਚਲਦੇ-ਚਲਦੇ ਪਰਸਪਰ ਸਤਿਕਾਰ ਬਣਿਆ ਰਿਹਾ, ਕਿਉਂਕਿ ਉਹ ਗੁਰੂ ਦੀ ਓਲਾਦ ਸਨ। ਉਹ ਬਿੰਦੀ ਵੰਸ ਸੀ ਤੇ ਇਧਰ ਨਾਦੀ ਵੰਸ ਸੀ। ਕਰਨੀ ਕਮਾਈ ਵਾਲੇ ਇੱਕ ਤੋਂ ਇੱਕ ਚੜ੍ਹਦੀ ਕਲਾ ਵਾਲੇ ਮਹਾਂਪੁਰਸ਼ ਆ ਰਹੇ ਸੀ ਤਾਂ ਇੱਕ ਦਿਨ ਦਾ ਐਸਾ ਜ਼ਿਕਰ ਆਇਆ ਕਿ ਜਦੋਂ ਪਤਾ ਲੱਗਿਆ ਕਿ ਗੁਰੂ ਦਸ਼ਮੇਸ਼ ਪਿਤਾ ਬੇਦੀ ਸਾਹਿਬਜ਼ਾਦਿਆਂ ਦਾ ਬਹੁਤ ਆਦਰ ਕਰਦੇ ਨੇ। ਇੱਥੇ ਤਕ ਕਰਦੇ ਨੇ ਕਿ ਪੰਜ ਸੌ ਮੋਹਰ ਸੋਨੇ ਦੀ ਸਿਰੋਪੇ ਵਜੋਂ ਉਨ੍ਹਾਂ ਨੂੰ ਭੇਟਾ ਕਰਦੇ ਨੇ ਤਾਂ ਕਈ ਪਾਖੰਡੀਆ ਦੇ ਮਨ ਵਿੱਚ ਇਹ ਲਾਲਚ ਆਇਆ ਕਿ ਕਿਉਂ ਨਾ ਆਪਾਂ ਪਾਖੰਡ ਕਰ ਲਈਏ, ਤਾਂ ਸੁਨਿਆਰਾ ਸੀ, ਉਸਨੇ ਪੂਰਾ ਹੀ ਰੂਪ ਬੇਦੀ ਸਾਹਿਬਜ਼ਾਦਿਆਂ ਦਾ ਧਾਰ ਕੇ, ਕਲਗੀ ਲਗਾ ਕੇ ਘੋੜਾ ਲੈ ਲਿਆ ਨਾਲ ਸੇਵਾਦਾਰ ਲੈ ਲਏ ਤੇ ਸਿੰਘਾਂ ਨੂੰ ਆ ਕੇ ਕਿਹਾ ਕਿ ਮੈਂ ਬੇਦੀ ਕੁਲ ਵਿਚੋਂ ਸਾਹਿਬਜ਼ਾਦਾ ਹਾਂ। ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਨੇ ਉਸੇ ਤਰ੍ਹਾਂ ਸਤਿਕਾਰ ਕਰਿਆ ਤੇ ਜਿਸ ਵਕਤ ਇਹ ਸਤਿਕਾਰ ਕਰਾ ਕੇ ਸਿਰੋਪਾ ਲੈ ਕੇ ਵਾਪਸ ਮੁੜਿਆ ਤਾਂ ਇਹਦੇ ਮਨ ਵਿੱਚ ਤਰਕ ਆਈ ਕਿ ਲਕੀਰ ਦਾ ਫਕੀਰ ਹੈ ਸੰਸਾਰ, ਕੋਈ ਅੰਤਰਜਾਮਤਾ ਨਹੀਂ, ਜੇ ਅੰਤਰਜਾਮੀ ਹੁੰਦੇ ਤਾਂ ਮੈਨੂੰ ਪਛਾਣ ਨਾ ਲੈਂਦੇ? ਮੈਂ ਤਾਂ ਲੁੱਟਣ ਵਾਸਤੇ ਆਇਆ ਸੀ। ਇਸ ਤੋਂ ਵੀ ਅੱਗੇ ਚਲਿਆ ਗਿਆ ਕਿ ਇਹ ਤਾਂ ਸਾਰੀ ਗੱਦੀ ਹੀ ਪਾਖੰਡ ਦੀ ਹੈ। ਗੁਰੂ ਨਾਨਕ ਵੀ ਇਹੋ ਜਿਹਾ ਹੀ ਹੋਣਾ। ਜਦੋਂ ਗੁਰੂ ਨਾਨਕ ਪਾਤਸ਼ਾਹ ਦਾ ਜ਼ਿਕਰ ਉਹਦੇ ਹਿਰਦੇ 'ਚ ਆਇਆ, ਉਸੇ ਵੇਲੇ ਮਹਾਰਾਜ ਨੇ ਇੱਕ ਦਮ ਸਾਵਧਾਨ ਹੋ ਕੇ ਹੁਕਮ ਦਿੱਤਾ ਪੰਜ ਸਿੰਘਾਂ ਨੂੰ ਕਿ ਜਾਓ, ਜਾ ਕੇ ਜਿਹੜਾ ਪਾਖੰਡੀ ਇੱਥੋਂ ਹੁਣੇ ਹੀ ਗਿਆ ਹੈ, ਉਹਦੀਆਂ ਮੁਸ਼ਕਾਂ ਦੇ ਕੇ ਲਿਆਓ। ਉਸੇ ਵੇਲੇ ਘੋੜਿਆਂ 'ਤੇ ਸਰਪੱਟ ਸਿੰਘ ਦੌੜੇ ਤੇ ਦਰਿਆ ਪਾਰ ਕਰਨ ਤੋਂ ਪਹਿਲਾਂ-ਪਹਿਲਾਂ ਓਸ ਨੂੰ ਜਾ ਘੇਰਿਆ। ਵਸਤਰ ਉਸ ਦੇ ਉਤਾਰ ਲਏ, ਸਿਰੋਪਾ ਖੋਹ ਲਿਆ ਤੇ ਜਿਵੇਂ ਹੁਕਮ ਸੀ ਉਸੇ ਤਰ੍ਹਾਂ ਗੁਰੂ ਮਹਾਰਾਜ ਜੀ ਅੱਗੇ ਪੇਸ਼ ਕੀਤਾ। ਮਹਾਰਾਜ ਕਹਿੰਦੇ, ਓ ਪ੍ਰੇਮੀਆਂ! ਸਾਡੇ ਬਾਰੇ ਤਾਂ ਤੂੰ ਕਹਿ ਲਿਆ ਸੀ, ਸਾਨੂੰ ਤਾਂ ਨਹੀਂ ਰਾਗ ਦਵੈਸ਼ ਇਸ ਗੱਲ ਦਾ ਹੋਇਆ, ਠੀਕ ਹੈ; ਲੇਕਿਨ ਤੂੰ ਗੁਰੂ ਨਾਨਕ ਪਾਤਸ਼ਾਹ ਨੂੰ ਵੀ ਇਹ ਗੱਲ ਕਹੀ। ਸੋ ਉਸ ਨੂੰ ਛੱਡ ਦਿੱਤਾ। ਇਸ ਗੱਲ ਦਾ ਪਤਾ ਉਡਦਾ-ਉਡਦਾ ਬਾਬਾ ਕਲਾਧਾਰੀ ਨੂੰ ਜਦ ਪਹੁੰਚਿਆ। ਤਾਂ ਮਨ ਵਿੱਚ ਉਦਾਸੀ ਆਈ ਕਿ ਅੱਜ ਬੇਦੀ ਸਾਹਿਬਜ਼ਾਦੇ ਨੂੰ ਗੁਰੂ ਕਾ ਪੰਥ

ਕੁੱਟਣਾ ਸ਼ੁਰੂ ਕਰ ਰਿਹਾ ਹੈ। ਕੱਲ੍ਹ ਨੂੰ ਮੇਰੇ ਤੱਕ ਵੀ ਹੱਥ ਪਹੁੰਚ ਸਕਦਾ, ਇਹ ਗੱਲ ਠੀਕ ਨਹੀਂ ਹੈ, ਕੁਛ ਥੋੜ੍ਹਾ ਨਰਾਜ਼ੀ ਕਰਕੇ; ਗੁਰੂ ਮਹਾਰਾਜ ਤਿੰਨ ਦਿਨ ਜਾਂਦੇ ਰਹੇ, ਬਾਬਾ ਜੀ ਤਿੰਨ ਦਿਨ ਆਏ ਨਾ। ਗੁਰੂ ਮਹਾਰਾਜ ਜੀ ਨੇ ਸੁਨੇਹਾ ਭੇਜਿਆ ਕਿ ਬਾਬਾ ਜੀ! ਕੀ ਗੱਲ ਹੈ? ਜ਼ਰੂਰ ਮਿਲੋ ਮਿਲ ਕੇ ਦੱਸੋ ਕਿ ਕੋਈ ਗੱਲ ਤਾਂ ਨਹੀਂ ਹੈ। ਜਦੋਂ ਆਪਸ ਵਿੱਚ ਮੇਲ ਹੋਇਆ ਤਾਂ ਕਹਿਣ ਲੱਗੇ ਮਹਾਰਾਜ! ਹੁਣ ਕਾਹਦਾ ਮੇਲ ਰਹਿ ਗਿਆ, ਤੁਹਾਡਾ ਪੰਥ ਤਾਂ ਸਾਡੇ ਸਾਹਿਬਜ਼ਾਦਿਆਂ ਨੂੰ ਕੁੱਟਦਾ ਹੈ ਤੇ ਹੁਣ ਤਾਂ ਸਾਨੂੰ ਡਰ ਕੇ ਹੀ ਰਹਿਣਾ ਪੈਣਾ ਹੈ ਤੁਹਾਡੇ ਤੋਂ। ਮਹਾਰਾਜ ਕਹਿੰਦੇ, ਬਾਬਾ ਜੀ! ਸਾਹਿਬਜ਼ਾਦਿਆਂ ਦਾ ਤਾਂ ਸਤਿਕਾਰ ਸਾਡੇ ਮਨ ਵਿੱਚ ਪੂਰਾ ਹੈ, ਗੁਰੂ ਨਾਨਕ ਦੀ ਓਲਾਦ ਹੈ, ਸਾਹਿਬਜ਼ਾਦੇ ਤਾਂ ਇੱਕ ਪਾਸੇ ਰਹੇ, ਉਸ ਘਰ ਦੇ ਤਾਂ ਕੁੱਤਿਆਂ ਦਾ ਵੀ ਅਸੀਂ ਸਤਿਕਾਰ ਕਰਦੇ ਹਾਂ। ਇਹ ਤਾਂ ਇੱਕ ਪਾਖੰਡੀ ਆ ਗਿਆ, ਇਸ ਪਾਖੰਡੀ ਨੇ ਆ ਕੇ ਗੁਰੂ ਗੱਦੀ ਦੀ ਨਿੰਦਿਆ ਕੀਤੀ, ਜਿੰਨਾਂ ਚਿਰ ਸਾਡੇ ਬਾਰੇ ਕਹਿ ਰਿਹਾ ਸੀ, ਅਸੀਂ ਚੁੱਪ ਕਰ ਰਹੇ, ਜਦੋਂ ਉਹਨੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਬਾਰੇ ਇਹ ਗੱਲ ਕਹੀ ਓਸ ਵੇਲੇ ਤਾਂ ਫੇਰ ਸਿਰੇ ਹੀ ਗੱਲ ਲੱਗ ਗਈ, ਫੇਰ ਉਹਦਾ ਸਿਰੋਪਾ ਅਸੀਂ ਵਾਪਸ ਕਰ ਲਿਆ ਤੇ ਫੇਰ ਉਹਨੂੰ ਥੋੜ੍ਹਾ ਚਾਹਟਾ ਵੀ ਛਕਾਇਆ ਤਾਂ ਕਿ ਅੱਗੇ ਵਾਸਤੇ ਕੋਈ ਪਾਖੰਡੀ ਨਾ ਆਵੇ। ਕਹਿੰਦੇ ਉਹ ਤਾਂ ਠੀਕ ਹੈ, ਪਰ ਭੇਖ ਦੀ ਤਾਂ ਲਾਜ ਰੱਖ ਲੈਣੀ ਸੀ? ਮਹਾਰਾਜ ਕਹਿੰਦੇ, ਭੇਖ ਅਸੀਂ ਲਾਹ ਲਿਆ ਸੀ ਪਹਿਲਾਂ, ਫੇਰ ਮੁਰੰਮਤ ਕਰੀ ਹੈ ਉਹਦੀ। ਸੋ ਤੁਸੀਂ ਖੁਸ਼ੀਆਂ ਦੱਸੋ, ਕਹਿੰਦੇ ਖੁਸ਼ੀਆਂ ਤਾਂ ਨੇ ਕਿ ਗੁਰੂ ਨਾਨਕ ਦੀ ਕੁੱਲ ਦੇ ਅੰਦਰ ਪੂਰਨ ਮਹਾਂਪੁਰਸ਼ ਕੋਈ ਆਵੇ। ਤਾਂ ਉਸ ਵੇਲੇ ਗੁਰੂ ਮਹਾਰਾਜ ਨੇ ਕਿਹਾ ਕਿ ਇਹ ਜੋਤ ਹੈ ਖਾਲਸੇ ਦੀ, ਖਾਲਸੇ ਦੇ ਵਿੱਚ ਹੀ ਜਗਣੀ ਹੈ, ਜਦ ਤੱਕ ਕਲਜੁਗ ਰਹਿਣਾ ਹੈ, 'ਨਾਮ' ਦੀ ਜੋਤ ਖਾਲਸੇ ਦੇ ਵਿੱਚ ਜਗਦੀ ਰਹਿਣੀ ਹੈ ਤੇ ਤੁਸੀਂ ਅੰਮ੍ਰਿਤਧਾਰੀ ਹੋ ਜਾਓ। ਆਪਣੇ ਪੁੱਤਰ ਨੂੰ ਅੰਮ੍ਰਿਤ ਛਕਾਓ। ਉਸਦੇ ਘਰ ਆਏਗਾ ਬਹੁਤ ਕਲਾਵਾਨ ਪੁਰਸ਼ ਆਏਗਾ, ਬਹੁਤ ਵੱਡੀ ਰੂਹ ਆਏਗੀ। ਸੋ ਉਸ ਵੇਲੇ ਬਾਬਾ ਅਜੀਤ ਸਿੰਘ ਜੋ ਉਨ੍ਹਾਂ ਦੇ ਲੜਕੇ ਸਨ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ, ਉਸ ਵੇਲੇ ੧੯੧੩ ਦੇ ਵਿੱਚ ਚੇਤ ਸੁਕਰ ਪੰਚਮੀ ਵਾਲੇ ਦਿਨ ਬਾਬਾ ਜੀ ਨੇ ਅਵਤਾਰ ਧਾਰਿਆ, ਆਪ ਜੀ ਬਚਪਨ ਤੋਂ ਹੀ ਬਹੁਤ ਕਰਨੀ ਕਮਾਈ ਵਾਲੇ ਸੀ। ਜਦੋਂ ਅਜੇ ਬੱਚੇ ਹੀ ਸੀ ਓਸ ਵੇਲੇ ਹੀ ਲੋਕਾਂ ਨੂੰ ਬਹੁਤ ਵੱਡੇ-ਵੱਡੇ ਕੌਤਕ ਦਿਸਣੇ ਸ਼ੁਰੂ ਹੋ ਗਏ ਸੀ।

ਉਸੇ ਊਨੇ ਪਿੰਡ ਦੇ ਅੰਦਰ ਇਕ ਬਹੁਤ ਵੱਡਾ ਵੇਦਾਂਤੀ, ਪੜ੍ਹਿਆ ਲਿਖਿਆ, ਵਿਦਵਾਨ ਜਿਸਦਾ ਨਾਮ ਪ੍ਰਬੋਧਾ ਸੀ, ਬ੍ਰਾਹਮਣ ਸੀ, ਜੋ ਵਿਦਿਆ ਪੜ੍ਹਾਇਆ ਵੀ ਕਰਦਾ ਸੀ ਤੇ ਉਹਨੇ ਜਦੋਂ ਬਾਬਾ ਜੀ ਬਾਰੇ ਸੁਣਿਆ, ਬਈ ਬਾਲ ਸਾਹਿਬ ਸਿੰਘ ਜੀ ਜਮਾਂਦਰੂ ਹੀ ਧੁਰ ਤੋਂ ਵਿਦਿਆ ਦੇ ਮਾਲਕ ਨੇ ਤੇ ਮੇਰਾ ਮਨ ਸ਼ਾਂਤ ਨਹੀਂ ਰਹਿੰਦਾ, ਮੈਂ ਕਿਉਂ ਨਾ ਬਾਬਾ ਜੀ ਕੋਲ ਜਾਵਾਂ ਤੇ ਜਾ ਕੇ ਮੈਂ ਇਸਦਾ ਕੋਈ ਉਪਾਅ ਪੁੱਛਾਂ।

***ਪਾਠੁ ਪੜਿਓ ਅਰੁ ਬੇਦੁ ਬੀਚਾਰਿਓ***
***ਨਿਵਲਿ ਭੁਅੰਗਮ ਸਾਧੇ ॥***
***ਪੰਚ ਜਨਾ ਸਿਉ ਸੰਗੁ ਨ ਛੁਟਕਿਓ***
***ਅਧਿਕ ਅਹੰਬੁਧਿ ਬਾਧੇ ॥ ੧ ॥***
***ਪਿਆਰੇ ਇਨ ਬਿਧਿ ਮਿਲਣੁ ਨ ਜਾਈ***
***ਮੈ ਕੀਏ ਕਰਮ ਅਨੇਕਾ ॥***
***ਹਾਰਿ ਪਰਿਓ ਸੁਆਮੀ ਕੈ ਦੁਆਰੈ***
***ਦੀਜੈ ਬੁਧਿ ਬਿਬੇਕਾ ॥ ਅੰਗ - ੬੪੧***

ਜਦੋਂ ਤੱਕ ਗਿਆਨ ਦੀ ਬੁੱਧੀ ਯਥਾਰਥ ਰੂਪ ਦੇ ਅੰਦਰ ਪ੍ਰਾਪਤ ਨਹੀਂ ਹੁੰਦੀ। ਦੋ ਤਰ੍ਹਾਂ ਦਾ ਗਿਆਨ ਹੁੰਦਾ ਹੈ ਇੱਕ ਨੂੰ ਤਾਂ ਬੁੱਧੀ ਮੰਡਲ ਦਾ ਗਿਆਨ ਕਹਿੰਦੇ ਨੇ, ਇੱਕ ਹੁੰਦਾ ਹੈ ਸ਼ਬਦ ਦੀ ਕਮਾਈ ਕਰਨ ਤੋਂ ਬਾਅਦ ਅਨੁਭਵ ਦੇ ਵਿੱਚ ਆਪਣੇ ਆਪ ਹੀ ਪ੍ਰਗਟ ਹੋਣਾ ਸ਼ੁਰੂ ਹੋ ਜਾਂਦਾ ਹੈ। ਪਹਿਲਾ ਗਿਆਨ ਜਿਹੜਾ ਹੈ ਉਹ ਇਸ ਤਰ੍ਹਾਂ ਹੈ ਜਿਵੇਂ ਪਤਾ ਲਗ ਜਾਵੇ ਕਿ ਧਰਤੀ ਦੇ ਵਿੱਚ ਪਾਣੀ ਹੈ। ਐਉਂ ਵੀ ਪਤਾ ਲਗ ਜਾਵੇ ਕਿ ਦੋ ਫੁੱਟ ਪੁੱਟਾਂ ਤੱਕ ਪਾਣੀ ਆ ਜਾਵੇ, ਲੇਕਿਨ ਪਿਆਸਾ ਮਰ ਜਾਵੇ, ਕਿਉਂਕਿ ਪੁਟਾਈ ਕਰਨ ਵਾਸਤੇ ਇਹਦੇ ਕੋਲ ਕੋਈ ਚੀਜ਼ ਨਹੀਂ ਹੈ। ਜੋ ਅਨੁਭਵ ਦਾ ਗਿਆਨ ਹੁੰਦਾ ਹੈ ਉਹ ਇਸ ਤਰ੍ਹਾਂ ਦਾ ਗਿਆਨ ਹੈ ਜਿਵੇਂ ਬੋਰ ਕੀਤੇ ਹੋਏ, ਬਿਜਲੀ ਲੱਗੀ ਹੋਈ ਹੈ, ਹਵਾ ਨਿਕਲੀ ਹੋਈ ਹੈ, reflex wall ਤੱਕ ਪਾਣੀ ਭਰਿਆ ਹੋਇਆ ਹੈ ਤੇ ਬਟਨ ਦੱਬਿਆ ਤੇ ਉਸੇ ਵੇਲੇ ਪਾਣੀ ਆ ਜਾਂਦਾ ਹੈ। ਸੋ ਦੋਹਾਂ ਗਿਆਨਾਂ ਦਾ ਫਰਕ ਹੁੰਦਾ ਹੈ। ਉਹ ਗਿਆਨ ਸ਼ਾਂਤੀ ਨਹੀਂ ਦਿੰਦਾ ਜੋ ਬੁੱਧੀ ਮੰਡਲ ਦਾ ਗਿਆਨ ਹੈ, ਉਸ ਵਿੱਚ ਬੋਲ ਸਕਦਾ ਹੈ ਆਦਮੀ, ਵੱਡੇ-ਵੱਡੇ ਪ੍ਰਮਾਣ ਦੇ ਸਕਦਾ ਹੈ, ਸਾਰੀ ਸਭਾ ਨੂੰ ਚੁੱਪ ਕਰਾ ਸਕਦਾ ਹੈ, ਪਰ ਜੀਵਨ ਉਸਦਾ ਉਸ ਤੋਂ ਵਿਪਰੀਤ ਹੁੰਦਾ ਹੈ, ਮਨ ਸ਼ਾਂਤ ਨਹੀਂ ਹੋਇਆ ਕਰਦਾ, ਮਨ ਵਿੱਚ ਅਸ਼ਾਂਤੀ ਰਹਿੰਦੀ ਹੈ। ਸੋ ਬਾਬਾ ਜੀ ਦੇ ਪਾਸ ਜਾਂਦਾ ਹੈ, ਜਾ ਕੇ ਬੇਨਤੀ ਕਰਦਾ ਹੈ ਕਿ ਬਾਬਾ ਜੀ ਮੈਂ ਬਹੁਤ ਪੜ੍ਹਿਆ ਲਿਖਿਆ ਬੰਦਾ ਹਾਂ। ਜਿਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ ਪਾਧੇ ਨੇ ਪੁੱਛਿਆ ਸੀ, ਠੀਕ ਇਸੇ ਤਰ੍ਹਾਂ ਇਸ ਵਿਦਵਾਨ ਨੇ ਸਵਾਲ ਕਰਿਆ ਕਿ ਮੇਰਾ ਮਨ ਸ਼ਾਂਤ ਨਹੀਂ ਹੈ ਤੇ ਮੈਂ ਗਿਆਨ ਬਾਰੇ ਵੀ ਪੜ੍ਹਦਾ ਹਾਂ। ਜੋ ਅਭਿਆਸ ਲਿਖੇ ਹੋਏ ਨੇ ਉਹ ਵੀ ਮੈਂ ਕਰਦਾ ਹਾਂ, ਪਰ ਮੇਰਾ ਮਨ ਸ਼ਾਂਤ ਕਿਉਂ ਨਹੀਂ ਹੁੰਦਾ। ਬਾਬਾ ਜੀ ਕਹਿਣ ਲੱਗੇ ਕਿ ਪਾਧਾ ਜੀ, ਪੰਡਤ ਜੀ, ਮਨ ਦੀ ਅਸ਼ਾਂਤੀ ਦਾ ਕਾਰਨ ਪੰਜ ਕਲੇਸ਼ ਨੇ, ਜੋ ਹਰੇਕ ਬੰਦੇ ਦੇ ਮਨ ਵਿੱਚ ਪਏ ਹੋਏ ਨੇ। ਅਵਿਦਿਆ ਹੈ, ਅਸਿਮਿਤਾ ਹੈ, ਅਭਿਨਿਵੇਸ਼ ਹੈ, ਰਾਗ ਹੈ, ਦਵੈਸ਼ ਹੈ, ਇਹ ਆਦਮੀ ਦੇ ਮਨ ਨੂੰ ਰਿੜਕਦੇ ਰਹਿੰਦੇ ਨੇ। ਇਨ੍ਹਾਂ ਸਾਰਿਆਂ ਦਾ ਜੋ ਵੱਡਾ ਸੋਮਾ ਹੈ, ਉਹ ਹਉਮੈ ਹੈ, ਹਉਮੈ ਕਰਕੇ ਪ੍ਰਮੇਸ਼ਰ ਨਾਲ ਰਹਿੰਦਾ ਹੋਇਆ, ਹਰੇਕ ਦੇ ਅੰਦਰ ਹੈ ਰੱਬ, ਕੋਈ ਐਹੋ ਜਿਹਾ ਨਹੀਂ ਜਿਹਦੇ ਅੰਦਰ ਰੱਬ ਨਹੀਂ ਚਾਹੇ ਪਾਪ ਕਰਨ ਵਾਲਾ ਹੈ, ਚਾਹੇ ਪੁੰਨ ਕਰਨ ਵਾਲਾ ਹੈ, ਪ੍ਰਮੇਸ਼ਰ ਹਰੇਕ ਦੇ ਅੰਦਰ ਪ੍ਰੀਪੂਰਨ ਹੈ। ਲੇਕਿਨ ਜੋ ਹਉਮੈ ਦਾ ਤੱਤ ਜਿਹਨੂੰ ਦੋ ਹਿੱਸਿਆਂ 'ਚ ਜੇ ਵੰਡੀਏ ਤਾਂ ਹੰਗਤਾ ਤੇ ਮਮਤਾ ਦਾ ਬਣਦਾ ਹੈ, ਮੈਂ ਤੇ ਮੇਰੀ ਦਾ; ਇਸ ਤੋਂ ਸਾਰੇ ਹੀ ਕਲੇਸ਼ ਉਪਜਦੇ ਨੇ ਕਿਉਂਕਿ ਪ੍ਰਮੇਸ਼ਰ ਦੇ ਨਾਮ ਨਾਲੋਂ ਟੁੱਟ ਜਾਂਦਾ ਹੈ, ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਸਾਰੇ ਜਗ ਨੂੰ ਹਰੀ ਦੇ ਨਾਲੋਂ***
***ਤੋੜਿਆ ਹਉਮੈ ਵਾਲਾ ਰੋਗ ਹੈ ਬੁਰਾ।***
***ਹਉਮੈ ਏਹਾ ਜਾਤਿ ਹੈ***
***ਹਉਮੈ ਕਰਮ ਕਮਾਹਿ ॥***
***ਹਉਮੈ ਏਈ ਬੰਧਨਾ ਫਿਰਿ ਫਿਰਿ***
***ਜੋਨੀ ਪਾਹਿ ॥ ਹਉਮੈ ਕਿਥਹੁ ਊਪਜੈ ਕਿਤੁ***

*ਸੰਜਮਿ ਇਹ ਜਾਇ ॥ ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥ ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥*
*ਕਿਰਪਾ ਕਰੇ ਜੇ ਆਪਣੀ*
*ਤਾ ਗੁਰ ਕਾ ਸਬਦੁ ਕਮਾਹਿ ॥*
*ਨਾਨਕੁ ਕਹੈ ਸੁਣਹੁ ਜਨਹੁ*
*ਇਤੁ ਸੰਜਮਿ ਦੁਖ ਜਾਹਿ॥ ਅੰਗ - ੪੬੬*

ਵੇਦ ਪੜ੍ਹ ਲੈਣੇ, ਵੇਦਾਂਤ ਦੇ ਸਾਸ਼ਤਰ ਪੜ੍ਹ ਲੈਣੇ, ਛੇਈ ਸਾਸ਼ਤਰ ਪੜ੍ਹ ਲੈਣੇ ਇਨ੍ਹਾਂ ਨਾਲ ਹਉਮੈ ਦਾ ਰੋਗ ਨਹੀਂ ਜਾਇਆ ਕਰਦਾ। ਹਉਮੈ ਰੋਗ ਹੈ ਤੇ ਇਹਦੀ ਦਾਰੂ ਜੋ ਹੈ, ਗੁਰੂ ਦਾ ਸ਼ਬਦ ਹੈ, ਜਦ ਤੱਕ ਗੁਰੂ ਦੇ ਹਾਜ਼ਰ ਹੋ ਕੇ ਸ਼ਬਦ ਦੀ ਪ੍ਰਾਪਤੀ ਨਹੀਂ ਕਰਦਾ, ਹਉਮੈ ਦਾ ਨਾਸ਼ ਹੋਣਾ ਅਸੰਭਵ ਹੈ, ਨਹੀਂ ਹੋ ਸਕਦਾ।

ਗੁਰੂ ਦਸ਼ਮੇਸ਼ ਪਿਤਾ ਦੇ ਪਾਸ ਪੀਰ ਬੁੱਧੂ ਸ਼ਾਹ ਆਉਂਦਾ ਹੈ ਆਪ ਨੇ ਇੱਕ ਬਚਨ ਸੁਣਿਆ ਗੁਰੂ ਗ੍ਰੰਥ ਸਾਹਿਬ ਦਾ -

*ਨਾਨਕ ਤਰਵਰੁ ਏਕੁ ਫਲੁ*
*ਦੁਇ ਪੰਖੇਰੂ ਆਹਿ ॥*
*ਆਵਤ ਜਾਤ ਨ ਦੀਸਹੀ*
*ਨਾ ਪਰ ਪੰਖੀ ਤਾਹਿ ॥ ਅੰਗ - ੫੫●*

ਏਸ ਸਰੀਰ ਦੇ ਉੱਤੇ ਦੋ ਪੰਖੀ ਬੈਠੇ ਨੇ, ਇੱਕ ਜੀਵ ਰੂਪੀ ਪੰਛੀ ਹੈ, ਇੱਕ ਆਤਮਾ ਰੂਪੀ ਪੰਛੀ ਹੈ, ਇੱਕ ਉਡਦਾ-ਨੱਠਦਾ ਭੱਜਦਾ ਫਿਰਦਾ ਹੈ -

*ਜੇਤਾ ਊਡਹਿ ਦੁਖ ਘਣੇ*
*ਨਿਤ ਦਾਝਹਿ ਤੈ ਬਿਲਲਾਹਿ॥ ਅੰਗ - ੬੬*

ਇੱਕ ਉਹ ਹੈ ਜਿਹੜਾ ਆਉਂਦਾ ਨਹੀਂ ਜਾਂਦਾ ਨਹੀਂ, ਤੇ ਪਰਮ ਅਨੰਦ ਵਿੱਚ ਰਹਿੰਦਾ ਹੈ, ਭੁਲੇਖਾ ਪੈ ਗਿਆ ਕਿ ਮੈਂ ਕਿਹੜਾ ਹੋਇਆ। ਹੁਣ ਇਹਦੇ ਵਾਸਤੇ ਸਾਸ਼ਤਰ ਪੜ੍ਹਦਾ ਹੈ, ਕੁਰਾਨ ਸ਼ਰੀਫ ਪੜ੍ਹਦਾ ਹੈ, ਹੋਰ ਅਨੇਕਾਂ ਗ੍ਰੰਥ ਪੜ੍ਹਦਾ ਹੈ, ਲੇਕਿਨ ਗਿਆਨ ਨਹੀਂ ਹੋ ਰਿਹਾ। ਸ਼ਾਂਤੀ ਨਹੀਂ ਆ ਰਹੀ, ਮਨ 'ਚ ਆਇਆ ਕਿ ਗੁਰੂ ਨਾਨਕ ਦੀ ਜੋ ਗੱਦੀ ਹੈ, ਉਹ ਸਾਰੇ ਕਲਜੁਗ ਦੇ ਅੰਦਰ ਮੰਨੀ ਪ੍ਰਮੰਨੀ ਹੈ ਕਿਉਂ ਨਾ ਮੈਂ ਲੋਕ ਲਾਜ ਲਾਹ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਸ਼ਰਨ ਜਾ ਕੇ, ਏਸ ਗੱਲ ਦਾ ਨਿਰਣਾ ਕਰਾਂ। ਸੋ ਸੌਢੋਰੇ ਤੋਂ ਤਿਆਰ ਹੋ ਕੇ ਪਾਉਂਟੇ ਸਾਹਿਬ ਨੂੰ ਜਾਂਦਾ ਹੈ, ਬਹੁਤ ਸਾਰੇ ਮੁਰੀਦ ਨਾਲ ਲੈ ਲਏ ਤੇ ਮਨ ਵਿੱਚ ਖਿਆਲ ਕਰਦਾ ਹੈ ਕਿ ਮਹਾਂਪੁਰਸ਼ਾਂ ਨੂੰ ਜਿਸ ਤਰ੍ਹਾਂ ਮਿਲਣਾ ਚਾਹੀਦਾ ਹੈ, ਉਸੇ ਤਰ੍ਹਾਂ ਮਿਲਾਂਗਾ। ਚਰਨਾਂ 'ਚ ਲਿਟ ਜਾਵਾਂਗਾ, ਜਦੋਂ ਤਕ ਮੇਰੇ ਸ਼ੰਕੇ ਦਾ ਸਮਾਧਾਨ ਨਹੀਂ ਕਰਾਉਂਦੇ ਓਨੀਂ ਦੇਰ ਤਕ ਮੈਂ ਚਰਨ ਨਹੀਂ ਛੱਡਾਂਗਾ। ਬੜੀ ਸ਼ੁਭ ਭਾਵਨਾ ਦੇ ਨਾਲ ਘਰ ਤੋਂ ਚੱਲਿਆ। ਅੱਗੇ ਜਦ ਨੇੜੇ ਜਾਂਦਾ ਹੈ ਕੀ ਦੇਖਦਾ ਹੈ ਦੀਵਾਨ ਲੱਗਿਆ ਹੋਇਆ ਹੈ ਤੇ ਗੁਰੂ ਮਹਾਰਾਜ ਜੀ ਸਸ਼ੋਭਤ ਨੇ, ਇੱਕ ਪਾਸੇ ਸਾਰੇ ਸਸ਼ਤਰਧਾਰੀ ਸੂਰਮੇ ਬੈਠੇ ਨੇ, ਇੱਕ ਪਾਸੇ ਗੁਰਮੁਖ ਬੈਠੇ ਨਾਮ ਜਪਦੇ ਨੇ, ਕੋਈ ਰਸਨਾ ਨਾਲ ਨਾਮ ਜਪ ਰਿਹਾ ਹੈ, ਕੋਈ ਸਵਾਸ ਨਾਲ ਜਪ ਰਿਹਾ ਹੈ, ਕੋਈ ਕੰਠ ਵਿੱਚ ਜਪ ਰਿਹਾ ਹੈ, ਕੋਈ ਹਿਰਦੇ 'ਚ ਜਾਪ ਕਰ ਰਿਹਾ ਹੈ, ਕੋਈ ਨਾਭੀ ਵਿੱਚ ਜਾਪ ਕਰ ਰਿਹਾ ਹੈ, ਕੋਈ ਆਗਿਆ ਚੱਕਰ 'ਚ, ਕੋਈ ਤ੍ਰਿਕੁਟੀ 'ਚ ਜਾਪ ਕਰ ਰਿਹਾ ਹੈ, ਕੋਈ ਰੋਮ-ਰੋਮ ਦਾ ਅਭਿਆਸ ਕਰ ਰਿਹਾ ਹੈ, ਅਜਪਾ ਜਾਪ ਦੇ ਵਿੱਚ ਸੁਰਤ ਸਾਰਿਆਂ ਦੀ ਸਮਾਈ ਹੋਈ ਤੇ ਨੇਤਰ ਗੁਰੂ ਦੇ ਮੁਖ ਵਲ ਇਸ ਤਰ੍ਹਾਂ ਲੱਗੇ ਹੋਏ ਨੇ ਕਿ ਜਿਵੇਂ ਹਜ਼ਾਰਾਂ ਚਕੋਰਾਂ ਚੰਦਰਮਾ ਵਲ ਦੇਖਦੀਆ ਨੇ। ਉਮਰ ਦਾ ਭੁਲੇਖਾ ਪੈ ਗਿਆ ਪੀਰ ਨੂੰ ਕਿ ਇਹ ਤਾਂ ੨੨ ਕੁ ਸਾਲ ਦੇ ਲਗਦੇ ਨੇ ਤੇ ਮੈਂ ਭਰ ਜਵਾਨੀ ਲੰਘ ਕੇ ਬੁਢੇਪੇ 'ਚ ਆਇਆ ਹੋਇਆ ਹਾਂ ਤੇ ਜੇ ਮੈਂ ਚਰਨਾਂ 'ਚ ਜਾ ਕੇ ਲਿਟ ਗਿਆ ਤਾਂ ਮੇਰੇ ਮੁਰੀਦ ਕੀ ਕਹਿਣਗੇ? ਇਹ ਸਾਰੇ ਅਸ਼ਰਧਕ ਹੋ ਜਾਣਗੇ, ਇਨ੍ਹਾਂ ਦੇ ਮਨ ਵਿੱਚ ਮੇਰਾ ਪ੍ਰਭਾਵ ਖਤਮ ਹੋ ਜਾਏਗਾ। ਗੁਰੂ ਮਹਾਰਾਜ ਦੇ ਕੋਲ ਜਦ ਪਹੁੰਚਦਾ ਹੈ, ਜਾ ਕੇ ਦਸਤਪੰਜਾ ਲੈਣ ਵਾਸਤੇ ਹੱਥ ਵਧਾਇਆ। ਮਹਾਰਾਜ ਜੀ ਨੇ ਪੋਲਾ ਜਿਹਾ ਹੱਥ ਦਬਾਇਆ ਇਹਦਾ, ਕਿਹਾ ਕਿ ਦੱਸੋ ਪੀਰ ਜੀ! ਕਿਵੇਂ ਆਏ ਹੋ? ਕਹਿੰਦੇ, ਅੱਲਾ ਤੇ ਰੂਹ ਦਾ ਮਿਲਾਪ ਕਿਵੇਂ ਹੋਵੇ? ਮਹਾਰਾਜ ਕਹਿੰਦੇ, ਜਿਵੇਂ ਦਿਨ ਤੇ ਰਾਤ ਦਾ ਹੁੰਦਾ ਹੈ। ਹੈਰਾਨ ਹੋ ਗਿਆ ਕਿ ਦਿਨ ਤਾਂ ਰਾਤ ਨੂੰ ਕਦੇ ਮਿਲਿਆ ਹੀ ਨਹੀਂ ਹੈ, ਜੇ ਰਾਤ ਹੈ ਤਾਂ ਦਿਨ ਨਹੀਂ ਹੈ ਜੇ ਦਿਨ ਹੈ ਤਾਂ ਰਾਤ ਨਹੀਂ ਹੈ। ਹੈਰਾਨ ਹੋ ਕੇ ਸੋਚੀ ਜਾਂਦਾ ਹੈ ਕਿ ਕੀ ਸਵਾਲ ਕਰਾਂ ਗੁਰੂ ਮਹਾਰਾਜ ਨੇ ਤਾਂ ਰਮਜ਼ ਮਾਰ ਦਿੱਤੀ। ਹੁਣ ਮੈਂ ਕਹੀ ਕਹਾਂ? ਕਹਿੰਦਾ, ਮਹਾਰਾਜ! ਮੈਂ ਸਮਝਿਆ ਨਹੀਂ ਕਹਿੰਦੇ, ਜਿਵੇਂ ਸਮਝਿਆ ਹੈਂ, ਉਵੇਂ ਜਿਵੇਂ ਹੀ ਹੈ, ਸਮਝ ਤਾਂ ਗਿਆ ਸੀ। ਕਹਿੰਦਾ ਮਹਾਰਾਜ! ਮੈਂ ਤਾਂ ਇਹ ਪੁੱਛਦਾ ਹਾਂ ਕਿ ਰੂਹ ਦਾ ਤੇ ਅੱਲਾ ਦਾ ਮਿਲਾਪ ਕਿਵੇਂ ਹੁੰਦਾ ਹੈ? ਜੀਵ ਦਾ ਤੇ ਰੱਬ ਦਾ ਕਿਵੇਂ ਮਿਲਾਪ ਹੁੰਦਾ ਹੈ? ਮਹਾਰਾਜ ਕਹਿੰਦੇ, ਜਿਵੇਂ ਸੱਚ ਤੇ ਝੂਠ ਦਾ ਹੁੰਦਾ ਹੈ। ਕਹਿੰਦਾ, ਮਹਾਰਾਜ! ਮੈਂ ਸਮਝਿਆ ਨਹੀਂ ਹਾਂ, ਕ੍ਰਿਪਾ ਕਰਕੇ ਸਮਝਾਓ। ਮਹਾਰਾਜ ਕਹਿਣ ਲੱਗੇ ਕਿ ਦੇਖੋ, ਜਦੋਂ ਸੂਰਜ ਚੜ੍ਹ ਜਾਂਦਾ ਹੈ, ਰਾਤ ਖਤਮ ਹੋ ਜਾਇਆ ਕਰਦੀ ਹੈ ਤੇ ਜਦੋਂ ਸੱਚ ਆ ਜਾਂਦਾ ਹੈ, ਝੂਠ ਦਾ ਨਾਮ ਨਿਸ਼ਾਨ ਨਹੀਂ ਰਹਿੰਦਾ। ਸੱਚ ਆਉਣਾ ਚਾਹੀਦਾ ਹੈ, ਸੱਚ ਦੀ ਪ੍ਰਾਪਤੀ ਹੋਣੀ ਚਾਹੀਦੀ, ਕੂੜ ਛੱਡ ਦੇਣਾ ਚਾਹੀਦਾ ਹੈ। ਕਹਿੰਦਾ, ਮਹਾਰਾਜ! ਕੂੜ ਛੁੱਟਦਾ ਨਹੀਂ, ਸੱਚ ਪ੍ਰਾਪਤ ਕਿਵੇਂ ਹੋਵੇ? ਮਹਾਰਾਜ ਕਹਿੰਦੇ, ਕੂੜ ਤਾਂ ਆਪ ਆਪਣੇ ਦੁਆਲੇ ਇਕੱਠਾ ਕਰੀਦਾ, ਹੁਣ ਤੂੰ ਘਰੋਂ ਕਹਿੰਦਾ ਸੀ ਕਿ ਮੈਂ ਜਾ ਕੇ ਚਰਨਾਂ 'ਤੇ ਲਿਟ ਜਾਣਾ, ਇਥੇ ਆ ਕੇ ਤੈਨੂੰ ਕੂੜ ਨੇ ਘੇਰ ਲਿਆ ਕਿ ਮੈਂ ਪੀਰ ਹਾਂ ਵੱਡਾ ਜੇ ਮੈਂ ਚਰਨਾਂ 'ਤੇ ਪਿਆ ਤਾਂ ਇਨ੍ਹਾਂ ਨੇ ਕਹਿਣਾ ਹੈ ਕਿ ਪੀਰ ਦੇ ਵਿੱਚ ਤਾਂ ਕੋਈ ਸੱਤਿਆ ਹੀ ਨਹੀਂ, ਇਹ ਨਾਸਤਕ ਹੋ ਜਾਣਗੇ, ਅਸ਼ਰਧਕ ਹੋ ਜਾਣਗੇ ਤੇ ਝੂਠ ਛੱਡ ਦੇ। ਕਹਿੰਦਾ, ਮਹਾਰਾਜ! ਇਹਨੂੰ ਛੱਡਣ ਵਾਸਤੇ ਤਾਂ ਮੈਂ ਬੜੇ ਤਪ ਕੀਤੇ, ਬੜੇ ਜੋਹਦ ਕੀਤੇ ਤੇ ਹੱਜ ਕੀਤੇ, ਬੜੇ ਦਾਨ ਕੀਤੇ, ਲੰਗਰ ਚਲਾਏ, ਹੋਰ ਵੀ ਅਨੇਕਾਂ ਨੇਕੀ ਦੇ ਕੰਮ ਕਰੇ, ਮਹਾਰਾਜ ਕਹਿੰਦੇ, ਇਹ ਤਾਂ ਤੂੰ ਸੰਗਲ ਬੰਨ੍ਹ ਲਏ ਹੋਰ। ਨੇਕੀ ਦੇ ਕੰਮ ਕੀਤੇ ਪਰ ਹੰਗਤਾ ਧਾਰ ਕੇ ਕੀਤੇ। ਹੰਗਤਾਂ ਧਾਰ ਕੇ ਜਦ ਨੇਕੀ ਕੀਤੀ ਜਾਂਦੀ ਹੈ ਤਾਂ ਹਉਮੈ ਦਾ ਸੰਗਲ ਆਲੇ-ਦੁਆਲੇ ਹੋਰ ਵਧ ਜਾਂਦਾ ਹੈ। ਕਹਿੰਦੇ, ਉਹ ਤਾਂ ਤੂੰ ਹੋਰ ਬੰਨ੍ਹ ਲਏ। ਕਹਿੰਦਾ ਮਹਾਰਾਜ! ਛੁਟਦੇ ਨਹੀਂ। ਮਹਾਰਾਜ ਕਹਿੰਦੇ, ਝੂਠ ਦਾ ਪੜਦਾ ਲਾਹ ਦੇ, ਖੁੱਲ੍ਹ ਕੇ ਨੱਚ। ਗੱਲ ਸਮਝ 'ਚ ਆਉਣੀ ਸ਼ੁਰੂ ਹੋ ਗਈ, ਹੌਲੀ-ਹੌਲੀ। ਗੁਰੂ ਮਹਾਰਾਜ ਨੇ ਹੱਥ ਦਬਾਇਆ ਜ਼ੋਰ ਦੀ, ਕਹਿੰਦੇ ਝੂਠ ਨੂੰ ਛੱਡ ਦੇ। ਕਹਿੰਦਾ, ਮਹਾਰਾਜ! ਛੱਡ ਨਹੀਂ ਹੁੰਦਾ। ਕਹਿੰਦੇ, ਹੁਕਮ 'ਚ ਆ ਜਾ, ਜੋ ਕੁਛ ਵੀ ਸੰਸਾਰ 'ਤੇ ਹੋ ਰਿਹਾ ਹੈ, ਚੰਗਾ, ਮੰਦਾ, ਮਾੜਾ। ਸਾਨੂੰ ਚੰਗਾ ਲਗਦਾ ਹੈ, ਕਿਸੇ ਨੂੰ ਮਾੜਾ ਲਗਦਾ ਹੈ। ਕਿਸੇ ਨੂੰ ਉਹ ਮਾੜਾ ਲਗਦਾ ਹੈ, ਦੂਜੇ ਨੂੰ ਚੰਗਾ ਲਗਦਾ ਹੈ।

ਇਹ ਸਾਰਾ ਇੱਕ ਖੇਲ੍ਹ ਹੋ ਰਹੀ ਹੈ, ਅਕਾਲ ਪੁਰਖ ਦੀ। ਤੂੰ ਇਹਦੇ ਵਿੱਚ ਮੋਹਰਾ ਬਣ ਜਾ। ਜਦ ਤੂੰ ਹੁਕਮ ਦੀ ਪਛਾਣ ਕਰ ਲਏਂਗਾ, ਓਸ ਵੇਲੇ ਹਉਮੈ ਦਾ ਨਾਸ਼ ਹੋ ਜਾਏਗਾ। ਸੋ ਇਹਦੀ ਦਾਰੂ ਜਿਹੜਾ ਹੈ ਉਹ ਸ਼ਬਦ ਹੈ, ਸ਼ਬਦ ਦੀ ਕਮਾਈ ਤੋਂ ਬਗੈਰ ਹੁਕਮ 'ਚ ਖੜ੍ਹਨਾ ਬਹੁਤ ਔਖਾ ਹੁੰਦਾ ਹੈ। ਹੁਕਮ 'ਚ ਆਦਮੀ ਖੜ੍ਹ ਨਹੀਂ ਸਕਿਆ ਕਰਦਾ। ਇਹ ਗੁਰੂ ਤੋਂ ਸ਼ਬਦ ਮਿਲਦਾ ਹੈ, ਸ਼ਬਦ ਦੀ ਕਮਾਈ ਕਰ। ਕਮਾਈ ਕਰਕੇ ਫੇਰ ਤੇਰਾ ਅਨੁਭਵ ਖੁਲ੍ਹੇਗਾ। ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਹੁਕਮ ਦੀ ਸੋਝੀ ਦੇ ਕੇ –

*ਹੁਕਮਿ ਰਜਾਈ ਚਲਣਾ*
*ਨਾਨਕ ਲਿਖਿਆ ਨਾਲਿ ॥ ਅੰਗ – ੧*

ਬਜਦ 'ਚ ਆ ਗਿਆ, ਨੱਚਣਾ ਸ਼ੁਰੂ ਕਰ ਦਿੱਤਾ, ਗੁਰੂ ਮਹਾਰਾਜ ਦੇ ਚਰਨਾਂ 'ਤੇ ਢਹਿ ਪਿਆ।

ਸਿੱਧਾਂ ਨੇ ਵੀ ਸਵਾਲ ਕਰਿਆ ਸੀ ਕਿ ਹੇ ਗੁਰੂ ਨਾਨਕ! ਇਹ ਫੇਰ ਝੂਠ ਦੀ ਜਿਹੜੀ ਕੰਧ ਬਣ ਗਈ –

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ*
*ਬਿਨੁ ਪੇਖੇ ਦੂਰਾਇਓ ॥ ਅੰਗ – ੬੨੪*

ਇਹ ਕੰਧ ਟੁੱਟੇ ਕਿਵੇਂ? ਮਹਾਰਾਜ ਕਹਿੰਦੇ, ਸਵਾਲ ਅਸਲ ਵਿੱਚ ਉਨ੍ਹਾਂ ਦਾ ਸੀ ਕਿ –

*ਕਿਵ ਸਚਿਆਰਾ ਹੋਈਐ*
*ਕਿਵ ਕੂੜੈ ਤੁਟੈ ਪਾਲਿ ॥ ਅੰਗ – ੧*

ਮਹਾਰਾਜ ਕਹਿੰਦੇ –

*ਹੁਕਮਿ ਰਜਾਈ ਚਲਣਾ*
*ਨਾਨਕ ਲਿਖਿਆ ਨਾਲਿ ॥ ਅੰਗ – ੧*

ਹੁਕਮ ਨੂੰ ਮੰਨਣ ਕਰਕੇ ਹਉਮੈ ਦਾ ਨਾਸ਼ ਹੋ ਜਾਂਦਾ ਹੈ ਤੇ ਪਰਮ ਸ਼ਾਂਤੀ ਦੀ ਪ੍ਰਾਪਤੀ ਹੋ ਜਾਂਦੀ ਹੈ ਤੇ ਆਪਣਾ ਨਾ ਕੁਛ ਵੀ ਸਮਝ। ਤਨ ਹੰਗਤਾ ਹੈ, ਮਨ ਹੰਗਤਾ ਹੈ, ਤਨ ਮਮਤਾ ਹੈ, ਮਨ ਮਮਤਾ ਹੈ। ਮੇਰਾ ਤਨ, ਮੇਰਾ ਨਾਮ, ਮੇਰੇ ਪਰਿਵਾਰ, ਮੇਰੀ ਧਰਤੀ, ਮੇਰਾ ਧਰਮ; ਬੇਅੰਤ ਤਰ੍ਹਾਂ ਦੀ ਹੰਗਤਾ ਹੈ, ਕਿੰਨੀਓਂ ਧਾਰ ਲੈ। ਇਹ ਤਾਂ ਵਧਦੀ ਜਾਂਦੀ ਹੈ, ਹਉਮੈ ਦਾ ਪਰਿਵਾਰ ਤਾਂ ਬੇਅੰਤ ਹੀ ਵੱਡਾ ਹੈ।

ਸੋ ਕਹਿਣ ਲੱਗੇ, ਪੰਡਤ ਜੀ! ਸ਼ਬਦ ਦੀ ਦਾਰੂ ਲਓ। ਤਨ ਹੰਗਤਾ, ਮਨ ਹੰਗਤਾ, ਧਨ ਹੰਗਤਾ; ਇਹ ਹਉਮੈ ਕਰਕੇ ਹੋਇਆ ਕਰਦੀਆਂ ਨੇ। ਜਦ ਤੁਸੀਂ ਗੁਰਮੁਖ ਨਾਮ ਦਾਨ ਇਸ਼ਨਾਨ ਦੇ ਆਦੇਸ਼ ਨੂੰ ਦ੍ਰਿੜ੍ਹ ਕਰ ਲਓਂਗੇ ਓਸ ਵੇਲੇ ਹਉਮੈ ਨਾਸ਼ ਹੋਣ ਲਗ ਜਾਂਦਾ ਹੈ। ਜਦੋਂ ਨਾਮ ਦਾ ਪ੍ਰਕਾਸ਼ ਅੰਦਰ ਹੋ ਗਿਆ, ਹੈ ਤਾਂ ਨਾਮ ਸਭ ਦੇ ਅੰਦਰ, ਕਿਤੋਂ ਲੈਣ ਨਹੀਂ ਜਾਣਾ ਨਾਮ। ਬਈ ਓਥੇ ਨਾਮ ਮਿਲਦਾ ਹੈ ਜੀ, ਜਾ ਕੇ ਲੈ ਆਈਏ। ਨਾਮ ਸਭ ਦੇ ਅੰਦਰ ਹੈ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਅੰਗ – ੨੯੩*

ਸਭ ਦੇ ਅੰਦਰ ਨਾਮ ਹੈ, ਫੇਰ ਨਾਮ ਦੀ ਪ੍ਰਾਪਤੀ ਕਿਉਂ ਨਹੀਂ ਹੁੰਦੀ। ਫੇਰ ਸਾਨੂੰ ਗੁਰੂ ਕਿਉਂ ਧਾਰਨਾ ਪੈਂਦਾ ਹੈ। ਕਿਉਂ ਫੇਰ ਪੰਜ ਪਿਆਰਿਆਂ ਕੋਲ ਜਾ ਕੇ ਅਸੀਂ ਅੰਮ੍ਰਿਤ ਛਕਦੇ ਹਾਂ। ਉਹ ਇਸ ਤਰ੍ਹਾਂ ਹੈ ਸਾਧਸੰਗਤ ਜੀ! ਧਰਤੀ 'ਚ ਪਾਣੀ ਤਾਂ ਹੈਗਾ, ਪਰ ਜਦੋਂ ਤਕ ਅਸੀਂ ਬੋਰ ਨਹੀਂ ਕਰਦੇ, ਬੋਰ ਕਰਕੇ ਜਦੋਂ ਅਸੀਂ ਨਾਲਾ ਪਾ ਦਿੰਦੇ ਹਾਂ, ਫਿਲਟਰ ਪਾ ਦਿੰਦੇ ਹਾਂ, ਓਸ ਵੇਲੇ ਪਾਣੀ ਨਾ ਤਾਂ ਜੁੜ ਜਾਂਦਾ ਹੈ, ਉਤੋਂ ਪਾਣੀ ਭਰ ਦਿਓ, ਜਦੋਂ ਚਲਾਓਂਗੇ ਪਾਣੀ ਬਾਹਰ ਨਹੀਂ ਆਉਂਦਾ। ਕਿਉਂਕਿ ਪਾਣੀ ਨੂੰ ਸੂਟਾ ਨਹੀਂ ਪੈਂਦਾ, ਜਦੋਂ reflex wall ਲਾ ਦੇਵਾਂਗੇ, ਓਸ ਵੇਲੇ ਜਿੰਨਾਂ ਪਾਣੀ ਉਪਰ ਦੀ ਪਾਵਾਂਗੇ, ਓਨਾਂ ਹੀ ਹੇਠੋਂ ਉੱਚਾ ਚੜ੍ਹ ਜਾਦਾ ਹੈ, ਅਖੀਰ reflex wall ਨਾਲ ਪਾਣੀ ਲਗ ਜਾਂਦਾ ਹੈ, ਹਵਾ ਖਾਰਜ ਹੋ ਜਾਂਦੀ ਹੈ, ਫੇਰ ਜਦ ਬਟਨ ਦੱਬੋ ਮੋਟਰ ਦਾ, ਉਸੇ ਵੇਲੇ ਪਾਣੀ ਚੱਲ ਪੈਂਦਾ ਹੈ। ਐਸੇ ਤਰ੍ਹਾਂ ਨਾਮ ਤਾਂ ਹੈਗਾ ਅੰਦਰ। ਜਦੋਂ ਤੱਕ ਅਸੀਂ ਪੰਜ ਪਿਆਰਿਆਂ ਦੀ ਹਾਜ਼ਰੀ 'ਚ ਆ ਕੇ, ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਨਾਮ ਨਹੀਂ ਪ੍ਰਾਪਤ ਕਰਦੇ, ਗੁਰੂ ਦਾ ਸ਼ਬਦ ਨਹੀਂ ਪ੍ਰਾਪਤ ਕਰਦੇ। ਓਨੀਂ ਦੇਰ ਤੱਕ ਸਾਡੇ ਅੰਦਰ ਹਵਾ ਰਹਿੰਦੀ ਹੈ ਹਉਮੈ। ਜਦੋਂ ਅਸੀਂ ਨਾਮ ਦਾ ਅਭਿਆਸ ਕਰਕੇ ਹਉਮੈ ਦਾ ਨਾਸ਼ ਕਰ ਲਿਆ, ਉਸ ਵੇਲੇ ਓਹੀ ਨਾਮ ਪ੍ਰਗਟ ਹੋ ਜਾਂਦਾ ਹੈ।

ਸੋ ਇਸ ਤਰ੍ਹਾਂ ਛੋਟੀ ਉਮਰ ਦੇ ਅੰਦਰ ਹੀ ਬਾਬਾ ਜੀ ਨੇ ਓਸ ਪ੍ਰੋਹਤ ਨੂੰ ਜਿਹੜਾ ਵਿਦਵਾਨ ਸੀ, ਬ੍ਰਹਮ ਵਿਦਿਆ ਦ੍ਰਿੜ੍ਹ ਕਰਾ ਦਿੱਤੀ, ਨਾਮ ਦਾਨ ਵਲ ਲਾ ਦਿੱਤਾ। ਸੋ ਇਹ ਜੋ ਕਥਾਵਾਂ ਨੇ –

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥ ਅੰਗ – ੮੫੫*

ਸੋ ਇਸ ਤਰ੍ਹਾਂ ਬੇਅੰਤ ਜਗਿਆਸੂਆਂ ਦਾ ਆਪ ਨੇ ਉਧਾਰ ਕਰਿਆ। ਇੱਕ ਉਸੇ ਪਿੰਡ ਦਾ ਰਾਜੂ ਸੀ, ਵਾਹਕ ਸੀ, ਜ਼ਮੀਨ ਵਾਹੁੰਦਾ ਹੁੰਦਾ। ਲੇਕਿਨ ਉਹ ਕਦੇ-ਕਦੇ ਸਤਿਸੰਗ ਕਰਦਾ ਹੁੰਦਾ, ਸਤਿਸੰਗ 'ਚ ਹੀ ਸੁਣਦਾ ਹੁੰਦਾ ਕਿ ਆਦਮੀ ਤੋਂ ਜੇ ਇਸ ਜਨਮ ਦੇ ਅੰਦਰ ਭਜਨ ਬੰਦਗੀ ਨਾ ਹੋ ਸਕੀ ਤੇ ਅਗਿਆਨ ਦਾ ਖਾਤਮਾ ਨਾ ਹੋ ਸਕਿਆ, ਤਾਂ ਮੁੜ ਕੇ ਫੇਰ ਚੌਰਾਸੀ ਦੇ ਗੇੜਿਆਂ 'ਚ ਪੈ ਜਾਂਦਾ ਹੈ। ਨਿਗੁਰਾ ਰਹਿ ਗਿਆ ਤਾਂ ਓਸ ਦੇ ਜੰਮਣ ਮਰਨ ਦਾ ਚੱਕਰ ਗਲ ਪੈ ਜਾਇਆ ਕਰਦਾ ਹੈ। ਸੋ ਇਸ ਗੱਲ ਤੋਂ ਡਰਦਾ ਹੋਇਆ, ਬਾਬਾ ਜੀ ਦੇ ਪਾਸ ਆ ਕੇ ਬੇਨਤੀ ਕਰਨ ਲੱਗਿਆ ਕਿ ਮਹਾਰਾਜ! ਮੇਰੀ ਬੇਨਤੀ ਆਪ ਸਰਵਣ ਕਰੋ, ਮੈਨੂੰ ਚੌਰਾਸੀ ਤੋਂ ਬਹੁਤ ਡਰ ਲਗਦਾ ਹੈ। ਜੰਮਣ ਮਰਨ ਤੋਂ ਬਹੁਤ ਡਰ ਲਗਦਾ ਹੈ। ਚੌਰਾਸੀ ਦੇ ਗੇੜਿਆਂ ਬਾਰੇ ਜਦੋਂ ਮੈਂ ਸੁਣਦਾ ਹਾਂ, ਮਹਾਂਪੁਰਸ਼ਾਂ ਤੋਂ ਕਥਾਵਾਂ ਸੁਣਦਾ ਹਾਂ, ਮੈਂ ਤਾਂ ਕੰਬਣ ਲਗ ਜਾਂਦਾ ਹਾਂ। ਕਹਿਣ ਲੱਗੇ, ਇੱਕ ਦਿਨ ਮੈਂ ਸੁਕਦੇਵ ਰਿਸ਼ੀ ਦੀ ਕਥਾ ਸੁਣੀ ਕਿ ਆਪਣੇ ਪਿਤਾ ਨੂੰ ਦੱਸ ਰਿਹਾ ਸੀ, ਜਦੋਂ ਉਹ ਰੋਕਦਾ ਸੀ ਸੁਕਦੇਵ ਨੂੰ ਕਿ ਤੂੰ ਭਜਨ ਕਰਨ ਨਾ ਜਾਹ। ਅਜੇ ਤੂੰ ਨਿਆਣਾ ਹੈਂ। ਉਹ

ਕਹਿੰਦਾ ਸੀ, ਪਿਤਾ ਜੀ! ਮੈਂ ਨਿਆਣਾ ਹਾਂ ਪਰ ਕਾਲ ਦਾ ਕੋਈ ਭਰੋਸਾ ਨਹੀਂ, ਕਦੋਂ ਆ ਜਾਵੇ।

ਬਹੁਤ ਸਾਰੇ ਪ੍ਰੇਮੀ ਇਹ ਕਹਿ ਦਿੰਦੇ ਨੇ ਕਿ ਜੀ, ਅੰਮ੍ਰਿਤ ਛਕ ਲਵਾਂਗੇ, ਅਜੇ ਤਾਂ ਜੁਆਨੀ ਹੈ, ਬੁਢਾਪਾ ਆ ਜਾਏਗਾ ਤੇ ਮਹਾਰਾਜ ਕਹਿੰਦੇ, ਬੁਢਾਪੇ ਦੀ ਗਾਰੰਟੀ ਹੈ ਤੇਰੀ –

***ਨਹ ਬਾਰਿਕ ਨਹ ਜੋਬਨੈ***
***ਨਹ ਬਿਰਧੀ ਕਛੁ ਬੰਧੁ ॥***
***ਓਹ ਬੇਰਾ ਨਹ ਬੂਝੀਐ ਜਉ***
***ਆਇ ਪਰੈ ਜਮ ਫੰਧੁ॥ ਅੰਗ – ੨੫੪***

ਖਬਰੇ ਕਿਹੜੇ ਵੇਲੇ ਜੰਮਾਂ ਦਾ ਫੰਧਾ ਗਲ 'ਚ ਪੈ ਜਾਵੇ। ਇਹ ਤਾਂ ਜਦੋਂ ਸੁਰਤ ਆ ਗਈ ਫੇਰ ਇੱਕ ਦਿਨ ਵੀ ਨਾ ਗੁਆਵੇ।

ਇੱਕ ਵਾਰੀ ਸਾਡੇ ਬਡਹੇੜੀ ਪਿੰਡ ਵਿੱਚ ਦੀਵਾਨ ਲੱਗੇ ਹੋਏ ਸੀ, ਓਥੇ ਅੰਮ੍ਰਿਤ ਛਕ ਰਹੇ ਸੀ। ਉਥੇ ਇੱਕ ਪ੍ਰੇਮੀ ਜੇ ਜਿਕ ਕਰਦਾ ਹੋਇਆ, ਅੰਮ੍ਰਿਤ ਛਕ ਗਿਆ। ਇਕਬਾਲ ਸਿੰਘ ਸੀਗਾ ਉਸਦਾ ਨਾਉਂ। ਅੰਮ੍ਰਿਤ ਛਕਣ ਤੋਂ ਕੁਛ ਦਿਨ ਬਾਅਦ, ਉਹ ਚੜ੍ਹਾਈ ਕਰ ਗਿਆ, ਐਕਸੀਡੈਂਟ ਹੋ ਗਿਆ ਉਹਦਾ, ਜੁਆਨ ਆਦਮੀ ਨੂੰ ਹੁਣ ਕੀ ਪਤਾ ਕਿ ਮੈਂ ਚੜ੍ਹਾਈ ਕਰ ਜਾਣੀ ਹੈ। ਪਲ ਨਹੀਂ ਭਰੋਸਾ ਹੈ ਕਿਸੇ ਦਾ। ਚੜ੍ਹਾਈ ਕਰਿਆ ਤਾਂ ਜਿਹਦੇ ਮਕਾਨ 'ਚ ਰਹਿੰਦਾ ਸੀ ਉਹ ਪ੍ਰੇਮੀ ਸਹਿਜਧਾਰੀ ਸੀ, ਹਿੰਦੂ ਸੀ। ਤਾਂ ਉਹਨੂੰ ਦ੍ਰਿਸ਼ਟਾਂਤ ਆਉਂਦਾ ਹੈ ਸੁਪਨੇ ਦੇ ਅੰਦਰ ਕਿ ਇਕਬਾਲ ਸਿੰਘ ਸੜਕ 'ਤੇ ਆਉਂਦਾ ਗਿਰ ਗਿਆ ਤੇ ਉਹਦੀ ਰੂਹ ਸਰੀਰ 'ਚੋਂ ਨਿਕਲ ਗਈ, ਉਹਨੂੰ ਲੈਣ ਵਾਸਤੇ ਕੋਈ ਬਹੁਤ ਤੇਜ਼ ਪ੍ਰਤਾਪ ਰੂਹ ਲੈਣ ਵਾਸਤੇ ਆਈ ਹੈ ਤੇ ਉਸਨੇ ਪੁੱਛਿਆ ਕਿ ਕਿਧਰ ਜਾ ਰਿਹਾ ਹੈਂ? ਕਹਿੰਦਾ ਮੈਂ ਇਨ੍ਹਾਂ ਦੇ ਨਾਲ ਜਾ ਰਿਹਾ ਹਾਂ। ਜਦੋਂ ਉਸਨੂੰ ਜਾਗ ਆਈ ਚਾਰ ਵਜੇ ਤਾਂ ਉਹਨੇ ਪੜੋਸੀ ਦਾ ਦਰਵਾਜ਼ਾ ਖੜਕਾ ਕੇ, ਅਵਾਜ਼ ਦੇ ਕੇ ਪੁੱਛਿਆ, ਉਹ ਕਹਿਣ ਲੱਗੇ, ਇਕਬਾਲ ਸਿੰਘ? ਉਹ ਕਹਿੰਦੇ ਜੀ ਉਹ ਤਾਂ ਰਾਤ ਦੇ ਆਏ ਨਹੀਂ, ਪਤਾ ਨਹੀਂ ਕਿੱਥੇ ਨੇ। ਕਹਿੰਦਾ, ਮੈਨੂੰ ਹੁਣੇ ਹੀ ਸੁਪਨੇ ਵਿੱਚ ਦਿਖਾਈ ਦਿੱਤਾ ਹੈ ਕਿ ਆਹ ਜਿਹੜਾ ਬਡਹੇੜੀ ਦਾ ਚੌਂਕ ਹੈ ਇੱਥੇ ਗਿਰਿਆ ਪਿਆ ਹੈ ਤੇ ਬਹੁਤ ਪ੍ਰਤਾਪ ਵਾਲੀ ਰੂਹ ਆਈ ਘੋੜੇ 'ਤੇ ਸਵਾਰ ਉਹ ਉਨ੍ਹਾਂ ਨੂੰ ਨਾਲ ਲੈ ਗਈ ਹੈ। ਘਰਵਾਲੀ ਨੂੰ ਫਿਕਰ ਹੋਇਆ ਜਦ ਜਾ ਕੇ ਦੇਖਿਆਂ ਤਾਂ ਉਥੇ ਚੜ੍ਹਾਈ ਕਰਿਆ ਪਿਆ। ਉਹ ਦ੍ਰਿਸ਼ਟਾਂਤ ਕੋਈ ਝੂਠਾ ਦ੍ਰਿਸ਼ਟਾਂਤ ਨਹੀਂ ਸੀ। ਸਹੀ ਦ੍ਰਿਸ਼ਟਾਂਤ ਸੀ, ਅੰਮ੍ਰਿਤ ਛਕ ਲਿਆ, ਅੰਮ੍ਰਿਤ ਛਕਣ ਤੋਂ ਬਾਅਦ ਗੁਰੂ ਦਾ ਬਣ ਜਾਂਦਾ ਹੈ।

ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥ ਨਾਨਕ ਪੂਰੈ ਭਾਗਿ

***ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥***
***ਅੰਗ – ੬੪੯***

ਜਦੋਂ ਗੁਰੂ ਮਿਲ ਗਿਆ ਫੇਰ ਗੁਰੂ ਦਾ ਜੁੰਮਾ ਹੋ ਜਾਂਦਾ ਹੈ ਕਿ ਸਾਨੂੰ ਪਾਰ ਲੰਘਾਉਣਾ। ਇੱਕ ਜਨਮ ਨਹੀਂ, ਦੋ ਜਨਮ ਤਿੰ ਜਨਮ, ਦੱਸ ਕਰੇਗਾ, ਵੀਹ ਕਰੇਗਾ, ਛੱਡਦਾ ਨਹੀਂ; ਜਦੋਂ ਤੱਕ ਅਸੀਂ ਪਾਰ ਨਹੀਂ ਲੰਘਦੇ ਪਰ ਗੁਰੂ ਵਾਲੇ ਬਣੋ ਜ਼ਰੂਰ। ਸੋ ਮਹਾਰਾਜ ਮੈਨੂੰ ਡਰ ਲਗਦਾ ਹੈ ਜਦੋਂ ਮੈਂ ਚੌਰਾਸੀ ਦੀਆਂ ਗੱਲਾਂ ਸੁਣਦਾ ਹਾਂ ਤੇ ਕ੍ਰਿਪਾ ਕਰੋ ਮੈਨੂੰ ਜੰਮਣ ਮਰਨ ਤੋਂ ਰੱਖ ਲਓ –

***ਕਰ ਜੋੜਿ ਨਾਨਕ ਦਾਨੁ ਮਾਗੈ***
***ਜਨਮ ਮਰਣ ਨਿਵਾਰਿ ਲੇਹੁ ॥ ਅੰਗ – ੪੫੭***

ਬਾਬਾ ਜੀ ਕਹਿਣ ਲੱਗੇ, ਦੇਖ ਭਾਈ ਰਾਜੂ! ਤੂੰ ਬਹੁਤ ਭਾਗਾਂ ਵਾਲਾ ਹੈਂ ਜਿਹਦੇ ਮਨ ਵਿੱਚ ਇਹ ਖਿਆਲ ਪੈਦਾ ਹੋ ਗਿਆ ਤੇ ਗੁਰੂ ਨਾਨਕ ਪਾਤਸ਼ਾਹ ਨੇ ਜੋ ਸਾਧਨ, ਸੰਸਾਰ ਦੇ ਤਾਰਨ ਵਾਸਤੇ ਲਿਆਂਦਾ ਹੈ ਉਹ ਸਭ ਤੋਂ ਸੁਖਾਲਾ ਹੈ। ਨਾ ਉਹਦੇ ਵਿੱਚ ਹੱਠ ਯੋਗ ਕਰਨਾ ਪੈਂਦਾ ਹੈ। ਨਾ ਕੋਈ ਕਸ਼ਟ ਯੋਗ ਦੇ ਸਾਧਨ ਕਰਨੇ ਪੈਂਦੇ ਨੇ। ਉਹਦੇ 'ਚ ਸਾਧਨ ਕੇਵਲ ਪ੍ਰਮੇਸ਼ਰ ਨੂੰ ਯਾਦ ਰੱਖਣ ਵਾਸਤੇ ਉਹਦਾ ਨਾਮ ਜਪਣਾ ਪੈਂਦਾ ਹੈ ਤੇ ਕਲਜੁਗ ਦੇ ਵਿੱਚ ਜੋ ਸਭ ਤੋਂ ਮਹੱਤਵਪੂਰਨ ਕਰਮ ਹੈ, ਉਹ ਹੈ ਪ੍ਰਮੇਸ਼ਰ ਦਾ ਨਾਮ ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਕਲੂ ਆਇਓ ਰੇ***
***ਇੱਕ ਨਾਮ ਬੀਜ ਲਓ,***
***ਸਤਿਨਾਮ ਵਾਹਿਗੁਰੂ ਅਕਾਲ ਪੁਰਖ ਤੂੰ ਹੀ ਹੈਂ।***
***ਅਬ ਕਲੂ ਆਇਓ ਰੇ ॥***
***ਇਕੁ ਨਾਮੁ ਬੋਵਹੁ ਬੋਵਹੁ ॥***
***ਅਨ ਰੂਤਿ ਨਾਹੀ ਨਾਹੀ ॥***
***ਮਤੁ ਭਰਮਿ ਭੂਲਹੁ ਭੂਲਹੁ ॥ ਅੰਗ – ੧੧੮੫***

ਜਦੋਂ ਦੁਆਪਰ ਯੁੱਗ ਖਤਮ ਹੋ ਰਿਹਾ ਹੈ, ਓਸ ਵੇਲੇ ਕਲਜੁਗ ਦਾ ਆਰੰਭ ਹੋਣ ਲੱਗਿਆ, ਤਾਂ ਇੱਕ ਦਿਨ ਕ੍ਰਿਸ਼ਨ ਮਹਾਰਾਜ ਸੁਤੇ ਹੀ ਬੈਠੇ ਕਹਿਣ ਲੱਗੇ, ਲਓ ਬਈ ਕਲਜੁਗ ਆ ਗਿਆ। ਹੈਰਾਨ ਹੋ ਗਏ ਸਭ ਕਿ ਕਲਜੁਗ ਆ ਗਿਆ, ਉਹਦੇ ਬਾਰੇ ਤਾਂ ਬਹੁਤ ਬੁਰੀਆਂ ਗੱਲਾਂ ਸੁਣੀਆਂ ਨੇ। ਉਸਦੇ ਵਿੱਚ ਤਾਂ ਨੇਕ ਗੱਲ ਕੋਈ ਹੈ ਹੀ ਨਹੀਂ। ਸਾਰੇ ਹੈਰਾਨ ਹੋ ਗਏ ਕਿ ਮਹਾਰਾਜ! ਉਹਦਾ ਵਰਤਾਰਾ ਕੀ ਹੋਏਗਾ। ਓਸ ਵੇਲੇ ਕ੍ਰਿਸ਼ਨ ਮਹਾਰਾਜ ਕਹਿੰਦੇ ਕਿ ਅੰਮ੍ਰਿਤ ਵੇਲੇ ਉੱਠ ਕੇ, ਇਸ਼ਨਾਨ ਕਰਕੇ ਪ੍ਰਭੂ ਦਾ ਸਿਮਰਨ ਕਰਕੇ, ਜੋ vision ਆਉਣਗੇ ਉਹਦਾ ਧਿਆਨ ਰੱਖਿਓ। ਸੋ ਅੰਮ੍ਰਿਤ ਵੇਲੇ ਉਠੇ, ਉਠ ਕੇ ਜਦੋਂ ਨਾਮ ਜਪਣ ਵਾਸਤੇ ਬੈਠੇ ਤੇ ਪ੍ਰਾਣਾਯਾਮ ਦੇ ਨਾਲ ਆਪਣੀ ਸੁਰਤ ਕੰਟਰੋਲ ਕਰਨ ਦਾ ਯਤਨ ਕੀਤਾ, ਕਿਉਂਕਿ ਸਬਦਿ ਸੁਰਤਿ ਦਾ ਮਾਰਗ ਓਸ ਵੇਲੇ ਹੈ ਨਹੀਂ ਸੀ, ਇਹ ਤਾਂ ਗੁਰੂ ਨਾਨਕ ਪਾਤਸ਼ਾਹ ਚਲਾਇਆ, ਸੰਤ ਮਾਰਗ ਹੈ ਸਬਦਿ ਸੁਰਤਿ ਦਾ ਮਾਰਗ।

***ਸੁਰਤਿ ਸਬਦਿ ਭਵ ਸਾਗਰੁ ਤਰੀਐ***
***ਨਾਨਕ ਨਾਮੁ ਵਖਾਣੇ ॥ ਅੰਗ – ੯੩੮***

ਹੋਰ ਤਰ੍ਹਾਂ ਦੀਆਂ ਕ੍ਰਿਆ ਸੀ, ਕਰਮ ਧਰਮ ਬਹੁਤੇ ਸੀ। ਹੱਠ ਯੋਗ ਸੀ, ਪ੍ਰਾਣਾਯਾਮ ਵਗੈਰਾ ਚੀਜ਼ਾਂ ਸਨ, ਤਾਂ ਓਸ ਵੇਲੇ ਜਦੋਂ ਉਨ੍ਹਾਂ ਨੇ ਸੁਰਤੀ ਨੂੰ ਇਕਾਗਰ ਕਰਿਆ। ਤਾਂ ਪਹਿਲੇ ਨੂੰ ਕੀ ਨਜ਼ਰ ਆਉਂਦਾ ਹੈ ਕਿ ਇੱਕ ਬੈਲ ਹੈ ਜਿਸਦੀਆਂ ਤਿੰਨ ਲੱਤਾਂ ਨਹੀਂ ਹਨ, ਇੱਕੋ ਪੈਰ ਦੇ ਭਾਰ ਖੜ੍ਹਾ ਹੈ, ਦੂਸਰੇ ਨੂੰ ਆਉਂਦਾ ਹੈ ਕਿ ਇੱਕ ਹੰਸ ਹੈ ਉਹਦੇ ਦੋਹਾਂ ਫੰਗਾਂ ਦੇ ਉੱਤੇ ਵੇਦਾਂ ਸ਼ਾਸਤਰਾਂ ਦੇ ਸਲੋਕ ਲਿਖੇ ਹੋਏ ਨੇ, ਪਰ ਉਹ ਹੰਸ ਮੋਤੀ ਨਹੀਂ ਖਾਂਦਾ, ਕੀੜੇ ਖਾਂਦਾ ਹੈ। ਤੀਸਰੇ ਨੂੰ ਆਇਆ ਕਿ ਇੱਕ ਹਾਥੀ ਹੈ, ਦੋ ਸੁੰਡਾਂ ਨੇ ਇੱਕ ਨਾਲ ਮਾਸ ਖਾ ਰਿਹਾ ਹੈ, ਇੱਕ ਨਾਲ ਘਾਹ ਖਾ ਰਿਹਾ ਹੈ। ਸੋ ਚੌਥੇ ਨੂੰ ਆਇਆ ਕਿ ਇੱਕ ਖੂਹ ਦੇ ਵਿਚੋਂ ਪਾਣੀ ਕੱਢਿਆ ਹੈ ਤੇ ਪਾਣੀ ਕੱਢ ਕੇ ਇੱਕ ਡੋਲ ਦੇ ਨਾਲ ਦਸ ਘੜੇ ਭਰ ਦਿੱਤੇ। ਤੇ ਮੁੜ ਕੇ ਜਦ ਘੜੇ ਡੋਲ ਵਿੱਚ ਪਾਏ ਤਾਂ ਉਹਦਾ

ਚੌਥਾ ਹਿੱਸਾ ਵੀ ਨਾ ਭਰਿਆ। ਪੰਜਵੇਂ ਨੂੰ ਆਇਆ ਕਿ ਇੱਕ ਬਹੁਤ ਵੱਡਾ ਪੱਥਰ ਰੁੜਿਆ ਆ ਰਿਹਾ ਹੈ, ਦਰਖਤਾਂ ਨੂੰ ਤੋੜਦਾ ਆਉਂਦਾ ਹੈ ਲੇਕਿਨ ਜਦੋਂ ਖੱਡ 'ਚ ਗਿਰਨ ਲੱਗਿਆ ਤਾਂ ਇੱਕ ਘਾਹ ਦੇ ਤਿਣਕੇ ਨਾਲ ਰੁਕ ਗਿਆ। ਸਾਰੀਆਂ ਗੱਲਾਂ ਹੀ ਹੈਰਾਨ ਕਰਨ ਵਾਲੀਆਂ।

ਕ੍ਰਿਸ਼ਨ ਮਹਾਰਾਜ ਕੋਲ ਆ ਗਏ, ਕਹਿੰਦੇ ਕਿ ਸਾਨੂੰ ਅਜੀਬ ਦ੍ਰਿਸ਼ਟਾਂਤ ਆਏ ਨੇ। ਕਹਿਣ ਲੱਗੇ, ਮਹਾਰਾਜ! ਤਿੰਨ ਪੈਰ ਟੁੱਟ ਚੁੱਕੇ, ਚੌਥੇ ਪੈਰ ਦੇ ਭਾਰ ਬੈਲ ਖੜ੍ਹਾ ਹੈ। ਕਹਿੰਦੇ, ਇਹ ਧਰਮ ਹੈ ਕਲਜੁਗ ਦੇ ਅੰਦਰ। ਚਾਰ ਪੈਰ ਹੋਇਆ ਕਰਦੇ ਨੇ, ਇੱਕ ਪੈਰ ਹੋਏਗਾ ਇਸਦਾ। ਸਾਸ਼ਤਰ, ਤੀਰਥ ਤੇ ਰਾਜੇ ਹੋਇਆ ਕਰਦੇ ਨੇ, ਸਾਧੂ ਹੋਇਆ ਕਰਦੇ ਨੇ। ਸਾਸ਼ਤਰ ਵੀ ਦੇਖ ਲਓ, ਕਈ ਕਿਤਾਬਾਂ ਕਿਹੋ ਜਿਹੀਆਂ ਗੰਦੀਆਂ ਛਪਦੀਆਂ ਨੇ, ਕਿੰਨਾ ਨਾਸਤਕ ਲਿਟਰੇਚਰ ਛਪ ਰਿਹਾ ਹੈ। ਤੀਰਥਾਂ ਦੇ ਉੱਤੇ ਵਿਕਾਰ ਹੋ ਗਏ, ਹਉਮੈ ਵਾਲੇ ਬੰਦੇ ਕਾਬਜ਼ ਹੋ ਗਏ, ਤੀਰਥਾਂ 'ਤੇ। ਉਹ ਅਗਿਆਨੀ ਪੁਰਸ਼ ਜਿਨ੍ਹਾਂ ਨੂੰ ਸਮਝਾਉਣਾ ਸੀ, ਉਹ ਆਪ ਹੀ ਮਾਲਕ ਬਣ ਗਏ ਤੇ ਆਹ ਉਪਦੇਸ਼ ਦਿਓ, ਆਹ ਗੱਲ ਨਹੀਂ ਕਹਿਣੀ। ਉਹ ਵੀ ਖਤਮ ਹੋ ਗਏ। ਰਾਜਾ ਜਿਹੜਾ ਹੈ ਇਹਦੇ 'ਚੋਂ ਇਨਸਾਫ ਖਤਮ ਹੋ ਗਿਆ। ਇਹ ਲਾਲਚੀ ਹੈ, ਚਾਹੇ ਹਜ਼ਾਰ ਬੰਦਾ ਮਰ ਜਾਏ, ਚਾਹੇ ਲੱਖ ਮਰ ਜਾਏ, ਕੁਰਸੀ ਨਹੀਂ ਇਹਦੀ ਜਾਣੀ ਚਾਹੀਦੀ। ਇਹ ਵੀ ਗਲਤ ਹੋ ਗਿਆ ਤੇ ਸਾਧੂਆਂ ਦੇ ਆਸਰੇ ਖੜ੍ਹਾ ਹੈ। ਬੰਦਗੀ ਕਰਨ ਵਾਲੇ ਮਹਾਂਪੁਰਸ਼ਾਂ ਦਾ ਸੰਸਾਰ ਦੇ ਅੰਦਰ ਜਿਸ ਦਿਨ ਨਾਸ਼ ਹੋ ਗਿਆ ਉਸ ਦਿਨ ਪਰਲੋਂ ਆ ਜਾਏਗੀ, ਉਸ ਦਿਨ ਖਤਮ ਹੋ ਜਾਏਗਾ ਸੰਸਾਰ। ਫੇਰ ਵਾਹਿਗੁਰੂ ਨੂੰ ਸੰਸਾਰ ਰੱਖਣ ਦਾ ਕੋਈ ਵੀ ਮਤਲਬ ਨਹੀਂ ਹੈ। ਸੰਤਾਂ ਵਾਸਤੇ ਤ੍ਰਿਭਵਣ ਧਾਰੇ ਨੇ। ਆਪਣੇ ਪਿਆਰਿਆ ਵਾਸਤੇ ਐਨੀ ਸੁੰਦਰ ਸ੍ਰਿਸ਼ਟੀ ਬਣਾਈ ਹੈ। ਲੇਕਿਨ ਸੀ ਤਾਂ ਧਰਤੀ ਸਾਧ ਦੀ ਪਰ ਚੋਰਾਂ ਨੇ ਆ ਕੇ ਉਸ 'ਤੇ ਕਬਜ਼ਾ ਕਰ ਲਿਆ, ਉਨ੍ਹਾਂ ਨੇ ਇੱਥੇ ਅਸ਼ਾਂਤੀ ਫੈਲਾ ਦਿੱਤੀ। ਪਤਾ ਹੀ ਨਹੀਂ ਲਗਣ ਦਿੰਦੇ। ਆਹ ਨਦੀ ਵਲ ਨੂੰ ਚਲੇ ਜਾਓ, ਸਰਕੜਿਆਂ ਦੇ ਵਿੱਚ ਬੈਠ ਜਾਓ, ਤੁਹਾਨੂੰ ਐਨਾ ਅਨੰਦ ਆਏਗਾ ਕਿ ਹੈਰਾਨ ਰਹਿ ਜਾਓਂਗੇ ਕਿ ਇਹ ਤਾਂ ਏਅਰ ਕੰਡੀਸ਼ਨ ਘਰਾਂ 'ਚੋਂ ਨਹੀਂ ਆਉਂਦਾ, ਜਿਹੜਾ ਅਨੰਦ ਇਹ ਦੇ ਰਹੇ ਨੇ। ਆਹ ਜਿਹੜੀਆਂ ਫਸਲਾਂ ਅਨੰਦ ਦਿੰਦੀਆਂ ਨੇ ਇਨ੍ਹਾਂ ਜਿਹਾ ਅਨੰਦ ਨਹੀਂ ਕਿਸੇ ਪਾਸੇ। ਚੰਡੀਗੜ੍ਹ ਜਿੱਥੇ ਜੀ ਕਰਦਾ ਹੈ ਘੁੰਮ ਲਓ, ਨਹੀਂ ਅਨੰਦ ਆਉਂਦਾ, ਜਿਹੜਾ ਫਸਲਾਂ 'ਚੋਂ ਆਉਣਾ ਹੈ। ਇਹ ਸੁੰਦਰਤਾ ਖਿਲਾਰੀ ਸੀ ਪ੍ਰਭੂ ਨੇ, ਲੇਕਿਨ ਚੋਰਾਂ ਨੇ ਆ ਕੇ ਖਰਾਬ ਕਰ ਦਿੱਤੀ। ਸੋ ਇਹ ਸੰਤਾਂ ਵਾਸਤੇ ਤ੍ਰਿਭਵਣ ਧਾਰੇ ਹੋਏ ਨੇ ਪ੍ਰਭੂ ਨੇ, ਜਿਸ ਦਿਨ ਸੰਤ ਨਾ ਹੋਏ, ਸ੍ਰਿਸ਼ਟੀ ਉਸ ਦਿਨ ਖਤਮ ਹੋ ਜਾਏਗੀ, ਫੇਰ ਨਹੀਂ ਇੱਕ ਪਲ ਵੀ ਰਿਹਾ ਕਰਦੀ। ਸੋ ਉਨ੍ਹਾਂ ਦੇ ਆਸਰੇ ਧਰਮ ਖੜ੍ਹਾ ਹੈ। ਦੂਸਰੇ ਨੇ ਦੇਖਿਆ ਕਿ ਮੈਂ ਹੰਸ ਦੇਖਿਆ ਹੈ, ਕਹਿੰਦੇ ਕਲਜੁਗ ਦੇ ਜਿਹੜੇ ਪ੍ਰਚਾਰਕ ਹੋਣਗੇ, ਦੂਜਿਆਂ ਨੂੰ ਉਪਦੇਸ਼ ਦੇਣਗੇ ਜਾਂ ਤਾਂ ਪ੍ਰਚਾਰ ਹੀ ਐਸਾ ਆ ਜਾਏਗਾ ਕਿ ਮਾਸ ਖਾਓ ਜੀ, ਕੋਈ ਹਰਜ਼ ਨਹੀਂ ਹੈ ਜੇ ਸ਼ਰਾਬ ਪੀ ਲਓ। ਨਿੰਦਿਆ, ਚੁਗਲੀ, ਈਰਖਾ, ਵਖੀਲੀ ਦੇ ਕੀੜੇ ਖਾਣਗੇ ਪ੍ਰਚਾਰਕ ਤੇ ਮੂੰਹ ਦੇ ਵਿਚੋਂ ਸਲੋਕ ਉਚਾਰਨਗੇ ਤੇ ਉੱਤਮ ਤੋਂ ਉੱਤਮ ਬ੍ਰਹਮਗਿਆਨ ਦਾ ਉਪਦੇਸ਼ ਦੇਣਗੇ। ਦੂਸ਼ਿਤ ਹੋ ਜਾਏਗਾ ਪ੍ਰਚਾਰ। ਤੀਸਰੇ ਨੇ ਕਿਹਾ ਕਿ ਮੈਂ ਹਾਥੀ ਦੇਖਿਆ ਦੋ ਸੁੰਡਾਂ ਵਾਲਾ, ਕਹਿੰਦੇ ਜੋ ਰਾਜੇ ਲੋਕ ਹੋਣਗੇ ਇਹ ਰਿਸ਼ਵਤਾਂ ਲੈਣਗੇ, ਸੱਚਾ ਵੀ ਦੁਖੀ ਤੇ ਝੂਠਾ ਵੀ ਦੁਖੀ। ਦੋਵੇਂ ਦੁਖੀ ਰਹਿਣਗੇ, ਇਨ੍ਹਾਂ ਦੇ ਹੱਥਾਂ ਤੋਂ। ਇਨਸਾਫ ਕਿਸੇ ਨੂੰ ਨਹੀਂ ਮਿਲਿਆ ਕਰੇਗਾ। ਚੌਥਾ ਕਹਿੰਦਾ ਕਿ ਮੈਂ ਡੋਲ ਦੇਖਿਆ, ਉਹ ਕਹਿੰਦੇ ਕਲਜੁਗ ਦੇ ਅੰਦਰ ਐਨਾ ਅਸੰਤੋਸ਼ ਆ ਜਾਏਗਾ। ਐਨੀ ਤ੍ਰਿਸ਼ਨਾ ਵਧ ਜਾਏਗੀ ਕਿ ਸਾਰੇ ਜੀਅ ਕਮਾਉਣਗੇ ਤਾਂ ਵੀ ਪੇਟ ਨਹੀਂ ਭਰੇਗਾ। ਪਹਿਲੇ ਜੁਗਾਂ ਦੇ ਅੰਦਰ ਇੱਕ ਕਮਾਉਂਦਾ ਸੀ ਸਾਰਿਆਂ ਦਾ ਪੇਟ ਭਰ ਜਾਂਦਾ ਸੀ। ਸੋ ਇਹਦੇ ਵਿੱਚ ਤ੍ਰਿਸ਼ਨਾ ਹੋਏਗੀ, ਅੱਗੇ ਤੋਂ ਅੱਗੇ ਵੱਧਣਗੇ। ਵੱਡੇ-ਵੱਡੇ ਮੰਦਰ ਉਸਾਰਨਗੇ, ਵੱਡੀਆਂ-ਵੱਡੀਆਂ ਗੱਲਾਂ ਕਰਨਗੇ। ਟਿਕੇਗਾ ਕੋਈ ਨਹੀਂ, ਤ੍ਰਿਸ਼ਨਾ ਦੀ ਅੱਗ 'ਚ ਜਲ-ਜਲ ਮਰ ਜਾਣਗੇ। ਪੰਜਵਾਂ ਕਹਿੰਦਾ ਕਿ ਮਹਾਰਾਜ! ਮੈਂ ਪਹਾੜ ਦੇਖਿਆ ਹੈ, ਉਹ ਕਹਿੰਦੇ ਕਿ ਤੈਨੂੰ ਦ੍ਰਿਸ਼ਟਾਂਤ ਦਿਖਾ ਦਿੱਤਾ ਕਲਜੁਗ ਨੇ ਕਿ ਮੈਂ ਕੋਈ ਕਰਮ ਧਰਮ ਨਹੀਂ ਰਹਿਣ ਦੇਣਾ -

***ਤੀਰਥ ਬਰਤ ਅਰੁ ਦਾਨ ਕਰਿ***
***ਮਨ ਮੈ ਧਰੈ ਗੁਮਾਨੁ ॥***
***ਨਾਨਕ ਨਿਹਫਲ ਜਾਤ ਤਿਹ***
***ਜਿਉ ਕੁੰਚਰ ਇਸਨਾਨੁ ॥ ਅੰਗ - ੧੪੨੮***

ਤੀਰਥਾਂ ਦਾ ਫਲ ਹੁੰਦਾ ਹੈ, ਦਾਨ ਦਾ ਫਲ ਹੁੰਦਾ ਹੈ, ਵਰਤਾਂ ਦਾ ਫਲ ਹੁੰਦਾ, ਪਰ ਆਦਮੀ ਦਾ ਮਨ ਐਨਾ ਗਲਤ ਹੋਏਗਾ ਕਿ ਅਭਿਮਾਨ ਓਹਨੂੰ ਮੱਲੋ-ਮੱਲੀ ਆ ਜਾਏਗਾ ਕਿ ਮੇਰੇ ਵਰਗਾ ਕੋਈ ਨਹੀਂ, ਮੈਂ ਸਾਰੇ ਤੀਰਥ ਕਰ ਲਏ, ਮੈਂ ਐਨਾ ਦਾਨ ਕਰਿਆ ਹੈ, ਜੀ ਮੇਰੀ ਅਰਦਾਸ ਕਰੋ, ਜੀ ਮੇਰਾ ਪੱਥਰ ਲਵਾ ਦਿਓ, ਤਾਂ ਕਿ ਲੋਕ ਆਉਂਦੇ ਜਾਂਦੇ ਪੜ੍ਹ ਕੇ ਕਹਿਣ ਕਿ ਬੜਾ ਦਾਨੀ ਹੈ। ਕਹਿੰਦੇ ਉਹ ਨਿਹਫਲ ਹੋ ਜਾਏਗਾ ਸਾਰਾ। ਇਹ ਚੱਲਣੇ ਨਹੀਂ ਹਨ ਤੇ ਜੇ ਕੋਈ ਚੀਜ਼ ਚੱਲੇਗੀ ਉਹ ਪ੍ਰਮੇਸ਼ਰ ਦਾ ਨਾਮ ਚੱਲੇਗਾ। ਹੋਰ ਕੋਈ ਚੀਜ਼ ਕਲਜੁਗ 'ਚ ਨਹੀਂ ਕੰਮ ਆਉਂਦੀ।

ਕਹਿਣ ਲੱਗੇ, ਭਾਈ ਰਾਜੂ! ਅਸੀਂ ਸੋਈ ਬਚਨ ਗੁਰੂ ਦੇ ਸੁਣਾਉਂਦੇ ਹਾਂ ਕਿ -

***ਅਬ ਕਲੂ ਆਇਓ ਰੇ ॥***
***ਇਕੁ ਨਾਮੁ ਬੋਵਹੁ ਬੋਵਹੁ ॥***
***ਅਨ ਰੂਤਿ ਨਾਹੀ ਨਾਹੀ ॥***
***ਮਤੁ ਭਰਮਿ ਭੂਲਹੁ ਭੂਲਹੁ ॥ ਅੰਗ - ੧੧੮੫***

ਸੋ ਦੋ ਚੀਜ਼ਾਂ ਨੇ, ਇੱਕ ਨਾਮ ਹੈ ਤੇ ਇੱਕ ਹਉਮੈ ਹੈ, ਹੁਣ ਹਉਮੈ ਵੀ ਤਕੜੀ ਹੈ ਨਾਮ ਵੀ ਤਕੜਾਂ ਹੈ, ਕਿਉਂਕਿ ਹਉਮੈ ਵਾਹਿਗੁਰੂ ਨੇ ਬਣਾਈ ਹੈ। ਸਾਰਿਆਂ ਦੇ ਅੰਦਰ ਮਾਇਆ ਦ੍ਰਸ਼ਟੀ ਪਾ ਦਿੱਤੀ, ਨਹੀਂ ਤਾਂ ਸਾਰਾ ਜੀਵ ਪਹਿਲਾਂ ਗਿਆਨਵਾਨ ਸੀ। ਹੌਲੀ-ਹੌਲੀ ਅਸਰ ਹੋ ਗਿਆ ਤੇ ਹਉਮੈ ਦੇ ਅਧੀਨ ਹੋ ਕੇ ਜੀਵ ਪਰਮੇਸ਼ਰ ਨੂੰ ਭੁੱਲ ਗਿਆ। ਬਿਲਕੁਲ ਨਹੀਂ ਇਹਨੂੰ ਪਤਾ ਕਿ ਰੱਬ ਮੇਰੇ ਨਾਲ ਰਹਿੰਦਾ ਹੈ। ਨਾਮ ਜਪਣ ਵਾਲੇ ਵੀ ਭੁੱਲੇ ਰਹਿੰਦੇ ਨੇ, ਦੂਜੇ ਵੀ ਭੁੱਲੇ ਰਹਿੰਦੇ ਨੇ, ਜਦੋਂ ਤਕ ਇਹ ਭੁੱਲ ਪੂਰੀ ਤਰ੍ਹਾਂ ਦੂਰ ਨਹੀਂ ਹੁੰਦੀ, ਹਉਮੈ ਦੂਰ ਨਹੀਂ ਹੁੰਦੀ, ਸੋ ਜਦੋਂ ਨਾਮ ਪ੍ਰਗਟ ਹੋ ਗਿਆ, ਫੇਰ ਨੇਤਰ ਖੁੱਲ੍ਹ ਜਾਂਦੇ ਨੇ ਫੇਰ ਇੱਥੇ ਕੋਈ ਦੂਜਾ ਨਹੀਂ ਦਿਸਦਾ। ਸਾਰੇ ਹੀ ਪ੍ਰਮੇਸ਼ਰ ਦੇ ਕ੍ਰਿਸ਼ਮੇ ਨਜ਼ਰ ਆਉਂਦੇ ਨੇ, ਹਰ ਥਾਂ ਵਾਹਿਗੁਰੂ ਵਿਆਪਕ ਨਜ਼ਰ ਆਉਂਦਾ ਹੈ। ਜਦੋਂ ਵਿਆਪਕ ਨਜ਼ਰ ਆ ਜਾਏ, ਇਹਨੂੰ ਨਾਮ ਪ੍ਰਾਪਤੀ ਕਹਿੰਦੇ ਨੇ ਕਿ ਇਹਨੂੰ

ਨਾਮ ਪ੍ਰਾਪਤ ਹੋ ਗਿਆ। ਇਹਦੇ ਹਿਰਦੇ 'ਚ ਨਾਮ ਵਸ ਗਿਆ, ਜਦੋਂ ਹਿਰਦੇ 'ਚ ਨਾਮ ਵਸਿਆ –

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ- ੬੪੯*

ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਕਿਹਾ ਕਿ ਹਉਮੈ ਬੰਦਗੀ ਕਰਨ ਦੇ ਨਾਲ ਟੁੱਟਦੀ ਹੈ। ਸਿੱਖੀ ਧਾਰਨ ਕਰੀ, ਉਸ ਤੋਂ ਬਾਅਦ ਸ਼ਾਂਤੀ ਪ੍ਰਾਪਤ ਹੋ ਗਈ। ਇਕ ਸਾਧਾਰਨ ਕਿਸਾਨ ਸੀ।

ਸੋ ਇਸੇ ਤਰ੍ਹਾਂ ਬਾਬਾ ਜੀ ਦੀਆਂ ਅਨੇਕ-ਅਨੇਕ ਸਾਖੀਆਂ ਨੇ ਸੋ ਪਿਆਰ ਦੇ ਨਾਲ ਉਨ੍ਹਾਂ ਦਾ ਜੀਵਨ ਸਰਵਣ ਕਰੋ –

*ਧਾਰਨਾ – ਹਰਿ ਕੇ ਸੇਵਕ ਜੋ ਹਰਿ ਭਾਏ,*
*ਤਿਨ ਕੀ ਕਥਾ ਨਿਰਾਰੀ ਰੇ।*

ਇਸ ਤਰ੍ਹਾਂ ਆਪ ਨੇ ਬੇਅੰਤ ਸੰਸਾਰ ਦਾ ਉਧਾਰ ਕੀਤਾ। ਮਹਾਰਾਜਾ ਰਣਜੀਤ ਸਿੰਘ ਛੋਟੇ ਜਿਹੇ ਸੀ ਓਸ ਵੇਲੇ, ਜਦੋਂ ਬਾਬਾ ਜੀ ਦੀ ਚਰਨ ਸ਼ਰਨ ਲਿਆ ਕੇ ਸਦਾ ਕੌਰ ਨੇ ਚਰਨਾਂ 'ਤੇ ਪਾਏ, ਬਾਬਾ ਜੀ ਨੇ ਮਸਤਕ ਦੇਖਿਆ ਦੇਖ ਕੇ ਕਹਿਣ ਲੱਗੇ ਕਿ ਇਹ ਤਾਂ ਪੰਜਾਬ ਦਾ ਬਾਦਸ਼ਾਹ ਬਣੇਗਾ। ਸੋ ਆਪ ਨੇ ਓਸ ਨੂੰ ਬਚਨ ਦੇ ਨਾਲ ਬਾਦਸ਼ਾਹ ਬਣਾਇਆ ਤੇ ਜਿੱਥੇ ਜਗਿਆਸੂਆਂ ਨੇ ਜਾ ਕੇ ਬਾਬਾ ਜੀ ਪਾਸ ਜਾ ਕੇ ਬੇਨਤੀ ਕੀਤੀ, ਉਨ੍ਹਾ ਦੀ ਜਗਿਆਸਾ ਪੂਰੀ ਹੋਈ। ਇੱਕ ਅੰਮ੍ਰਿਤਸਰ ਦੇ ਅੰਦਰ ਖੋਜੀ ਪੁਰਸ਼ ਸੀ ਉਹ ਸਤਿ ਨੂੰ ਭਾਲਦਾ ਫਿਰਦਾ ਸੀ ਕਿ ਕੋਈ ਪਿਆਰਾ ਲੱਭ ਜਾਵੇ, ਬਾਰ-ਬਾਰ ਬੇਨਤੀਆਂ ਕਰਦਾ ਸੀ ਕਿ ਹੇ ਪ੍ਰਭੂ! ਕ੍ਰਿਪਾ ਕਰੋ ਮੈਨੂੰ ਕੋਈ ਮਹਾਂਪੁਰਸ਼ ਮਿਲਾਓ ਜਿਹਦੇ ਮਿਲਣ ਦੇ ਨਾਲ ਹੰਗਤਾ ਤੇ ਮਮਤਾ ਦਾ ਨਾਸ਼ ਹੋ ਕੇ ਪ੍ਰਕਾਸ਼ ਹੋ ਜਾਵੇ, ਜਿਹੜੀਆਂ ਚੀਜ਼ਾਂ ਅਸੀਂ ਪੜ੍ਹਦੇ ਹਾਂ ਸਾਨੂੰ ਪ੍ਰਾਪਤ ਹੋ ਜਾਣ। ਭਟਕਦਾ ਫਿਰਦਾ ਸੀ, ਜਿੱਥੇ ਦੱਸ ਪੈਂਦੀ ਸੀ ਉਥੇ ਜਾਂਦਾ ਸੀ, ਪਰ ਜਦ ਥੋੜ੍ਹੀ ਦੇਰ ਰਹਿੰਦਾ ਸੀ ਉਥੇ ਦੇਖਦਾ ਸੀ ਕਿ ਇੱਥੇ ਤਾਂ ਕਹਿਣ-ਕਹਿਣ ਵਾਲੇ ਨੇ, ਕਰਨੀ ਨਹੀਂ ਹੈ ਇਨ੍ਹਾਂ ਕੋਲ, ਕਹਿਣੀ ਹੀ ਕਹਿਣੀ ਹੈ, ਫੇਰ ਨਿਰਾਸ਼ ਹੋ ਜਾਇਆ ਕਰਦਾ ਸੀ। ਐਸ ਤਰ੍ਹਾਂ ਬੇਨਤੀਆਂ ਕਰਦਾ ਹੈ –

*ਧਾਰਨਾ – ਕੋਊ ਸੰਤ ਮਿਲੈ ਵਡਭਾਗੀ,*
*ਪਾਂਇ ਲਗ ਕਰਹੁੰ ਬੇਨਤੀ ।*

*ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥*
*ਪਾਇ ਲਗਉ ਮੋਹਿ ਕਰਉ ਬੇਨਤੀ*
*ਕੋਊ ਸੰਤੁ ਮਿਲੈ ਬਡਭਾਗੀ ॥ ੧ ॥ ਰਹਾਉ ॥*
*ਮਨੁ ਅਰਪਉ ਧਨੁ ਰਾਖਉ ਆਗੈ*
*ਮਨ ਕੀ ਮਤਿ ਮੋਹਿ ਸਗਲ ਤਿਆਗੀ ॥*
*ਜੋ ਪ੍ਰਭ ਕੀ ਹਰਿ ਕਥਾ ਸੁਨਾਵੈ*
*ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥*
*ਅੰਗ – ੨੦੪*

ਗੁਰੂ ਮਹਾਰਾਜ ਦੇ ਇਸ ਉਪਦੇਸ਼ ਦੇ ਮੁਤਾਬਿਕ ਖੋਜਦਾ ਫਿਰਦਾ ਹੈ ਕਿਓ ਕੋਈ ਮਹਾਤਮਾ ਨਜ਼ਰ ਨਹੀਂ ਆਉਂਦਾ। ਅਖੀਰ ਓਸਨੇ ਇੱਕ ਪਾਖੰਡ ਰਚਿਆ। ਤਿੰਨ ਮਸ਼ਕਾਂ ਪਾਣੀ ਦੀਆਂ ਭਰ ਕੇ ਥੋੜ੍ਹਾ ਜਿਹਾ ਪਾਣੀ ਛੱਡ ਦਿੱਤਾ ਕਿ ਮਾੜਾ-ਮਾੜਾ ਬਾਹਰ ਨਿਕਲੀ ਜਾਵੇ ਤੇ ਲੋਕਾਂ ਨੂੰ ਕਹਾਂਗਾ ਕਿ ਇੱਥੇ ਚਸ਼ਮਾ ਲਗ ਗਿਆ। ਜਿਹੜਾ ਆ ਕੇ ਮੇਰੇ ਪਾਖੰਡ ਨੂੰ ਦਸ ਦਏਗਾ, ਮੈਨੂੰ ਪਤਾ ਲਗ ਜਾਏਗਾ। ਸੋ ਇਸੇ ਤਰ੍ਹਾਂ ਲੋਕਾਂ ਦੀ ਬੜੀ ਭੀੜ ਉਹਦੇ ਕੋਲ ਹੋਣੀ ਸ਼ੁਰੂ ਹੋ ਗਈ। ਚਸ਼ਮੇ ਵਾਂਗੂੰ ਪਾਣੀ ਰਿਸਣਾ ਸ਼ੁਰੂ ਹੋ ਗਿਆ, ਲੋਕ ਕਹਿਣ ਦੇਖੋ ਚਸ਼ਮਾ ਨਿਕਲ ਆਇਆ, ਜਿੱਥੇ ਸੰਤ ਬੈਠੇ ਨੇ ਸਮਾਧੀ ਲਾਈ ਹੋਈ ਹੈ ਤੇ ਓਸ ਵੇਲੇ ਬਾਬਾ ਜੀ ਅੰਮ੍ਰਿਤਸਰ ਦੀਆਂ ਪ੍ਰਕਰਮਾ 'ਚ ਤੁਰੇ ਜਾ ਰਹੇ ਨੇ ਤੇ ਜਾਂਦੇ-ਜਾਂਦੇ ਇਸ ਨੂੰ ਦੇਖਿਆ ਤੇ ਇਹ ਨੇ ਵੀ ਕੋਈ ਨਿਗ੍ਹਾ ਕਰਕੇ ਦੇਖਿਆ ਕਿ ਕੋਈ ਪੂਰਨ ਪੁਰਸ਼ ਜਾ ਰਿਹਾ, ਉਠ ਕੇ ਜਾ ਕੇ ਬਾਬਾ ਜੀ ਦੇ ਚਰਨਾਂ 'ਤੇ ਨਮਸ਼ਕਾਰ ਕੀਤੀ। ਬਾਬਾ ਜੀ ਨੇ ਕਿਹਾ ਆਓ ਮਜਾਵਰ ਚਸ਼ਮ ਕੇ। ਮਜਾਵਰ ਕਹਿੰਦੇ ਨੇ ਪੁਜਾਰੀ, ਚਸ਼ਮ ਕਹਿੰਦੇ ਨੇ ਚਸ਼ਮੇ ਨੂੰ। ਉਹਨੇ ਬੁੱਝ ਲਿਆ ਕਿ ਮੇਰੇ ਚਸ਼ਮੇ ਦੇ ਬਾਰੇ ਗੱਲ ਕਰੀ, ਕਹਿੰਦੇ ਪਾਖੰਡ ਨਹੀਂ ਕਰੀਦਾ, ਓਸ ਵੇਲੇ ਬੜਾ ਪ੍ਰਸੰਨ ਹੋ ਗਿਆ ਕਿ ਮੈਨੂੰ ਅੱਜ ਕੋਈ ਪੂਰਾ ਮਿਲ ਗਿਆ। ਪੂਰਾ ਮਿਲਿਆ ਨਹੀਂ ਕਰਦਾ ਜਦ ਤੱਕ ਪੂਰੇ ਭਾਗ ਨਾ ਜਾਗਣ –

*ਧਾਰਨਾ – ਸਾਧੂ ਮਿਲ ਜਾਂਦੇ ਨੇ*
*ਸੁੱਤੇ ਜਦ ਭਾਗ ਜਾਗਦੇ।*

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ- ੨੦੪*

ਜਦੋਂ ਪਿਛਲੇ ਕੀਤੇ ਹੋਏ ਕਰਮਾਂ 'ਚੋਂ ਇੱਕ ਮਾਈ ਦਾ ਸ਼ੁਭ ਅੰਕੁਰ ਪ੍ਰਗਟ ਹੁੰਦਾ ਹੈ, ਓਸ ਵੇਲੇ ਕੀ ਹੁੰਦਾ ਹੈ 'ਭੇਟਿਓ ਪੁਰਖੁ ਰਸਿਕ ਬੈਰਾਗੀ'। ਦੋ ਤਰ੍ਹਾਂ ਦੇ ਹੁੰਦੇ ਨੇ ਸਾਧੂ, ਇੱਕ ਤਾਂ ਹੁੰਦੇ ਨੇ ਖੁਸ਼ਕ, ਇੱਕ ਹੁੰਦੇ ਨੇ ਰਸੀਏ। ਨਾਮ ਦੇ ਰਸ ਵਿੱਚ ਹਰ ਵਕਤ ਭਿੱਜੇ ਰਹਿਣ ਵਾਲੇ ਤੇ ਫੇਰ ਉਹ ਦੁਨੀਆਂ ਵਲੋਂ ਵੈਰਾਗੀ ਹੁੰਦੇ ਨੇ, ਪਕੜ 'ਚ ਨਹੀਂ ਆਇਆ ਕਰਦੇ, ਨਿਰਲੇਪ ਰਹਿੰਦੇ ਨੇ।

ਫੇਰ ਕੀ ਹੁੰਦਾ ਹੈ ਹਨ੍ਹੇਰਾ ਪਿਆ ਹੋਇਆ ਹੈ, ਹੈਗਾ ਤਾਂ ਵਾਹਿਗੁਰੂ ਸਾਰੇ ਪਰੀਪੂਰਨ ਤੇ ਵਾਹਿਗੁਰੂ ਤੋਂ ਬਗੈਰ ਇੱਥੇ ਹੈ ਵੀ ਕੁਛ ਨਹੀਂ।

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***
***ਜਾਪੁ ਸਾਹਿਬ***

ਆਹ ਗੱਲ ਨਾ ਸਾਡੇ ਦਿਮਾਗ ਵਿੱਚ ਬੈਠਦੀ ਹੈ, ਨਾ ਅਸੀਂ ਸਮਝਣ ਦਾ ਯਤਨ ਕਰਦੇ ਹਾਂ। ਗੱਲ ਤਾਂ ਸਿੱਧੀ ਹੀ ਹੈ ਜੇ ਹੁਣੇ ਬੈਠ ਜਾਵੇ ਤਾਂ ਸਾਰੇ ਹੀ ਬ੍ਰਹਮਗਿਆਨੀ 'ਚ ਆ ਜਾਣ। ਕੋਈ ਵੀ ਅਗਿਆਨੀ ਨਾ ਰਹੇ, ਪਰ ਇਹ ਬੈਠਦੀ ਨਹੀਂ ਹੈ। ਛੁੱਟਣ ਦੀ ਕੁੰਜੀ ਹੈ ਇਹ, ਸੰਤਾਂ ਕੋਲ ਆਹੀ ਕੁੰਜੀ ਹੁੰਦੀ ਹੈ, ਜਿਹਦੇ ਨਾਲ ਇਹ ਜੀਵ ਨੂੰ ਛੁਡਾ ਦਿੰਦੇ ਨੇ। ਪਰ ਇਹ ਲਾਉਣੀ ਨਹੀਂ ਆਉਂਦੀ ਕਿ ਲਾਈਏ ਕਿਵੇਂ। ਲਗਦੀ ਬਹੁਤ ਔਖੀ ਹੈ, ਜੰਗਾਲਿਆ ਹੋਇਆ ਬੰਦਾ ਹੈ। ਉਹ ਖੁਲ੍ਹਦਾ ਨਹੀਂ ਹੈ। ਕਿਉਂਕਿ ਕੁੰਜੀ ਹੈ ਉਹਦੇ ਕੋਲ, ਢੰਗ ਵੀ ਉਹਦੇ ਕੋਲ ਹੈ। ਤਾਲੇ ਐਸੇ ਹੁੰਦੇ ਨੇ, ਨੰਬਰਾਂ ਵਾਲੇ, ਉਹ ਖੁਲ੍ਹਦੇ ਨਹੀਂ ਹਨ, ਕਿਉਂਕਿ ਕੁੰਜੀ ਤੋਂ ਬਗੈਰ ਨਹੀਂ ਖੁਲ੍ਹਦੇ, ਜਦੋਂ ਤੱਕ ਪੂਰੇ ਨੰਬਰ ਆਮ੍ਹਣੇ-ਸਾਮ੍ਹਣੇ ਨਹੀਂ ਆਉਂਦੇ, ਓਨਾਂ ਚਿਰ ਉਹ ਨੰਬਰ ਵਾਲਾ ਤਾਲਾ ਨਹੀਂ ਖੁਲ੍ਹਿਆ ਕਰਦਾ। ਇਵੇਂ ਜਿਵੇਂ ਕਈ ਐਸੇ ਜਿੰਦੇ ਨੇ ਚਾਬੀ ਵੀ ਹੈਗੀ,

ਜਿੰਦਾ ਬੀ ਹੈਗਾ, ਪਤਾ ਨਹੀਂ ਹੈ ਕਿੱਥੇ ਲਗਾਣੀ ਹੈ, ਓਸ ਥਾਂ 'ਤੇ ਜੇ ਲਗ ਜਾਵੇ, ਤਾਂ ਉਦੋਂ ਹੀ ਤਾਲਾ ਖੁਲ੍ਹ ਜਾਂਦਾ ਹੈ। ਸੋ ਇਹ ਚਾਬੀ ਸੰਤਾਂ ਦੇ ਕੋਲ ਹੋਇਆ ਕਰਦੀ ਹੈ।

***ਬਿਨੁ ਸਬਦੈ ਅੰਤਰਿ ਆਨੇਰਾ ॥***
***ਨ ਵਸਤੁ ਲਹੈ ਨ ਚੂਕੈ ਫੇਰਾ ॥***
***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ- ੧੨੪***

ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ ਤੇ ਅੰਦਰ ਹਨ੍ਹੇਰਾ ਰਹਿੰਦਾ ਹੈ, ਨਾ ਤਾਂ ਆਤਮ ਵਸਤੂ ਪ੍ਰਾਪਤ ਹੁੰਦੀ ਹੈ, ਨਾ ਜੰਮਣ ਮਰਨ ਖਤਮ ਹੁੰਦਾ ਹੈ। ਗੁਰੂ ਪੂਰੇ ਭਾਗ ਹੋਣ ਤਾਂ ਮਿਲਦਾ ਹੈ। ਹਨ੍ਹੇਰਾ ਪਿਆ ਹੋਇਆ ਹੈ ਇਸ ਗੱਲ ਦਾ ਕਿ ਆਹ ਸਾਰਾ ਹੀ ਸੰਸਾਰ ਪ੍ਰਮੇਸ਼ਰ ਦਾ ਰੂਪ ਹੈ, ਜਿਹਦੀ ਅੱਖ ਖੁਲ੍ਹ ਗਈ ਓਹਦੀ ਨਿਗ੍ਹਾ ਬਦਲ ਜਾਂਦੀ ਹੈ –

***ਧਾਰਨਾ – ਤੂੰਹੀਂ ਤੂੰਹੀਂ ਮੋਹਿਨਾ।***

***ਗੁਰਹਿ ਦਿਖਾਇਓ ਲੋਇਨਾ ॥੧॥ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ ॥ ਅੰਗ – ੪੦੭***

ਜਦੋਂ ਗੁਰੂ ਨੇ ਅੱਖ ਦਿਖਾ ਦਿੱਤੀ ਜਿਸਨੂੰ six sense ਕਹਿੰਦੇ ਨੇ, ਅੰਗ੍ਰੇਜ਼ੀ ਦੇ ਅੰਦਰ। ਤੀਸਰਾ ਤਿਲ ਕਹਿੰਦੇ ਨੇ, third eye ਕਹਿੰਦੇ ਨੇ, ਬਿਅੰਨ-ਅੱਖੜੀਆਂ ਕਹਿੰਦੇ ਨੇ, ਫੇਰ ਆਹੀ ਸੰਸਾਰ ਪ੍ਰਮੇਸ਼ਰ ਦਾ ਰੂਪ ਹੋ ਜਾਂਦਾ ਹੈ –

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ***
***ਨਦਰੀ ਹਰਿ ਨਿਹਾਲਿਆ ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ***
***ਹਰਿ ਰੂਪੁ ਨਦਰੀ ਆਇਆ ॥ ਅੰਗ – ੯੨੨***

ਆਹੀ ਗੁਰੂ ਦਾ ਸ਼ਬਦ ਹੈ ਜਿਹੜਾ ਤਾਰਿਆ ਕਰਦਾ ਹੈ। ਨਾਲ ਤਸਦੀਕ ਕੀਤਾ ਹੈ ਕਿ ਸਾਨੂੰ ਹੁਣ ਸੰਸਾਰ, ਸੰਸਾਰ ਨਹੀਂ ਦਿਸਦਾ ਇਹ ਤਾਂ ਵਾਹਿਗੁਰੂ ਹੀ ਨਜ਼ਰ ਆ ਰਿਹਾ ਹੈ। ਪਰ ਇਹ ਅੱਖ ਖੁਲ੍ਹਦੀ ਨਹੀਂ ਹੈ। ਸੁਣ ਤਾਂ ਅਸੀਂ ਲਿਆ ਲੇਕਿਨ ਅੱਖ ਨਹੀਂ ਖੁਲ੍ਹਦੀ। ਕਾਰਨ ਹੈ ਇਹਦੇ ਵਿੱਚ, ਇਹ ਗੱਲ ਸਮਝਣ ਵਾਲੀ ਹੈ। ਸੋ ਇਹ ਕੁੰਜੀ, ਆਹੀ ਹੁੰਦੀ ਹੈ ਗੁਰੂ ਦੇ ਕੋਲ, ਜਿਹਦੇ ਨਾਲ ਇਹ ਖੋਲ੍ਹ ਦਿੰਦਾ ਹੈ ਇਸ ਅੱਖ ਨੂੰ। ਇਹ ਮੋਤੀਆਬਿੰਦ ਹੋਇਆ-ਹੋਇਆ ਹੈ। ਮੋਤੀਆ ਆ ਕੇ ਅੱਖ ਦੀ ਜੋਤੀ ਘਟ ਗਈ। ਸੋ ਜਿਹਦੀ ਖੁੱਲ੍ਹ ਜਾਂਦੀ ਹੈ, ਉਹਨੂੰ ਹੋਰ ਤਰ੍ਹਾਂ ਹੋ ਜਾਂਦਾ ਹੈ। ਇੱਕ ਵਾਰੀ ਬਾਬਾ ਭਾਗ ਸਿੰਘ ਜੀ ਮਹਾਰਾਜ, ਜੋ ਬਾਬਾ ਸਾਹਿਬ ਸਿੰਘ ਜੀ ਤੋਂ ਬਾਅਦ ਹੋਏ ਨੇ, ਆਪ ਦੇ ਮਨ ਵਿੱਚ ਬੜਾ ਚਾਓ ਆਇਆ ਕਿ ਗੁਰੂ ਕਲਗੀਧਰ ਪਾਤਸ਼ਾਹ ਨੇ ਜਿਸ ਥਾਂ ਦੇ ਉੱਤੇ ਸਰੀਰ, ਆਪਣਾ ਸੰਸਾਰਕ ਡਰਾਮਾ ਖਤਮ ਕਰਿਆ ਹੈ, ਓਸ ਜਗ੍ਹਾਂ ਦੇ ਦਰਸ਼ਨ ਪਰਸਣੇ ਚਾਹੀਦੇ ਨੇ। ਸੋ ਆਪ ਸ਼ਬਦ ਦੀ ਸਵਾਰੀ ਕਰਕੇ ਪੈਦਲ ਚੱਲ ਪਏ। ਕੋਈ ਪੈਸਾ ਕੋਲ ਨਹੀਂ, ਕੋਈ ਚੀਜ਼ ਨਹੀਂ ਹੈ, ਕਿਉਂਕਿ ਰਾਜ਼ਕ ਤਾਂ ਵਾਹਿਗੁਰੂ ਹੈ ਸਭ ਦਾ। ਜਿੱਥੇ ਜਾਣਾ ਹੈ ਪ੍ਰਸ਼ਾਦਾ ਪਹਿਲਾਂ ਤਿਆਰ ਹੋਇਆ ਕਰਦਾ ਹੈ। ਇਹ ਓਹਦੀ ਡਿਊਟੀ ਹੈ, ਸਾਡੀ ਡਿਊਟੀ ਨਹੀਂ ਅਸੀਂ ਤਾਂ ਆਪਣੇ ਗਲ ਪਾਈ ਹੋਈ ਹੈ, ਖਾਹਮਖਾਹ। ਵਾਹਿਗੁਰੂ ਦਾ ਭਜਨ ਕਰੋ, ਉਹਦੇ ਉੱਤੇ ਪ੍ਰਾਇਣ ਹੋ ਜਾਓ, ਰੋਟੀਆਂ ਦਾ ਘਾਟਾ ਹੈ ਕਿ ਕਿੰਨੀਆਂ ਕੁ ਆਉਂਦੀਆਂ ਨੇ। ਖਾਣ ਵਾਲੇ ਥੋੜ੍ਹੇ ਆਉਂਦੇ ਨੇ ਭੇਜਦਾ ਬਹੁਤੀ ਹੈ। ਭਰੋਸੇ ਵਿੱਚ ਹੋ ਜਾਵੇ ਇੱਕ ਵਾਰ। ਸੋ ਇਸ ਤਰ੍ਹਾਂ ਦੇ ਨਾਲ ਆਪ ਹਜ਼ੂਰ ਸਾਹਿਬ ਨੂੰ ਜਾ ਰਹੇ ਨੇ, ਜਾਂਦੇ-ਜਾਂਦੇ ਇੱਕ ਪਿੰਡ ਦੇ ਵਿੱਚ ਚਲੇ ਗਏ, ਓਥੇ ਇੱਕ ਤਲਾਬ ਸੀ, ਉਹਦੇ ਕੰਢੇ 'ਤੇ ਆਪ ਨੇ ਆਸਣ ਲਾ ਲਿਆ ਤੇ ਉੱਥੇ ਕੋਈ ਰਾਹੀ ਲੰਘੇ ਜਾਂਦੇ ਸੀ, ਉਹਨੇ ਕਿਹਾ ਕਿ ਆਹ ਬੰਦਾ ਜਿਹੜਾ ਹੈ, ਕੋਈ ਸਾਧੂ ਬੈਠਾ ਹੈ ਛੋਟੀ ਉਮਰ ਦਾ, ਇਹਨੂੰ ਤਾਂ ਅੱਜ ਸ਼ੇਰ ਖਾ ਜਾਣਗੇ। ਇਥੇ ਆਦਮਖੋਰ ਸ਼ੇਰ ਰਹਿੰਦੇ ਨੇ ਤੇ ਉਨ੍ਹਾਂ ਨੇ ਪਿੰਡ ਵਿੱਚ ਜਾ ਕੇ ਗੱਲ ਕਰੀ। ਪਿੰਡ ਵਾਲਿਆਂ ਨੇ ਕਿਹਾ ਕਿ ਵਿਚਾਰਾ ਪਤਾ ਨਹੀਂ ਕਿਸ ਮਾਂ ਦਾ ਪੁੱਤਰ ਹੈ, ਕਿਸ ਕਾਰਨ ਜਾ ਰਿਹਾ ਹੈ, ਸਾਡਾ ਫਰਜ਼ ਬਣਦਾ ਹੈ ਕਿ ਇਹਨੂੰ ਬਚਾਈਏ। ਸੋ ਇਕੱਠੇ ਹੋ ਕੇ ਸੰਤਾਂ ਦੇ ਪਾਸ ਆਏ, ਆ ਕੇ ਕਹਿਣ ਲੱਗੇ ਕਿ ਬਾਲ ਬ੍ਰਹਮਚਾਰੀ! ਤੁਸੀਂ ਇੱਥੇ ਬੈਠੇ ਓਂ, ਇਥੇ ਤਾਂ ਸ਼ੇਰ ਰਾਤ ਨੂੰ ਪਾਣੀ ਪੀਣ ਵੀ ਆਉਂਦੇ ਨੇ, ਆਹੀ ਉਨ੍ਹਾ ਦੀ ਜਗ੍ਹਾ ਹੈ ਪਾਣੀ ਪੀਣ ਦੀ ਤੇ ਕਈ ਮਨੁੱਖਾਂ ਨੂੰ ਖਾ ਚੁੱਕੇ ਨੇ ਤੇ ਚੱਲੋ ਤੁਸੀਂ, ਪਿੰਡ ਵਿੱਚ ਵੀ ਅੰਦਰ ਸੌਣਾ ਪੈਂਦਾ ਹੈ, ਪਿੰਡ ਦੀਆਂ ਗਲੀਆਂ ਵਿੱਚ ਵੀ ਸ਼ੇਰ ਘੁੰਮਦੇ ਨੇ। ਉਹ ਕਹਿੰਦੇ ਕਿ ਤੁਸੀਂ ਜਾਓ, ਸਾਡੇ ਵਾਸਤੇ ਕੋਈ ਸ਼ੇਰ, ਸ਼ੇਰ ਨਹੀਂ ਹੈਗਾ, ਕਿਉਂਕਿ ਗਿਆਨ ਦੋਵੇਂ ਤਰ੍ਹਾਂ ਦਾ ਹੈ, ਸਾਧਸੰਗਤ ਜੀ! ਇੱਕ ਤਾਂ ਉਹ ਹੈ ਜਿਹੜਾ ਪੜ੍ਹ ਕੇ ਦਿਮਾਗ 'ਚ ਬਹਿ ਗਿਆ। ਇੱਕ ਪ੍ਰੈਕਟੀਕਲ ਗਿਆਨ ਹੈ, ਇਹ ਸਾਰਿਆਂ ਨਾਲੋਂ ਔਖਾ ਹੈ, ਅਸਲੀ ਗਿਆਨ ਇਹੀ ਹੋਇਆ ਕਰਦਾ ਹੈ। ਗੱਲਾਂਬਾਤਾਂ ਦੇ ਤਾਂ ਗਿਆਨੀ ਸਾਰੇ ਹੀ ਹੋਇਆ ਕਰਦੇ ਨੇ। ਪਰ ਪ੍ਰਤੱਖ ਗਿਆਨ, ਅਨੁਭਵ ਐਸਾ ਹੈ ਜਿਹੜਾ ਬਿਲਕੁਲ ਹੀ ਨਾ ਡੋਲੇ, ਉਹ ਕਿਸੇ-ਕਿਸੇ ਮਹਾਂਪੁਰਸ਼ ਨੂੰ ਪ੍ਰਾਪਤ ਹੋਇਆ ਕਰਦਾ ਹੈ, ਸਾਰਿਆਂ ਨੂੰ ਨਹੀਂ ਹੋਇਆ ਕਰਦਾ। ਸੋ ਆਪ ਸਾਰੀ ਰਾਤ ਓਥੇ ਬੈਠੇ ਤੇ ਸਵੇਰ ਵੇਲੇ ਪਿੰਡ ਆਏ, ਓਸ ਵੇਲੇ ਸਮਾਧੀ ਸਥਿਤ ਸੀਗੇ, ਉਨ੍ਹਾਂ ਨੇ ਦੇਖਿਆ ਕਿ ਇਨ੍ਹਾਂ ਦੇ ਆਲੇ-ਦੁਆਲੇ ਤਾਂ ਸਾਰੇ ਪੈੜਾਂ ਹੋਈਆਂ ਪਈਆਂ ਨੇ, ਕਹਿਣ ਲੱਗੇ, ਧੰਨ ਹੋ ਮਹਾਂਪੁਰਸ਼ੋ! ਤੁਹਾਡੇ ਦੁਆਲੇ ਤਾਂ ਸ਼ੇਰ ਘੁੰਮੇ ਹੋਏ ਨੇ, ਇੱਕ ਸ਼ੇਰ ਨਹੀਂ ਕਈ ਸ਼ੇਰ, ਵੱਖਰੀਆਂ-ਵੱਖਰੀਆਂ ਪੈੜਾਂ ਨਜ਼ਰ ਆਉਂਦੀਆਂ ਨੇ। ਜਿਹੜਾ ਵੀ ਪਾਣੀ ਪੀਣ ਆਇਆ ਹੈ, ਤੁਹਾਡੇ ਦੁਆਲੇ ਘੁੰਮ ਗਿਆ। ਕਹਿੰਦੇ, ਤੁਹਾਨੂੰ ਖਾਧਾ ਕਿਉਂ ਨਹੀਂ, ਇਥੇ ਤਾਂ ਕੋਈ ਬੰਦਾ ਬਚਦਾ ਹੀ ਨਹੀਂ ਹੈ, ਕਹਿਣ ਲੱਗੇ, ਵੈਸੇ ਹੀ ਨਹੀਂ ਖਾਧਾ, ਉਨ੍ਹਾਂ ਦੀ ਮਰਜ਼ੀ ਨਹੀਂ ਖਾਣ ਦੀ ਹੋਈ, ਭੁੱਖ ਨਹੀਂ ਹੋਣੀ, ਸ਼ੇਰ ਤਾਂ ਭੁੱਖ ਲੱਗੇ 'ਤੇ ਹੀ ਖਾਂਦਾ ਹੈ। ਕਹਿੰਦੇ ਮਹਾਰਾਜ! ਭੁੱਖ ਹੋਵੇ ਨਾ ਹੋਵੇ, ਇਹ ਤਾਂ ਚੁੱਕ ਕੇ ਲੈ ਜਾਂਦਾ ਹੈ।


ਕਹਿੰਦੇ, ਫੇਰ ਪ੍ਰੇਮੀਓ! ਤੁਹਾਡੇ ਗੱਲ ਸਮਝ 'ਚ ਨਹੀਂ ਆਉਣੀ।

ਕਹਿੰਦੇ, ਮਹਾਰਾਜ! ਸਮਝਾਓ ਤਾਂ ਸਹੀ। ਕਹਿੰਦੇ ਗੱਲ ਇਹ ਹੈ ਕਿ ਸਾਡੀ ਅੱਖ ਖੋਲ੍ਹ ਦਿੱਤੀ ਸਾਡੇ ਗੁਰੂ ਨੇ। ਜਦ ਦੀ ਸਾਡੀ ਅੱਖ ਖੁਲ੍ਹੀ ਹੈ ਨਾ ਦਰਖਤਾਂ 'ਚ ਨਾ ਹਵਾ 'ਚ, ਨਾ ਪਾਣੀ 'ਚ, ਨਾ ਚੰਦ 'ਚ, ਨਾ ਸੂਰਜ 'ਚ, ਸਾਨੂੰ ਓਸ ਤੋਂ ਬਗੈਰ ਹੋਰ ਕੋਈ ਦਿਸਦਾ ਹੀ ਨਹੀਂ ਹੈ।

*(ਬਾਕੀ ਪੰਨਾ 37 'ਤੇ)*

# ਰਤਵਾੜਾ ਸਾਹਿਬ





ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਧੰਨ ਧੰਨ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ 20ਵੀਂ ਸਦੀ ਦੇ ਯੁਗ ਪੁਰਸ਼ ਜਿਨ੍ਹਾਂ ਨੇ ਮਨੁੱਖਤਾ ਦੇ ਭਲੇ ਵਾਸਤੇ ਆਪਣੇ ਜੀਵਨ ਕਾਲ ਦੇ ਅੰਦਰ ਵਿਚਰਦੇ ਹੋਏ ਪਰਉਪਕਾਰ ਵਸ ਕਾਰਜ ਕੀਤੇ ਹਨ। ਆਪ ਜੀ ਦੇ ਸੁਭਾਅ ਵਿੱਚ ਉਸਾਰੂ ਸੋਚ, ਦ੍ਰਿੜ ਸੰਕਲਪ, ਨਿਸ਼ਕਪਟਤਾ, ਕੋਮਲਤਾਈ, ਪਿਆਰ, ਜੀਅ ਦਾਨ, ਧਰਮ ਦੀ ਦ੍ਰਿੜਤਾ, ਸੇਵਾ ਭਾਵ, ਅਨੇਕਾਂ ਗੁਣ ਆਪ ਜੀ ਦੇ ਸੁਭਾਵ ਵਿੱਚੋਂ ਸਹਿਜ ਸੁਭਾਅ ਪਾਏ

# ਲਗਾਤਾਰ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜ
# ਅਤੇ ਦੇਸ਼ਾਂ ਵਿਦੇਸ਼ਾਂ ਅੰਦਰ ਨਾਮ ਬ



ਸੰਤ ਮਾਤਾ ਰਣਜੀਤ ਕੌਰ ਜੀ
ਰਤਵਾੜਾ ਸਾਹਿਬ

ਜਾਂਦੇ ਹਨ। ਜਿਨ੍ਹਾਂ ਨੂੰ ਲਿਖਣ ਲੱਗੀਏ ਤਾਂ ਇਹ ਚਾਰ ਪੇਜ ਤਾਂ ਕੁਝ ਵੀ ਨਹੀਂ ਅਨੇਕਾਂ ਗ੍ਰੰਥ ਲਿਖੇ ਜਾ ਸਕਦੇ ਹਨ। ਆਪ ਜੀ ਨੇ ਗੁਰੂ ਨਾਨਕ ਸਾਹਿਬ ਵੱਲੋਂ ਦਰਸਾਏ 'ਸੁਰਤਿ ਸ਼ਬਦ ਮਾਰਗ' ਦੀ ਜੁਗਤ ਦੁਆਰਾ ਦੇਸ਼ਾਂ ਵਿਦੇਸ਼ਾਂ ਅੰਦਰ ਸੇਵਾ ਅਤੇ ਸਿਮਰਨ ਕਰਵਾਇਆ। ਆਪ ਜੀ ਨੇ ਜੋ ਕਾਰਜ ਇਸ ਦੁਨੀਆਂ ਤੇ ਮਨੁੱਖਤਾ ਦੇ ਭਲੇ ਲਈ ਕੀਤੇ ਅੱਜ ਉਹ ਪੂਰਨ ਰੂਪ ਵਿੱਚ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਉਚੀ ਸ਼ਵੀ ਵਾਲੇ ਸੁੰਦਰ ਗੁਰਦੁਆਰੇ ਦੀ ਮਨ ਨੂੰ ਮੋਹਣ ਵਾਲੀ ਇਮਾਰਤ ਆਪ ਜੀ ਦੇ ਕੁਰਬਾਨੀਆਂ ਭਰੇ ਜੀਵਨ ਦੀ ਝਲਕ ਮਹਿਸੂਸ ਕਰਵਾ ਰਹੀ ਹੈ। ਜਿੱਥੇ ਆਪ ਜੀ ਵੱਲੋਂ 1986 ਤੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀ ਵਾਰ ਸ੍ਰੀ ਅਖੰਡ ਪਾਠ ਚਲਾ ਕੇ ਨਾਮ ਬਾਣੀ ਦਾ ਅਖੰਡ ਪਰਵਾਹ ਚਲਾ ਦਿਤਾ। ਲਗਾਤਾਰ ਚਲ ਰਹੇ ਗੁਰਬਾਣੀ ਦੇ ਪ੍ਰਵਾਹ ਨੇ ਚੌਗਿਰਦੇ ਨੂੰ ਐਨਾ ਪਵਿੱਤਰ ਕਰ ਦਿਤਾ ਹੈ ਕਿ ਅੰਮ੍ਰਿਤ ਵੇਲੇ ਦਾ ਨਜਾਰਾ ਪੰਛੀਆਂ ਦੀ ਚਹਿ-ਚਹਾ ਆਪ ਜੀ ਵੱਲੋਂ ਦਰਸਾਈ ਗਈ 'ਵਾਹਿਗੁਰੂ' ਮੰਤਰ ਦੀ ਪਿਆਰ ਭਰੀ ਧੁੰਨ ਐਨੀ ਅਨੰਦਦਾਇਕ ਹੁੰਦੀ ਹੈ ਕਿ ਜਿਹੜਾ ਨਾਮ ਜਗਿਆਸੂ ਦੇ ਹਿਰਦੇ ਵਿੱਚ ਅਨੇਕਾਂ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਨਹੀਂ ਚਲਦਾ ਉਹ ਮੱਲੋ-ਮੱਲੀ ਉਬਲ ਲਗਾ ਕੇ ਅੰਦਰੋਂ ਪ੍ਰਗਟ ਹੁੰਦਾ ਹੈ। ਜਿਹੜੇ ਜਗਿਆਸੂ ਇਸ ਅੰਮ੍ਰਿਤ ਵੇਲੇ ਨੂੰ ਸੰਭਾਲ ਲੈਂਦਾ ਹੈ ਫੇਰ ਓਹ ਸਾਰਾ ਦਿਨ ਹਰਿ-ਰਸ ਵਿੱਚ ਲੀਨ ਅਤੇ ਦਿਨ ਰਾਤ ਅਦ੍ਰਿਸ਼ਟ ਵਾਹਿਗੁਰੂ ਦੇ ਧਿਆਨ ਵਿੱਚ ਹੀ ਮਗਨ ਰਹਿੰਦੇ ਹਨ ਅਤੇ ਹਿਰਦੇ ਅੰਦਰ ਹੀ ਜੋਤਿ-ਪ੍ਰਕਾਸ਼ੀ ਦਰਸ਼ਨਾਂ ਨੂੰ ਦੇਖ ਦੇਖ ਬਿਗਸਦੇ ਰਹਿੰਦੇ ਹਨ। ਆਸਾ ਦੀ ਵਾਰ ਦੀ ਪਵਿੱਤਰ ਬਾਣੀ ਦੀਆਂ ਧੁੰਨਾਂ ਜਦੋਂ ਸਵੇਰੇ ਗੁਰਦੁਆਰਾ ਰਤਵਾੜਾ ਸਾਹਿਬ ਤੋਂ ਗੁੰਜਾਰ ਪਾਉਂਦੀਆਂ ਹਨ ਜਿਥੋਂ ਤੱਕ ਗੁਰਬਾਣੀ ਦੀ ਅਵਾਜ ਪਹੁੰਚਦੀ ਹੈ ਸਾਰੇ ਵਾਤਾਵਰਨ ਦਾ ਪਵਿੱਤਰ ਹੋਣਾ ਸੁਭਾਵਿਕ ਹੈ। ਭਾਗਾਂ ਵਾਲੇ ਜਗਿਆਸੂ ਭੌਰਿਆਂ ਵਾਗੂੰ ਦੇਸ਼ਾ-ਵਿਦੇਸ਼ਾਂ ਤੋਂ ਇਸ ਤਪੋ ਅਸਥਾਨ ਤੇ ਪਹੁੰਚ ਕੇ ਰੂਹਾਨੀ ਅਨੰਦ ਪ੍ਰਾਪਤ ਕਰਦੇ ਹਨ।

ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖਾਂ ਨੇ ਇਸ ਅਸਥਾਨ ਤੇ ਆਪਣੀ ਬੇਮਿਸਾਲ ਜਿੰਦਗੀ ਦਾ ਆਖਰੀ ਸਮਾਂ ਲਗਾ ਕਿ ਇਸ ਨੂੰ ਪੁੰਨ ਭੂਮੀ ਬਣਾ ਦਿਤਾ।







# ਟਰਸਟ ਵੱਲੋਂ ਨਿਰੰਤਰ ਚਲ ਰ
# ਅਤੇ ਬਿਰਧ ਆਸ਼ਰਮ


**ਅਜੋਕੇ ਸਮਾਜ ਅੰਦਰ ਬਜ਼ੁਰਗਾਂ ਦੀ ਬਹੁਤ ਹੀ ਤਰਸ ਯੋਗ ਹਾਲਤ ਹੈ ਜਾਂਦੇ ਹਨ ਅਤੇ ਬਜ਼ੁਰਗਾਂ ਦੀ ਹਾਲਤ ਬਹੁਤ ਹੀ ਇਕੱਲੇਪਣ ਵਿੱਚ ਕਰਨ ਵਾਸਤੇ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਸਰਵ ਸੁਖ ਸਹੂਲਤਾਂ ਵਾਲਾ ਬਿਰਧ ਆਸ਼ਰਮ ਲਗਭਗ ਤਿਆਰ ਹੋ ਚੁੱ ਅਮਰਜੀਤ ਕੌਰ ਦਿੱਲੀ ਵਾਲਿਆਂ ਵੱਲੋਂ ਹੋ ਰਹੀ ਹੈ। ਜਿਸ ਦੀ ਬਿਲਿ**



ਸੰਪੂਰਨ ਹੈ। ਜਿੱਥੇ ਅਨੇਕਾਂ ਮਜ਼ਦੂਰ ਕੰਮ ਕਰ ਕੇ ਆਪਣੇ ਜੀਵਨ ਦਾ ਨਿਰਬਾਹ ਕਰ ਰਹੇ ਹਨ ਉਥੇ ਅਨੇਕਾਂ ਸੇਵਾਦਾਰ ਰਤਵਾੜਾ ਸਾਹਿਬ ਦੀ ਚਾਰ ਦਿਵਾਰੀ ਦੇ ਅੰਦਰ ਸੰਸਥਾ ਨੂੰ ਸਮਰਪਿਤ ਹੋ ਕੇ ਇਸ ਦੀ ਸੇਵਾ ਵਿੱਚ ਜੁਟੇ ਪਏ ਹਨ ਅਤੇ ਇਸ ਸੰਸਥਾ ਨੂੰ ਹੋਰ ਉਚਾ ਲੈ ਜਾਣ ਦੇ ਯਤਨ ਜਾਰੀ ਹਨ, ਜਿਸ ਦੀ ਯੋਗ ਅਗਵਾਈ ਪਰਮ ਸਤਿਕਾਰਯੋਗ ਬੀਜੀ ਸੰਤ ਮਾਤਾ ਰਣਜੀਤ ਕੌਰ ਜੀ ਬੀਤ ਰਾਗ ਅਵਸਥਾ ਦੇ ਮਾਲਿਕ ਕਰ ਰਹੇ ਹਨ ਅਤੇ ਉਹ ਅਸ਼ੀਰਵਾਦ ਬਖਸ਼ਿਸ਼ ਕਰ ਰਹੇ ਹਨ-

ਪੂਤਾ ਮਾਤਾ ਕੀ ਆਸੀਸ ॥ ਨਿਮਖ ਨ ਬਿਸਰਉ ਤੁਮ੍ ਕਉ  ਹਰਿ ਹਰਿ ਸਦਾ ਭਜਹੁ ਜਗਦੀਸ ॥ ਅੰਗ - ੮੯੬

ਸ਼ਰਧਾ ਵਾਲੇ ਇਥੋਂ ਦੁੱਧ ਪੁੱਤ ਦੀਆਂ ਦਾਤਾਂ ਪ੍ਰਾਪਤ ਕਰ ਰਹੇ ਹਨ। ਗੁਰਮਤਿ ਅਨੁਸਾਰ ਸ਼ੁਭ ਮਨੋ ਕਾਮਨਾ ਪਵਿੱਤਰ ਪਾਵਨ ਭੂਮੀ ਤੇ ਨਤਮਸਕ ਹੋਇਆਂ ਪੂਰੀ ਹੁੰਦੀ ਹੈ। ਜਨਵਰੀ 2009 ਦੀ ਪੂਰਨਮਾਸ਼ੀ ਦੀ ਰਾਤ ਤੋਂ ਇਕ ਨਵਾਂ ਪ੍ਰੋਗਰਾਮ ਉਲੀਕਿਆ ਗਿਆ ਜਿਸ ਰਾਤ ਰੈਣ ਸਬਾਈ ਕੀਰਤਨ ਸ਼ਾਮ 6.00 ਵਜੇ ਤੋਂ ਸ਼ੁਰੂ ਹੋ ਜਾਂਦੇ ਹਨ। ਰਾਤ ਨੂੰ 1.00 ਵਜੇ ਤੰਦਰੁਸਤੀ, ਚੜ੍ਹਦੀ ਕਲਾ ਅਤੇ ਦੇਹ ਅਰੋਗਤਾ ਦੀ ਅਰਦਾਸ ਉਪਰੰਤ ਹੁਕਮਨਾਮਾ ਲੈ ਕੇ ਸੰਗਤਾਂ ਨੂੰ ਔਸ਼ਧੀਆਂ ਭਰਪੂਰ ਆਯੁਰਵੈਦਿਕ ਖੀਰ ਵਰਤਾਈ ਜਾਂਦੀ ਹੈ, ਸੰਗਤਾਂ ਇਸ ਨੂੰ ਗੁਰਮੰਤਰ ਅਤੇ ਮੂਲਮੰਤਰ ਦੇ ਪਾਠ ਕਰਕੇ ਆਪਣੇ ਮੁੱਖ ਵਿੱਚ ਪਾਉਂਦੀਆਂ ਹਨ। ਵੈਦ ਮੋਘ ਨਾਥ ਸਿੱਧ ਸੰਗਰੂਰ ਧੂਰੀ ਵਾਲੇ ਸੰਗਤਾਂ ਨੂੰ ਪ੍ਰਹੇਜ਼ ਦੱਸਦੇ ਹਨ। ਸਿਹਤ ਨੂੰ ਨਿਰੋਗ ਰੱਖਣ ਵਾਸਤੇ ਅਨੇਕਾਂ ਗੁਣਕਾਰੀ



# ਲਗਾਤਾਰ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜ
# ਅਤੇ ਦੇਸ਼ਾਂ ਵਿਦੇਸ਼ਾਂ ਅੰਦਰ ਨਾਮ



ਸੰਤ ਮਾਤਾ ਰਣਜੀਤ ਕੌਰ ਜੀ
ਰਤਵਾੜਾ ਸਾਹਿਬ

ਜਾਂਦੇ ਹਨ। ਜਿਨ੍ਹਾਂ ਨੂੰ ਲਿਖਣ ਲੱਗੀਏ ਤਾਂ ਇਹ ਚਾਰ ਪੇਜ ਤਾਂ ਕੁਝ ਵੀ ਨਹੀਂ ਅਨੇਕਾਂ ਗ੍ਰੰਥ ਲਿਖੇ ਜਾ ਸਕਦੇ ਹਨ। ਆਪ ਜੀ ਨੇ ਗੁਰੂ ਨਾਨਕ ਸਾਹਿਬ ਵੱਲੋਂ ਦਰਸਾਏ 'ਸੁਰਤਿ ਸ਼ਬਦ ਮਾਰਗ' ਦੀ ਜੁਗਤ ਦੁਆਰਾ ਦੇਸ਼ਾਂ ਵਿਦੇਸ਼ਾਂ ਅੰਦਰ ਸੇਵਾ ਅਤੇ ਸਿਮਰਨ ਕਰਵਾਇਆ। ਆਪ ਜੀ ਨੇ ਜੋ ਕਾਰਜ ਇਸ ਦੁਨੀਆਂ ਤੇ ਮਨੁੱਖਤਾ ਦੇ ਭਲੇ ਲਈ ਕੀਤੇ ਅੱਜ ਉਹ ਪੂਰਨ ਰੂਪ ਵਿੱਚ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਉਚੀ ਸ਼ਵੀ ਵਾਲੇ ਸੁੰਦਰ ਗੁਰਦੁਆਰੇ ਦੀ ਮਨ ਨੂੰ ਮੋਹਣ ਵਾਲੀ ਇਮਾਰਤ ਆਪ ਜੀ ਦੇ ਕੁਰਬਾਨੀਆਂ ਭਰੇ ਜੀਵਨ ਦੀ ਝਲਕ ਮਹਿਸੂਸ ਕਰਵਾ ਰਹੀ ਹੈ। ਜਿੱਥੇ ਆਪ ਜੀ ਵੱਲੋਂ 1986 ਤੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀ ਵਾਰ ਸ੍ਰੀ ਅਖੰਡ ਪਾਠ ਚਲਾ ਕੇ ਨਾਮ ਬਾਣੀ ਦਾ ਅਖੰਡ ਪਰਵਾਹ ਚਲਾ ਦਿਤਾ। ਲਗਾਤਾਰ ਚਲ ਰਹੇ ਗੁਰਬਾਣੀ ਦੇ ਪ੍ਰਵਾਹ ਨੇ ਚੌਗਿਰਦੇ ਨੂੰ ਐਨਾ ਪਵਿੱਤਰ ਕਰ ਦਿਤਾ ਹੈ ਕਿ ਅੰਮ੍ਰਿਤ ਵੇਲੇ ਦਾ ਨਜਾਰਾ ਪੰਛੀਆਂ ਦੀ ਚਹਿ-ਚਹਾ ਆਪ ਜੀ ਵੱਲੋਂ ਦਰਸਾਈ ਗਈ 'ਵਾਹਿਗੁਰੂ' ਮੰਤਰ ਦੀ ਪਿਆਰ ਭਰੀ ਧੁੰਨ ਐਨੀ ਅਨੰਦਦਾਇਕ ਹੁੰਦੀ ਹੈ ਕਿ ਜਿਹੜਾ ਨਾਮ ਜਗਿਆਸੂ ਦੇ ਹਿਰਦੇ ਵਿੱਚ ਅਨੇਕਾਂ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਨਹੀਂ ਚਲਦਾ ਉਹ ਮੱਲੋ-ਮੱਲੀ ਉਛਲ ਲਗਾ ਕੇ ਅੰਦਰੋਂ ਪ੍ਰਗਟ ਹੁੰਦਾ ਹੈ। ਜਿਹੜੇ ਜਗਿਆਸੂ ਇਸ ਅੰਮ੍ਰਿਤ ਵੇਲੇ ਨੂੰ ਸੰਭਾਲ ਲੈਂਦਾ ਹੈ ਫੇਰ ਓਹ ਸਾਰਾ ਦਿਨ ਹਰਿ-ਰਸ ਵਿੱਚ ਲੀਨ ਅਤੇ ਦਿਨ ਰਾਤ ਅਦ੍ਰਿਸ਼ਟ ਵਾਹਿਗੁਰੂ ਦੇ ਧਿਆਨ ਵਿੱਚ ਹੀ ਮਗਨ ਰਹਿੰਦੇ ਹਨ ਅਤੇ ਹਿਰਦੇ ਅੰਦਰ ਹੀ ਜੋਤਿ-ਪ੍ਰਕਾਸ਼ੀ ਦਰਸ਼ਨਾਂ ਨੂੰ ਦੇਖ ਦੇਖ ਬਿਗਸਦੇ ਰਹਿੰਦੇ ਹਨ। ਆਸਾ ਦੀ ਵਾਰ ਦੀ ਪਵਿੱਤਰ ਬਾਣੀ ਦੀਆਂ ਧੁੰਨਾਂ ਜਦੋਂ ਸਵੇਰੇ ਗੁਰਦੁਆਰਾ ਰਤਵਾੜਾ ਸਾਹਿਬ ਤੋਂ ਗੁੰਜਾਰ ਪਾਉਂਦੀਆਂ ਹਨ ਜਿਥੋਂ ਤੱਕ ਗੁਰਬਾਣੀ ਦੀ ਅਵਾਜ ਪਹੁੰਚਦੀ ਹੈ ਸਾਰੇ ਵਾਤਾਵਰਨ ਦਾ ਪਵਿੱਤਰ ਹੋਣਾ ਸੁਭਾਵਿਕ ਹੈ। ਭਾਗਾਂ ਵਾਲੇ ਜਗਿਆਸੂ ਭੌਰਿਆਂ ਵਾਗੂੰ ਦੇਸ਼ਾ-ਵਿਦੇਸ਼ਾਂ ਤੋਂ ਇਸ ਤਪੋ ਅਸਥਾਨ ਤੇ ਪਹੁੰਚ ਕੇ ਰੂਹਾਨੀ ਅਨੰਦ ਪ੍ਰਾਪਤ ਕਰਦੇ ਹਨ।

ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖਾਂ ਨੇ ਇਸ ਅਸਥਾਨ ਤੇ ਆਪਣੀ ਬੇਮਿਸਾਲ ਜਿੰਦਗੀ ਦਾ ਆਖਰੀ ਸਮਾਂ ਲਗਾ ਕਿ ਇਸ ਨੂੰ ਪੁੰਨ ਭੂਮੀ ਬਣਾ ਦਿਤਾ।





# ਆਯੁਰਵੈਦਿਕ ਜੜ੍ਹੀਆਂ ਬੂਟੀਆਂ ਅਤੇ ਗੁਰੂ ਕੇ ਲੰਗਰਾਂ ਵਾਸਤੇ ਸਬਜੀਆਂ

ਨਿਰੰਤਰ ਚਲ ਰਹੇ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਗੁਰੂ ਕੇ ਲੰਗਰਾਂ ਵਾਸਤੇ ਸੁਧ ਸਬਜੀਆਂ, ਅਨਾਜ ਅਤੇ ਮੱਝਾਂ ਗਾਵਾਂ ਵਾਸਤੇ ਸ਼ੁਧ ਚਾਰੇ ਦਾ ਪ੍ਰਬੰਧ ਕੰਪਲੈਕਸ ਦੇ ਅੰਦਰ ਹੀ ਕੀਤਾ ਗਿਆ ਹੈ।

ਵੈਦ ਮੇਘ ਨਾਥ ਦੀ ਸਰਪ੍ਰਸਤੀ ਹੇਠ ਰਤਵਾੜਾ ਸਾਹਿਬ ਪੂਰਨਮਾਸ਼ੀ ਦੀ ਰਾਤ ਨੂੰ ਅਨੇਕਾਂ ਰੋਗਾਂ ਦੇ ਸ਼ਿਕਾਰ ਮਰੀਜ ਪਹੁੰਚਦੇ ਹਨ ਜਿਨ੍ਹਾਂ ਵਾਸਤੇ ਰਤਵਾੜਾ ਸਾਹਿਬ ਕੰਪਲੈਕਸ ਅੰਦਰ ਜੜ੍ਹੀਆਂ ਬੂਟੀਆਂ ਉਗਾਈਆਂ ਜਾਂਦੀਆਂ ਹਨ ਜਿਨ੍ਹਾਂ ਵਿੱਚ ਟਰਸਟ ਦੇ ਅਨੇਕਾਂ ਨਿਸ਼ਕਾਮ ਸੇਵਾਦਾਰ ਸੇਵਾ ਕਰਕੇ ਆਪਣਾ ਵੀ ਜੀਵਨ ਸਫਲ ਕਰਦੇ ਹਨ ਅਤੇ ਅਨੇਕ ਮਰੀਜ ਪੂਰਨਮਾਸ਼ੀ ਵਾਲੇ ਦਿਨ ਦੇਸੀ ਦਵਾਈ ਲੈ ਕੇ ਅਤੇ ਆਯੁਰਵੈਦਕਿ ਔਸ਼ਧੀਆਂ ਭਰਭੂਰ ਖੀਰ ਛਕ ਕੇ ਰਾਜੀ ਹੋ ਰਹੇ ਹਨ।

(ਪੰਨਾ 28 ਦੀ ਬਾਕੀ)

***ਧਾਰਨਾ - ਗੁਰਾਂ ਨੇ ਮੇਰੇ ਓ ਨੈਣ ਖੋਲ੍ਹ 'ਤੇ,***
***ਮੈਨੂੰ ਸਾਰੀਆਂ ਘਟਾਂ ਦੇ ਵਿਚ ਦਿਸਿਆ।***
***ਗੁਰਹਿ ਦਿਖਾਇਓ ਲੋਇਨਾ ॥ ੧ ॥ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭***

ਇਕ ਮਹਾਤਮਾ ਨੂੰ ਨਹੀਂ। ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਨੰਦੇੜ ਸਾਹਿਬ ਤੋਂ ਵਾਪਸ ਪੰਜਾਬ ਨੂੰ ਜਾ ਰਹੇ ਨੇ, ਨਾਲ ਉਨ੍ਹਾਂ ਦੇ ਇੱਕ ਸਿੱਖ ਹੈ, ਮਸਤੂਆਣੇ ਵਾਲੇ ਮਹਾਂਪੁਰਸ਼। ਜਦੋਂ ਵਿੰਧਿਆਚਲ ਪ੍ਰਬਤ ਦੇ ਵਿੱਚੀਂ ਲੰਘਣ ਲੱਗੇ, ਤਾਂ ਰਸਤੇ ਵਿੱਚ ਨਾਲ ਵਾਲਾ ਸੇਵਾਦਾਰ ਕੀ ਦੇਖਦਾ ਹੈ ਕਿ ਇੱਕ ਸ਼ੇਰ ਖੜ੍ਹਾ ਹੈ। ਸ਼ੇਰ ਤੇ ਸੱਪ ਦੋ ਚੀਜ਼ਾਂ ਨੇ ਜਾਂ ਚੋਰ ਹੈ ਜਿਸ ਤੋਂ ਬੰਦਾ ਇੱਕ ਦਮ ਡਰ ਜਾਂਦਾ ਹੈ, ਘਬਰਾ ਜਾਂਦਾ ਹੈ ਤੇ ਜਦੋਂ ਸ਼ੇਰ ਦੇਖਿਆ ਤਾਂ ਸੰਤ ਤਾਂ ਓਵੇਂ ਜਿਵੇਂ ਤੁਰੀ ਗਏ। ਇਹਦੀ ਜੀਭ ਜਿਹੜੀ ਸੀ ਉਹ ਸੁੱਕ ਕੇ ਇੱਕ ਦਮ ਗਲ ਵਿੱਚ ਨੂੰ ਚਲੀ ਗਈ, ਡਰਦੇ ਮਾਰੇ ਦੀ। ਕੁਛ ਬੋਲ ਹੀ ਨਾ ਹੋਵੇ, ਮੁਸ਼ਕਲ ਦੇ ਨਾਲ ਇੱਕ ਦਰਖਤ ਦੇ ਟਾਹਣੇ ਨੂੰ ਫੜ ਕੇ ਉੱਤੇ ਨੂੰ ਹੋ ਗਿਆ ਤੇ ਦੇਖਣ ਲਗ ਗਿਆ ਕਿ ਬਾਬਾ ਜੀ ਦਾ ਕੀ ਬਣਦਾ ਹੈ ਹੁਣ? ਬਾਬਾ ਜੀ ਸਿੱਧੇ ਹੀ ਤੁਰੇ ਜਾਂਦੇ ਨੇ ਆਪਣੀ ਮਸਤੀ ਦੇ ਅੰਦਰ। ਜਦੋਂ ਸ਼ੇਰ ਦੇ ਕੋਲ ਪਹੁੰਚਦੇ ਨੇ, ਸ਼ੇਰ ਨੇ ਸੁੰਘਿਆ, ਸੁੰਘ ਕੇ ਪੂੰਛ ਹਿਲਾਈ। ਪੂੰਛ ਹਿਲਾ ਕੇ ਉਹਨੇ ਜੰਗਲ 'ਚ ਛਾਲ ਮਾਰੀ। ਇਹ ਦੂਰ ਤੱਕ ਦੇਖਦਾ ਰਿਹਾ ਹੈ ਕਿ ਸੰਤ ਤਾਂ ਇਹਨੇ ਛੱਡ ਦਿੱਤੇ, ਮੈਂ ਲੰਘਣ ਲੱਗਿਆ ਤਾਂ ਕਿਤੇ ਮੈਨੂੰ ਨਾ ਫੜ ਲਏ। ਉਹ ਲੰਘਦਾ ਉਹਨੂੰ ਫੜ ਵੀ ਲੈਣਾ ਸੀ। ਕਿਉਂਕਿ ਦ੍ਰਿਸ਼ਟੀ ਦਾ ਫਰਕ ਹੈ। ਜਿਸ ਵਕਤ ਇਸਨੇ ਦੇਖਿਆ ਕਿ ਸ਼ੇਰ ਦੂਰ ਚਲਿਆ ਗਿਆ ਤਾਂ ਦੌੜ ਕੇ ਸੰਤਾਂ ਦੇ ਪਾਸ ਪਹੁੰਚਦਾ ਹੈ, ਜਾ ਕੇ ਕਹਿਣ ਲੱਗਿਆ, ਮਹਾਰਾਜ! ਅੱਜ ਤਾਂ ਬਹੁਤ ਬਚਾਅ ਹੋ ਗਿਆ। ਕਹਿੰਦੇ, ਕੀ ਹੋ ਗਿਆ? ਕਹਿੰਦਾ, ਉਹ ਦੇਖੋ, ਫਲਾਣੇ ਮੋੜ 'ਤੇ ਸ਼ੇਰ ਤੁਹਾਡੇ ਕੋਲ ਖੜ੍ਹਾ ਸੀ। ਉਹ ਕਹਿੰਦੇ ਫੇਰ ਕੀ ਹੋ ਗਿਆ, ਕਹਿੰਦਾ ਮਹਾਰਾਜ! ਮੈਨੂੰ ਤਾਂ ਬਹੁਤ ਡਰ ਲੱਗਿਆ ਕਿ ਖਾ ਜਾਏਗਾ। ਕਹਿੰਦੇ, ਤੁਹਾਨੂੰ ਕਿਉਂ ਨਹੀਂ ਕੁਛ ਕਿਹਾ ਸ਼ੇਰ ਨੇ। ਉਹ ਕਹਿੰਦੇ, ਪ੍ਰੇਮੀਆਂ! ਦ੍ਰਿਸ਼ਟੀ 'ਚ ਫਰਕ ਹੋਇਆ ਕਰਦਾ ਹੈ। ਇਹ ਸ਼ੇਰ ਵੀ ਸਾਡਾ ਆਪਣਾ ਆਪਾ ਹੀ ਹੈ, ਇਹ ਕੋਈ ਗੈਰ ਨਹੀਂ, ਇੱਕੋ ਹੀ ਜੋਤ ਹੈ ਸਾਰਿਆਂ ਦੇ ਅੰਦਰ -

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥***
***ਅਕਾਲ ਉਸਤਤਿ***

ਸਾਰਿਆਂ ਦੇ ਅੰਦਰ ਇੱਕ ਜੋਤੀ ਪ੍ਰਭੂ ਦਾ ਨਿਵਾਸ ਹੈ ਤੇ ਕਹਿੰਦੇ ਕਦੇ ਦੰਦਾਂ ਨੇ ਆਪਣੀ ਬਾਂਹ ਵੀ ਖਾਧੀ ਹੈ। ਕਦੇ ਆਪਣਾ ਹੱਥ ਵੀ ਖਾਧਾ ਹੈ ਕਿਸੇ ਨੇ। ਕਹਿੰਦੇ, ਇਹ ਸਾਰੀ ਸ੍ਰਿਸ਼ਟੀ ਇੱਕੋ ਹੀ ਹੈ। ਇਹ ਦੋ ਨਹੀਂ ਹਨ। ਦਵੈਤ ਨਹੀਂ ਇਹਦੇ ਵਿੱਚ। ਇੱਕੋ ਹੀ ਹੈ। ਸੋ ਜਦ ਤੋਂ ਗੁਰੂ ਨਾਨਕ ਪਾਤਸ਼ਾਹ ਨੇ ਨੇਤਰ ਖੋਲ੍ਹੇ ਨੇ, ਓਦੋਂ ਤੋਂ ਸਾਨੂੰ ਦੂਜਾ ਨਹੀਂ ਇਨ੍ਹਾਂ 'ਚੋਂ ਦਿਸਦਾ, ਸਾਨੂੰ ਤਾਂ ਇੱਕੋ ਹੀ ਨਜ਼ਰ ਆਉਂਦਾ ਹੈ।

***ਧਾਰਨਾ - ਰਾਮ ਬੋਲੇ-ਰਾਮ ਬੋਲੇ ਰਾਮ ਬੋਲਦਾ,***
***ਸਾਰੀਆਂ ਘਟਾਂ ਦੇ ਵਿੱਚ ਰਾਮ ਬੋਲਦਾ।***
***ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,***
***ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥***
***ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,***
***ਕਹੂੰ ਮਹਾਂ ਦਾਨ ਹੁਇਕੈ***
***ਮਾਂਗਿਓ ਧਨ ਦੇਤ ਹੋ॥***
***ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,***
***ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥***
***ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,***
***ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥***
***ਤ੍ਵਪ੍ਰਸਾਦਿ ਕਬਿੱਤ***

ਕਹਿੰਦੇ ਪ੍ਰੇਮੀਆਂ! ਦ੍ਰਿਸ਼ਟੀ ਵਿੱਚ ਫਰਕ ਹੈ, ਤੇਰੀ ਦੋਖ ਦ੍ਰਿਸ਼ਟੀ ਹੈ ਤੈਨੂੰ ਸ਼ੇਰ ਨਜ਼ਰ ਆਉਂਦਾ ਹੈ, ਸਾਨੂੰ ਤਾਂ ਗੁਰੂ ਨਾਨਕ ਤੋਂ ਬਗੈਰ ਪੱਤੇ-ਪੱਤੇ ਵਿੱਚ ਹਰ ਥਾਂ, ਜਿਧਰ ਦੇਖਦੇ ਹਾਂ ਓਹੀ ਨਜ਼ਰ ਆਉਂਦਾ ਹੈ। ਸੋ ਇਹ ਜਦੋਂ ਪੂਰਾ ਮਿਲ ਗਿਆ ਫੇਰ ਮਨ ਦਾ ਹਨ੍ਹੇਰਾ ਮਿਟ ਜਾਦਾ ਹੈ -

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥***
***ਤਿਸ ਕੈ ਭਾਣੈ ਕੋਇ ਨ ਭੂਲਾ***
***ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ- ੬੧੦***

ਸੁਰਤ ਸੁੱਤੀ ਪਈ ਹੈ, ਕੋਈ ਵਿਰਲਾ ਹੈ ਜਿਸਦੀ ਸੁਰਤ ਜਾਗਦੀ ਹੈ। ਧਿਆਨ ਦੇ ਨਾਲ ਗੱਲ ਸਮਝਿਓ, ਆਹ ਜਿਹੜਾ ਸਾਡਾ ਦਿਮਾਗ ਹੈ ਨਾ, ਇਹਦੇ ਇਲੈਕਟ੍ਰਨਿਕ ਤੇ ਮੈਗੇਨੇਟ ਦੀਆਂ ਲਹਿਰਾਂ ਚਲਦੀਆਂ ਨੇ, ਅਰਬਾਂ ਦੀ ਤਾਦਾਦ 'ਚ, ਇਹਦੇ ਵਿੱਚ ੧੫ ਅਰਬ ਸੈਲ ਹੈ, ਸਾਡੇ ਸਾਰੇ ਸਰੀਰ ਦੇ ਅੰਦਰ ਦੋ ਖਰਬ, ੧੫ ਅਰਬ ਸੈਲ ਨੇ। ਇਹਦੇ ਵਿੱਚ ੧੫ ਅਰਬ ਸੈਲ ਇਕੱਲੇ ਦਿਮਾਗ ਵਿੱਚ ਹੈ। ਇਹਦੇ 'ਚ ਖਾਨੇ ਬਣੇ ਹੋਏ ਨੇ। ਯਾਦਦਾਸ਼ਤ ਦਾ ਖਾਨਾ ਹੋਰ ਹੈ, ਡਰ ਦਾ ਹੋਰ ਹੈ, ਖੁਸ਼ੀ ਦਾ ਹੋਰ ਹੈ, ਧੋਖਾ ਦੇਣ ਵਾਲਾ ਖਾਨਾ ਹੋਰ ਹੈ, ਓਥੇ-ਓਥੇ ਹੀ ਉਹ ਲਾਈਟ ਚਲੀ ਜਾਂਦੀ ਹੈ। ਇਹ ਜਦੋਂ ਦੋ ਕਰੰਟਾਂ ਚਲਦੀਆਂ ਨੇ ਦਿਮਾਗ ਦੇ ਅੰਦਰ, ਇਹਦੇ ਵਿੱਚ ਜਾਗਰਤ ਆਉਂਦੀ ਹੈ, ਉਸ ਜਾਗਰਤ ਦੇ ਨਾਲ ਸਾਡੇ ਅੰਦਰ ਇੱਕ ਚੀਜ਼ ਜਾਗਦੀ ਹੈ ਜਿਹਨੂੰ ਅਸੀਂ ਸੁਰਤ ਕਹਿੰਦੇ ਹਾਂ। ਇਹ ਸੁਰਤ ਤੇ ਬੁੱਧੀ ਬਰਾਬਰ-ਬਰਾਬਰ ਹੁੰਦੇ ਨੇ, ਇਹਦੇ ਵਿੱਚ ਮੈਂ, ਇੱਕ ਦਮ ਮੈਂ ਆਉਂਦੀ ਹੈ। ਇਹਨੂੰ ਇਹ ਨਹੀਂ ਪਤਾ ਕਿ ਮੇਰੇ ਦਿਮਾਗ ਨੂੰ ਜਿਹੜਾ ਇਹ ਲਹਿਰਾਂ ਚਲਾਉਂਦਾ ਹੈ ਇਹ ਵੀ ਕੋਈ ਸੱਤਾ ਹੈ। ਸਾਇੰਸਦਾਨ ਇਸ ਗੱਲ 'ਤੇ ਹੈਰਾਨ ਹੋਏ ਹੋਏ ਨੇ, ਕਿ ਮਰਨ ਵਾਲੇ ਦਾ ਦਿਮਾਗ ਤਾਂ ਕਾਇਮ ਹੁੰਦਾ ਹੈ। ਇਹ ਇਲੈਕਟ੍ਰਨਿਕਸ ਦੀਆਂ ਕਰੰਟ ਕਿਉਂ ਨਹੀਂ ਚਲਦੀਆਂ ਫੇਰ। ਕਿਉਂਕਿ ਚਲਾਉਣ ਵਾਲਾ ਜਿਹੜਾ ਸੀ ਇਹ ਸਰੀਰ ਦਾ ਵਾਜਾ ਵਜਾਉਂਦਾ ਸੀ, ਵਿਚੋਂ ਨਿਕਲ ਇਹਦੇ ਇਹ। ਮਰਦਾ ਕੀ ਹੈ -

***ਮਰਣਹਾਰੁ ਇਹੁ ਜੀਅਰਾ ਨਾਹੀ ॥ ਅੰਗ-੧੮੮***
***ਮੂਈ ਸੁਰਤਿ ਬਾਦੁ ਅਹੰਕਾਰੁ ॥ ਅੰਗ - ੧੫੨***

ਆਹ ਜਿਹੜੀ ਸਾਡੇ 'ਚ ਸੁਰਤ ਹੈ ਨਾ ਇਹ ਸੁਰਤ ਨੇ ਮੈਂ ਬਣਾ ਲਿਆ ਕਿ ਮੈਂ ਵਰਿਆਮ ਸਿੰਘ ਹਾਂ। ਮੈਂ ਫਲਾਣੇ ਨੰਬਰ ਕੋਠੀ 'ਚ ਰਹਿੰਦਾ ਹਾਂ। ਮੈਂ ਫਲਾਣੇ ਥਾਂ ਰਹਿੰਦਾ ਹਾਂ। ਇਹ ਜਿਹੜੀ ਸੁਰਤ ਹੈ ਇਹ cosmic ਸੁਰਤ ਨਹੀਂ ਹੈ ਇਹ ਪਿੰਡੀ ਸੁਰਤ ਹੈ। ਇਹ ਸਰੀਰ ਦੀ ਸੁਰਤ ਹੈ, ਇਹਨੂੰ ਮਹਾਰਾਜ ਹਉਮੈ ਦੀ

ਸੁਰਤ ਕਹਿੰਦੇ ਨੇ। ਜਿਹੜੀ ਬ੍ਰਹਿਮੰਡੀ ਸੁਰਤ ਹੈ, ਉਹ ਆਤਮਕ ਮੰਡਲ ਦੀ ਸੁਰਤ ਹੈ ਉਥੇ ਹੋਰ ਤਰ੍ਹਾਂ ਸੋਚ ਹੁੰਦਾ ਹੈ, ਇਥੇ ਹੋਰ ਤਰ੍ਹਾਂ ਸੋਚ ਹੁੰਦਾ ਹੈ। ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਮਨ ਭੋਲਿਆ ਹਉਮੈ ਸੁਰਤ ਵਸਾਰ।***

ਆਹ ਜਿਹੜੀ ਸੁਰਤ ਹੈ ਨਾ ਸਰੀਰ ਦੀ ਕਿ ਮੈਂ ਫਲਾਣਾ ਸਿੰਘ ਹਾਂ, ਮੈਂ ਗੋਰਾ ਹਾਂ, ਮੈਂ ਕਾਲਾ ਹਾਂ, ਮੈਂ ਬਹੁਤ ਪੜ੍ਹਿਆ ਹੋਇਆ ਹਾਂ, ਮੈਂ ਬੜਾ ਗਿਆਨੀ ਹਾਂ, ਮੈਂ ਸੰਤ ਹਾਂ, ਮੈਂ ਅਮੀਰ ਹਾਂ, ਮੈਂ ਗਰੀਬ ਹਾਂ, ਮੈਂ ਹਿੰਦੋਸਤਾਨ ਦੇ ਰਹਿਣ ਵਾਲਾ ਹਾਂ, ਇਹ ਸੁਰਤ ਜਿਹੜੀ ਹੈ ਇਹ ਹਉਮੈ ਦੀ ਸੁਰਤ ਹੈ ਜਿਹਨੂੰ ਮਹਾਰਾਜ ਨੇ ਕਿਹਾ ਹੈ ਕਿ ਇਹਨੂੰ ਤੂੰ ਭੁਲਾ ਦੇ। ਇਹ ਸੁਰਤ ਨਾ ਰੱਖ, ਇਹ ਸੁਰਤ ਤੈਨੂੰ ਫਸਾਈ ਫਿਰਦੀ ਹੈ। ਸੋ ਜੋ cosmic ਸੁਰਤ ਹੈ, ਜਦੋਂ ਉਹ ਸੁਰਤ ਜਾਗ ਜਾਂਦੀ ਹੈ, ਓਸ ਵੇਲੇ ਜਾਗ ਆ ਜਾਂਦੀ ਹੈ, ਨੇਤਰ ਖੁਲ੍ਹ ਜਾਂਦੇ ਨੇ। ਖੁਲ੍ਹੇ ਹੋਏ ਫੇਰ ਆਪਣਾ ਪਤਾ ਲਗ ਜਾਂਦਾ ਹੈ ਕਿ ਮੈਂ ਕੌਣ ਹਾਂ, ਕਿਉਂਕਿ ਜਾਗ ਆ ਗਈ। ਸੁੱਤੇ ਪਏ ਨੂੰ ਪਤਾ ਹੀ ਨਹੀਂ -

***ਨਰਪਤਿ ਏਕੁ ਸਿੰਘਾਸਨਿ ਸੋਇਆ***
***ਸੁਪਨੇ ਭਇਆ ਭਿਖਾਰੀ ॥***
***ਅਛਤ ਰਾਜ ਬਿਛੁਰਤ ਦੁਖੁ ਪਾਇਆ***
***ਸੋ ਗਤਿ ਭਈ ਹਮਾਰੀ ॥ ਅੰਗ - ੬੫੮***

ਤਖਤ ਦੇ ਉੱਤੇ ਬੈਠਾ ਹੈ ਤੇ ਦੁਖੀ ਕਿੰਨਾ ਹੋ ਰਿਹਾ ਹੈ, ਐਸਾ ਮਹਾਂਪੁਰਸ਼ ਦੱਸਿਆ ਕਰਦੇ ਸੀ ਕਿ ਰਾਜਾ ਸੀ ਉਹ ਆਪਣੇ ਤਖਤ 'ਤੇ ਬੈਠਾ ਹੈ ਜਿਸ ਦਾ ਨਾਂ ਜਨਕ ਸੀ ਤੇ ਥੋੜ੍ਹੀ ਜਿਹੀ ਉਂਙ ਆ ਗਈ ਉਸਨੂੰ, ਉਂਙ ਆਉਂਦੇ ਸਾਰ ਕੀ ਦੇਖਦਾ ਹੈ ਕਿ ਉਸ ਉਪਰ ਕਿਸੇ ਦੂਸਰੇ ਰਾਜੇ ਨੇ ਹੱਲਾ ਕਰ ਦਿੱਤਾ ਤੇ ਉਹਦਾ ਰਾਜ ਖੋਹ ਲਿਆ ਤੇ ਉਹਨੂੰ ਬੇਇਜ਼ਤ ਕਰਕੇ ਕੱਢ ਦਿੱਤਾ। ਹੁਕਮ ਕਰ ਦਿੱਤਾ ਕਿ ਇਸਨੂੰ ਕੋਈ ਪਾਣੀ ਨਾ ਦਿਓ। ਕੋਈ ਰੋਟੀ ਨਾ ਦਿਓ, ਜੋ ਇਸ ਦੀ ਬੇਇਜ਼ਤੀ ਕਰੇਗਾ। ਉਹਦੇ ਉੱਤੇ ਮੈਂ ਸਾਰਿਆਂ ਨਾਲੋਂ ਜ਼ਿਆਦਾ ਪ੍ਰਸੰਨ ਹੋਵਾਂਗਾ। ਸੋ ਬੇਇਜ਼ਤੀ ਹੁੰਦੀ ਜਾਂਦੀ ਹੈ, ਜਿਨ੍ਹਾਂ ਲੋਕਾਂ ਦਾ ਇਸਨੇ ਭਲਾ ਕਰਿਆ ਸੀ, ਉਹ ਵੀ ਸਾਰੇ ਇਸਦੀ ਬੇਇਜ਼ਤੀ ਕਰਦੇ ਨੇ, ਬਹੁਤ ਅਫਸੋਸ ਵਿੱਚ ਹੈ ਦੋ ਤਿੰਨ ਦਿਨ ਏਸੇ ਤਰ੍ਹਾਂ ਨੰਗੇ ਪੈਰੀਂ ਤੁਰਦਾ-ਤੁਰਦਾ ਅਖੀਰ ਦੂਸਰੇ ਰਾਜ ਵਿੱਚ ਚਲਿਆ ਗਿਆ। ਉਥੇ ਜਾ ਕੇ ਜਦੋਂ ਅੱਗੇ ਗਿਆ ਤਾਂ ਇੱਕ ਬੇਰੀ ਦਾ ਮੁੱਢ ਸੀ ਉਹਦੇ ਉੱਤੇ ਬੈਠ ਗਿਆ। ਉੱਥੇ ਆਪਣੀ ਹਾਲਤ ਨੂੰ ਦੇਖ ਕੇ ਰੋ ਰਿਹਾ ਹੈ। ਕੇਸ ਖਿੰਡੇ ਹੋਏ ਨੇ ਭੁੱਖਾ ਤਿਹਾਇਆ ਮਰਿਆ ਹੋਇਆ ਹੈ, ਤਾਂ ਓਸ ਵੇਲੇ ਕੋਈ ਪ੍ਰੇਮੀ ਆਇਆ, ਓਸਨੇ ਆ ਕੇ ਪੁੱਛਿਆ ਕਿ ਕੀ ਗੱਲ ਪੁਰਸ਼ਾ! ਤੂੰ ਐਨਾ ਰੋਂਦਾ ਹੈਂ। ਕਹਿਣ ਲੱਗਿਆ ਮੈਂ ਰਾਜਾ ਜਨਕ ਹਾਂ। ਆਹ ਮੇਰਾ ਹਾਲ ਹੋ ਗਿਆ, ਮੇਰਾ ਰਾਜ ਖੋਹ ਲਿਆ। ਰਾਣੀਆਂ ਮੇਰੀਆਂ ਰਹਿ ਗਿਆ, ਸਾਰਾ ਪਰਿਵਾਰ ਰਹਿ ਗਿਆ, ਕਿਸੇ ਨੇ ਮੇਰੀ ਹਮਦਰਦੀ ਨਹੀਂ ਕਰੀ ਤੇ ਮੈਂ ਬਹੁਤ ਦੁਖੀ ਹੋ ਕੇ ਇੱਥੇ ਪਹੁੰਚਿਆਂ ਹਾਂ, ਭੁੱਖਾ ਤਿਹਾਇਆ ਮਰਿਆ ਹੋਇਆ ਹਾਂ। ਕਹਿੰਦੇ, ਉਹ ਦੇਖ ਸਾਮ੍ਹਣੇ ਕਸ਼ੇਤਰ, ਉਥੇ ਚਲਿਆ ਜਾਹ, ਉਥੇ ਜਾ ਕੇ ਪ੍ਰਸ਼ਾਦਾ ਲੈ ਲੈ, ਲਾਈਨ 'ਚ ਖੜ੍ਹ ਜਾਹ, ਫਰੀ ਮਿਲਦਾ ਹੈ ਲੰਗਰ ਹੈ ਉਹ। ਉਥੇ ਚਲਿਆ ਗਿਆ, ਲਾਈਨ 'ਚ, ਜਦੋਂ ਵਾਰੀ ਆਈ ਤਾਂ ਖਿੱਚੜੀ ਗਰਮ ਹੈ, ਉਹ ਕਹਿੰਦੇ ਕਾਹਦੇ 'ਤੇ ਪੁਆਏਂਗਾ, ਕੋਈ ਬਰਤਨ ਲੈ ਕੇ ਆ। ਕਹਿੰਦਾ ਹੱਥਾਂ 'ਤੇ ਪਾ ਦਿਓ। ਉਹ ਕਹਿੰਦੇ, ਗਰਮ ਬਹੁਤ ਹੈ, ਸਹਿ ਨਹੀਂ ਹੁੰਦੀ ਹੱਥਾਂ ਤੋਂ। ਬਰਤਨ ਲੈਣ ਜਾਂਦਾ ਹੈ, ਕੋਈ ਬਿਨਾਂ ਮੁੱਲ ਤੋਂ ਬਰਤਨ ਨਹੀਂ ਦਿੰਦਾ। ਰਾਜਾ ਭਿਖਾਰੀ ਬਣ ਗਿਆ, ਮੰਗਦਾ ਫਿਰਦਾ ਹੈ। ੧੯ ਕੌਡੀਆਂ ਮਿਲੀਆਂ ਓਸਨੂੰ, ੧੯ ਕੌਡੀਆਂ ਦਾ ਜਾ ਕੇ ਇੱਕ ਕਸੋਰਾ ਖਰੀਦਿਆ, ਖਰੀਦ ਕੇ ਜਦ ਦੁਬਾਰਾ ਆਪ ਦੀ ਵਾਰੀ ਆਈ, ਜਦ ਨੂੰ ਸਾਰੀ ਖਿਚੜੀ ਮੁੱਕ ਗਈ। ਉਸ ਵੇਲੇ ਤਰਲੇ ਕਰਦਾ ਹੈ ਕਿ ਮੈਂ ਤਿੰਨ ਦਿਨਾਂ ਦਾ ਭੁੱਖਾ ਹਾਂ, ਕ੍ਰਿਪਾ ਕਰੋ ਮੈਨੂੰ ਜ਼ਰੂਰ ਕੁਛ ਨਾ ਕੁਛ ਦਿਓ। ਉਸ ਵੇਲੇ ਉਹਨੂੰ ਤਰਸ ਆਇਆ, ਉਸ ਨੇ ਖੁਰਚਣ ਖੁਰਚ ਕੇ ਉਹਨੂੰ ਪਾ ਦਿੱਤੀ, ਕਹਿੰਦੇ ਜਾਹ ਉਥੋਂ ਘਿਉ ਲੈ ਲੈ। ਘਿਉ ਲਈ ਜਦੋਂ ਇਹਨੇ ਹੱਥ ਕੱਢਿਆ ਘਿਉ ਵਾਲੇ ਦੇ ਅੱਗੇ, ਉਹਦਾ ਹੱਥ ਹਿਲ ਗਿਆ, ਘਿਉ ਥੱਲੇ ਗਿਰ ਗਿਆ, ਉਹਨੇ ਝਿੜਕਾਂ ਮਾਰੀਆਂ। ਇਹਨੇ ਕਿਹਾ ਕਿ ਮੇਰੇ ਤੋਂ ਲੰਘਣੀ ਨਹੀਂ ਅੰਦਰ, ਕੌੜੀ ਹੈ। ਰਹਿਮ ਕਰ ਮੈਨੂੰ ਇੱਕ ਚਮਚਾ ਦੇ ਦੇ। ਘਿਉ ਦਾ ਇੱਕ ਚਮਚ ਪਾ ਕੇ ਜਦੋਂ ਖਾਣ ਲੱਗਿਆ, ਉਹਨੇ ਆਵਾਜ਼ ਮਾਰੀ ਕਿ ਇੱਥੇ ਨਹੀਂ ਅੱਗੇ ਚੱਲ ਅੱਗੇ। ਅੱਗੇ ਗਿਆ ਤਾਂ ਉਥੇ ਮੂੰਹ 'ਚ ਬੁਰਕੀ ਪਾਉਣ ਲੱਗਿਆ, ਤਾਂ ਉਧਰੋਂ ਦੋ ਸਾਂਢ ਭਿੜ ਪਏ ਤੇ ਫੇਟ ਦੇ ਵਿੱਚ ਆ ਗਿਆ, ਝਟਕਾ ਲੱਗਿਆ ਜਾਗ ਆ ਗਈ। ਹੈਰਾਨ ਹੋ ਗਿਆ ਕਿ ਮੈਂ ਤਾਂ ਤਖਤ 'ਤੇ ਬੈਠਾ ਹਾਂ। ਆਹ ਹੋਇਆ ਕੀ, ਇਹ ਸੁਪਨੇ ਦਾ ਅਧਿਆਸ ਠੀਕ ਉਸੇ ਤਰ੍ਹਾਂ ਹੋ ਗਿਆ ਜਿਵੇਂ ਸਾਡੇ ਉੱਤੇ ਅਧਿਆਸ ਹੋ ਗਿਆ। ਅਧਿਆਸ ਕਹਿੰਦੇ ਨੇ ਅਸਰ ਨੂੰ, ਐਨਾ ਡੂੰਘਾ ਅਸਰ ਪੈ ਗਿਆ ਕਿ ਸਾਨੂੰ ਵੀ ਨਹੀਂ ਪਤਾ ਲਗਦਾ। ਲੱਖ ਯਤਨ ਕਰੀ ਜਾਓ, ਲੱਖ ਬਾਣੀ ਸੁਣੀ ਜਾਓ, ਨਹੀਂ ਪਤਾ ਲਗਦਾ, ਉਥੇ ਦੇ ਉਥੇ ਹੀ ਰਹਿੰਦੇ ਹਾਂ। ਮੈਂ ਸਾਡੀ ਖਤਮ ਨਹੀਂ ਹੁੰਦੀ, ਅਸਲੀ ਚੀਜ਼ ਤਾਂ ਅਸੀਂ ਸਮਝਦੇ ਹੀ ਨਹੀਂ ਹਾਂ। ਗੁਰੂ ਸਾਹਿਬ ਸਮਝਾਉਂਦੇ ਜਾਂਦੇ ਨੇ, ਬਾਰ-ਬਾਰ ਉਪਦੇਸ਼ ਦਿੰਦੇ ਨੇ, ਲੇਕਿਨ ਸਾਡੇ 'ਤੇ ਕੋਈ ਅਸਰ ਨਹੀਂ ਹੋ ਰਿਹਾ, ਉਥੇ ਦੇ ਉਥੇ ਖੜ੍ਹੇ ਹਾਂ, ਓਹੀ ਕਲ੍ਹਾ, ਓਹੀ ਨਿੰਦਿਆ, ਓਹੀ ਚੁਗਲੀ, ਓਹੀ ਨਿੰਦਿਆ, ਓਹੀ ਮੈਂ, ਓਹੀ ਮੇਰੀ, ਓਹੀ ਡਰ, ਓਹੀ ਆਸਾ, ਓਹੀ ਅੰਦੇਸਾ, ਇਹਦੇ ਵਿਚੋਂ ਨਿਕਲ ਹੀ ਨਹੀਂ ਸਕਦੇ, ਕਿਉਂਕਿ ਉਪਦੇਸ਼ ਦੀ ਕਮਾਈ ਨਹੀਂ ਕਰਦੇ। ਸੋ ਅਧਿਆਸ ਹੋ ਗਿਆ। ਪੱਕ ਗਿਆ ਅਧਿਆਸ, ਹੁਣ ਸਮਝ 'ਚ ਨਹੀਂ ਆਉਂਦੀ। ਸਾਰੇ ਭਾਰਤ ਵਰਸ਼ ਦੇ ਵਿਦਵਾਨ ਬੁਲਾ ਲਏ, ਇੱਕੋ ਹੀ ਗੱਲ ਕਹੀ ਜਾਂਦਾ ਹੈ ਕਿ 'ਆਹ ਸੱਚਾ ਕਿ ਉਹ ਸੱਚਾ'। ਜਵਾਬ ਕੀ ਦੇਵੇ ਕੋਈ, ਗੱਲ ਖੋਲ੍ਹ ਕੇ ਨਹੀਂ ਕਰਦਾ। ਸਾਰੇ ਹੈਰਾਨ ਹੋ ਗਏ। ਕਹਿੰਦੇ, ਇਹਦਾ ਜਵਾਬ ਕੀ ਦੇਈਏ, ਜਾਣ ਕਿਸੇ ਨੂੰ ਦਿੰਦਾ ਨਹੀਂ। ਅੱਠ ਸਾਲ ਲੰਘ ਗਏ, ਅੱਠ ਸਾਲ ਤੋਂ ਬਾਅਦ ਇੱਕ ਬ੍ਰਹਮਚਾਰੀ ਆਇਆ ਕੋਈ ਅੱਠ ਦੱਸ ਸਾਲ ਦਾ। ਉਹਦੇ ਸਰੀਰ ਵਿੱਚ ਅੱਠ ਵਲ ਪੈਂਦੇ ਸੀ, ਲੱਤਾਂ ਕਿਧਰੇ ਨੂੰ ਜਾਂਦੀਆਂ ਸੀ, ਝਾਕਦਾ ਕਿਧਰੇ ਨੂੰ ਸੀ, ਡੇਲੇ ਕਿਧਰੇ ਨੂੰ ਸੀ, ਮੂੰਹ ਕਿਧਰੇ ਨੂੰ ਸੀ। ਤੁਰਦਾ ਸੀ ਵਲ ਪੈਂਦੇ ਸੀ। ਸਭਾ ਲੱਗੀ ਹੋਈ ਹੈ। ਜਿਸ ਵਕਤ ਆ ਕੇ ਸਮਾਧਾਨ ਕਰਾਉਣ ਲੱਗਿਆ ਸੰਸੇ ਦਾ ਕਿ ਇਹ ਸੱਚਾ ਕਿ ਉਹ ਸੱਚਾ, ਓਸ ਵੇਲੇ ਸਭਾ ਵਾਲੇ ਸਾਰੇ ਹੀ ਹੱਸ ਪਏ। ਉਹਦੇ ਮੁੱਖ ਤੋਂ ਇੱਕ ਕਰੜਾ ਸ਼ਬਦ ਨਿਕਲ ਗਿਆ, ਕਹਿੰਦਾ ਰਾਜਨ! ਆਹ ਚਮਾਰਾਂ ਤੋਂ ਤੂੰ ਆਪਣੇ ਸਵਾਲ ਦਾ ਸਮਾਧਾਨ ਕਰਾ ਰਿਹਾ ਸੀ? ਉਹ ਸਾਰੇ ਨਰਾਜ਼ ਹੋ ਗਏ ਕਹਿਣ ਲੱਗੇ ਇਸ ਬੱਚੇ

ਨੂੰ ਬੰਦ ਕਰੋ, ਕਿਹੋ ਜਿਹੀ ਗੱਲ ਕਹਿੰਦਾ ਹੈ। ਓਸ ਵੇਲੇ ਉਹ ਕਹਿਣ ਲੱਗਿਆ, ਦੇਖੋ, ਸੰਤ ਜਨੋ! ਮੈਂ ਤੁਹਾਨੂੰ ਸੰਤ ਸਮਝ ਕੇ ਪਹਿਲਾਂ ਨਮਸ਼ਕਾਰ ਕਰੀ ਹੈ। ਪਰ ਤੁਹਾਡਾ ਤਾਂ ਦੇਹ-ਅਧਿਆਸ ਹੀ ਨਹੀਂ ਟੁੱਟਿਆ। ਤੁਸੀਂ ਮੇਰੀ ਦੇਹ ਦੇ ਵਿੰਗ ਦੇਖ ਕੇ ਹੱਸੇ ਓਂ, ਮੇਰੇ ਦੇ ਵਿੱਚ ਜੇ ਵਿੰਗ ਨੇ, ਮੇਰੀ ਆਤਮਾ ਵਿੱਚ ਤਾਂ ਕੋਈ ਵਿੰਗ ਨਹੀਂ ਹੈ। ਜੇ ਗੰਨਾ ਵਿੰਗਾ-ਤਿੜੰਗਾ ਹੋਵੇ ਉਹਦੇ ਰਸ ਵਿੱਚ ਤਾਂ ਕੋਈ ਵਿੰਗ ਨਹੀਂ ਹੋਇਆ ਕਰਦਾ, ਤੁਸੀਂ ਮੇਰਾ ਚਮੜਾ ਦੇਖਿਆ ਹੈ ਇਸ ਕਰਕੇ ਮੈਂ ਚਮਾਰ ਤੁਹਾਨੂੰ ਕਹਿ ਦਿੱਤਾ। ਲੋਹੇ ਨੂੰ ਦੇਖਣ ਵਾਲੇ ਨੂੰ ਲੁਹਾਰ ਕਹਿ ਦਿੰਦੇ ਨੇ, ਲੱਕੜੀ ਨੂੰ ਦੇਖਣ ਵਾਲੇ ਨੂੰ ਤਰਖਾਣ ਕਹਿ ਦਿੰਦੇ ਨੇ। ਸੋ ਤੁਸੀਂ ਮੇਰੇ ਚਮੜੇ ਨੂੰ ਦੇਖ ਕੇ ਹੱਸੇ ਓਂ ਤੇ ਮੈਂ ਸਮਝਿਆ ਸੀ ਕਿ ਗਿਆਨਵਾਨ ਬੈਠੇ ਨੇ ਸਾਰੇ। ਦੇਹ ਅਧਿਆਸ ਤੋਂ ਉਪਰਲੇ ਲੋਕ ਬੈਠੇ ਨੇ ਤੇ ਤੁਸੀਂ ਤਾਂ ਦੇਹ-ਅਧਿਆਸ ਵਿੱਚ ਫਸੇ ਹੋਏ ਓਂ। ਸੋ ਇਸ ਕਰਕੇ ਮੈਂ ਗੱਲ ਕਰੀ ਹੈ ਮਾਫ ਕਰਨਾ ਮੈਨੂੰ। ਮੈਂ ਛੋਟਾ ਹਾਂ ਵੱਡੀ ਗੱਲ ਕਹਿ ਦਿੱਤੀ। ਸਾਰਿਆਂ ਨੇ ਮੂੰਹ 'ਚ ਉਂਗਲ ਲੈ ਲਈ ਕਿ ਦੇਖੋ, ਠੀਕ ਹੈ ਇਹਦੀ ਬਾਤ। ਸਾਡਾ ਜੋ ਗਿਆਨ ਹੈ ਉਹ ਗੱਲਾਂਬਾਤਾਂ ਦਾ ਗਿਆਨ ਤਾਂ ਹੈਗਾ। ਇਹਦੇ ਮੁਕਾਬਲੇ 'ਤੇ ਤਾਂ ਕੋਈ ਆ ਹੀ ਨਹੀਂ ਸਕਦਾ, ਪਹੁੰਚ ਨਹੀਂ ਸਕਦਾ। ਪਰ ਪ੍ਰੈਕਟਿਸ ਵਿੱਚ ਨਹੀਂ ਹੈ। ਅਸੀਂ ਦੇਹ-ਅਧਿਆਸ ਕਰਕੇ, ਇਹਦੀ ਦੇਹ ਨੂੰ ਦੇਖ ਕੇ ਹੱਸੇ ਹਾਂ। ਰਾਜੇ ਨੂੰ ਕਹਿਣ ਲੱਗੇ ਕਿ ਸਵਾਲ ਕਰੋ, ਇਹ ਸੱਚਾ ਕਿ ਉਹ ਸੱਚਾ।

ਕਹਿੰਦੇ, ਇਸੇ ਤਰ੍ਹਾਂ ਜਵਾਬ ਦੇ ਦੇਵਾਂ?

ਕਹਿੰਦੇ, ਇਹ ਵੀ ਝੂਠਾ ਉਹ ਵੀ ਝੂਠਾ। ਸਮਝ ਗਿਆ?

ਰਾਜਾ ਕਹਿੰਦਾ, ਨਹੀਂ ਸਮਝਿਆ।

ਕਹਿੰਦੇ, ਫੇਰ ਖੋਲ੍ਹ ਕੇ ਸਵਾਲ ਕਰ, ਖੋਲ੍ਹ ਕੇ ਜਵਾਬ ਦੇਵਾਂਗੇ। ਰਾਜਾ ਸ਼ਰਮ ਦਾ ਮਾਰਿਆ ਖੋਲ੍ਹ ਕੇ ਆਪਣੀ ਹਾਲਤ ਨਹੀਂ ਦਸਦਾ ਕਿ ਮੇਰੇ ਨਾਲ ਆਹ ਹੋਈ ਹੈ। ਅਧਿਆਸ ਐਨਾ ਪਰਪੱਕ ਹੋ ਗਿਆ ਕਿ ਉਹ ਸੁਪਨੇ ਦੀ ਹਾਲਤ ਨੂੰ ਸਤਿ ਮੰਨਦਾ ਹੈ। ਸੋ ਇਨ੍ਹਾਂ ਨੇ ਆਪ ਹੀ ਦੱਸਿਆ ਫੇਰ, ਅਸ਼ਟਾਵਕਰ ਕਹਿਣ ਲੱਗੇ, ਐ ਮਹਾਂਪੁਰਸ਼ਾਂ ਦੀ ਸਭਾ ਵਿੱਚ ਬੈਠੇ ਪ੍ਰਤਿਸ਼ਿਟ ਪੁਰਸ਼ੋ! ਇਸ ਰਾਜੇ ਨੂੰ ਸੁਪਨਾ ਆ ਗਿਆ, ਸੁਪਨੇ ਦੇ ਵਿੱਚ ਇਸ ਦਾ ਰਾਜ-ਪਾਠ ਖੁਸ ਗਿਆ, ਬਹੁਤ ਬੁਰੀ ਹੋਈ ਇਹਦੇ ਨਾਲ ਤੇ ਸੁਪਨਾ ਐਨਾ ਡੂੰਘਾ ਚਲਿਆ ਗਿਆ ਇਸਨੂੰ ਹੁਣ ਪਤਾ ਨਹੀਂ ਹੈ ਕਿ ਉਹ ਸੁਪਨਾ ਸੀ। ਸੋ ਸਾਡਾ ਜੋ ਜਵਾਬ ਹੈ ਇਹ ਜਿਹੜਾ ਜੀਵਨ ਤੁਸੀਂ ਗੁਜ਼ਾਰ ਰਹੇ ਓਂ ਇਹ ਵੀ ਸੁਪਨਾ ਹੈ ਤੇ ਜਿਹੜਾ ਇਹਨੇ ਸੁਪਨਾ ਦੇਖਿਆ ਹੈ, ਉਹ ਵੀ ਸੁਪਨਾ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਜਗਜੀਵਨ ਐਸਾ ਜੀ,***
***ਸੁਪਨੇ ਜੈਸਾ-ਸੁਪਨੇ ਜੈਸਾ।***

ਕਹਿਣ ਲੱਗੇ, ਰਾਜਨ! ਆਹ ਜਿਹੜਾ ਕੁਛ ਤੂੰ ਦੇਖ ਰਿਹਾ ਹੈਂ ਇਹ ਵੀ ਸੁਪਨਾ ਹੈ, ਇਹ ਲੰਮਾ ਸੁਪਨਾ ਹੈ। ਜੇ ਇਹ ਸੁਪਨਾ ਨਾ ਹੋਵੇ –

***ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥ ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ॥ ਅੰਗ – ੧੩੮੧***

ਇਹ ਵੀ ਸੁਪਨਾ ਹੈ ਭਾਈ, ਉਹ ਵੀ ਸੁਪਨਾ ਹੈ, ਦੋਵੇਂ ਸੁਪਨੇ ਨੇ। ਸੋ ਇਸ ਕਰਕੇ ਜੋ ਸਤਿ ਅਵਸਥਾ ਹੈ, ਉਹ ਸੁਪਨੇ ਦੀ ਅਵਸਥਾ ਤੋਂ ਉਪਰ ਹੋਇਆ ਕਰਦੀ ਹੈ। ਚਾਰ ਅਵਸਥਾਵਾਂ ਵਿੱਚ ਮਨ ਸਾਰਾ ਦਿਨ ਖੇਲ੍ਹਦਾ ਹੈ, ਇਹ ਜੀਵ ਦੀਆਂ ਚਾਰ ਭੂਮਿਕਾ ਨੇ। ਜਾਗ੍ਰਤ ਹੈ, ਸੁਪਨ ਹੈ, ਸਖੋਪਤ ਹੈ, ਤੁਰੀਆ ਹੈ। ਸੋ ਇਹ ਜਿਹੜੀ ਨੀਂਦ ਆਈ ਹੋਈ ਹੈ, ਗਾਫਲ ਹੋਇਆ-ਹੋਇਆ ਹੈ ਨੀਂਦ ਦੇ ਅੰਦਰ। ਇਹਨੂੰ ਸਾਰੇ ਮਹਾਂਪੁਰਸ਼ ਹਾਕਾਂ ਮਾਰ-ਮਾਰ ਕੇ ਜਗਾਉਂਦੇ ਨੇ। ਲੇਕਿਨ ਹੈਰਾਨੀ ਇਹ ਹੈ ਕਿ ਇਹਨੂੰ ਜਾਗ ਨਹੀਂ ਆਉਂਦੀ। ਜਾਗ ਇਸ ਵਾਸਤੇ ਨਹੀਂ ਆਉਂਦੀ, ਕਿਉਂਕਿ ਸੰਤ ਇੱਕ ਤਰੀਕਾ ਦਸਦੇ ਨੇ ਕਿ ਤੈਨੂੰ ਜਾਗ ਆ ਜਾਏਗੀ ਜੇ ਤੂੰ ਚਾਬੀ ਲੈ ਲਵੇਂ, ਚਾਬੀ ਮਿਲਦੀ ਹੈ ਪੰਜ ਪਿਆਰਿਆ ਤੋਂ ਤੇ ਉਹ ਚਾਬੀ ਅੱਖਰਾਂ ਦੀ ਹੈ, ਵਾਹਿਗੁਰੂ ਮੰਤਰ ਦੀ। ਉਹ ਫੇਰ–

***ਬਾਰੰ ਬਾਰ ਬਾਰ ਪ੍ਰਭੁ ਜਪੀਐ ॥***
***ਅੰਗ – ੨੯੬***

ਉਹ ਲੈ ਕੇ ਫੇਰ ਚੁੱਪ ਨਹੀਂ ਕਰਨਾ, ਰਸਨਾ ਦੇ ਨਾਲ ਨਾਮ ਜਪਣਾ ਹੈ। ਰਸਨਾ ਦੇ ਜਪਦੇ-ਜਪਦੇ ਸਵਾਸ 'ਤੇ ਨਾਮ ਚਲਿਆ ਜਾਂਦਾ ਹੈ। ਕੰਠ ਵਿੱਚ ਨਾਮ ਚਲਿਆ ਜਾਂਦਾ ਹੈ, ਹਿਰਦੇ 'ਚ ਨਾਮ ਚਲਿਆ ਜਾਂਦਾ ਹੈ। ਫਲ ਵਧਦਾ ਜਾਂਦਾ ਹੈ, ਰਸਨਾ ਦੇ ਨਾਲ ਦਸ ਵਾਰੀ ਜਪੋ, ਕੰਠ 'ਚ ਇੱਕ ਵਾਰੀ ਜਪੋ, ਰਸਨਾ ਦੇ ਨਾਲ ਸੌ ਵਾਰੀ ਜਪੋ ਤੇ ਹਿਰਦੇ ਵਿੱਚ ਇੱਕ ਵਾਰੀ ਜਪੋ। ਰਸਨਾ ਦੇ ਨਾਲ ਹਜ਼ਾਰ ਵਾਰੀ ਜਪੋ, ਨਾਭੀ 'ਚ ਇੱਕ ਵਾਰੀ ਜਪੋ; ਇਸੇ ਤਰ੍ਹਾਂ ਆਗਿਆ ਚੱਕਰ 'ਚ, ਤ੍ਰਿਕੁਟੀ 'ਚ, ਰੋਮ-ਰੋਮ ਦੇ ਅੰਦਰ, ਸਾਢੇ ਤਿੰਨ ਕਰੋੜ ਵਾਰੀ ਰੋਮ-ਰੋਮ ਜਪਣ ਵਾਲਾ ਜਪੇ, ਰੋਮ-ਰੋਮ ਵਾਲਾ ਇੱਕ ਵਾਰੀ ਜਪੇ ਬਰਾਬਰ ਹੋ ਜਾਇਆ ਕਰਦਾ ਹੈ। ਬਾਰ-ਬਾਰ ਜਪੇ।

***ਕਬੀਰ ਕੇਸੋ ਕੇਸੋ ਕੂਕੀਐ***
***ਨ ਸੋਈਐ ਅਸਾਰ ॥***
***ਰਾਤਿ ਦਿਵਸ ਕੇ ਕੂਕਨੇ***
***ਕਬਹੂ ਕੇ ਸੁਨੈ ਪੁਕਾਰ ॥ ਅੰਗ – ੧੩੭੬***

ਇਹ ਫੇਰ ਘੁੰਢੀ ਖੁਲ੍ਹਦੀ ਚਲੀ ਜਾਂਦੀ ਹੈ। ਨਾਮ ਨੇ ਆਪਣਾ ਕੰਮ ਕਰਨਾ ਹੈ, ਬਾਣੀ ਨੇ ਆਪਣਾ ਕੰਮ ਕਰਨਾ ਹੈ, ਬਾਣੀ ਨੇ ਆਪਣੀ ਮਨ ਦੀ ਮੈਲ ਦੂਰ ਕਰਨੀ ਹੈ। ਨਾਮ ਨੇ ਇਹਦੀ ਸੁਰਤੀ ਚੁੱਕਣੀ ਹੈ, ਇਸ ਸਰੀਰ ਦੇ ਵਿੱਚ ਜੋ ਫਸੀ ਹੋਈ ਹੈ।

***ਕਬੀਰ ਨਿਰਮਲ ਬੂੰਦ ਅਕਾਸ ਕੀ***
***ਲੀਨੀ ਭੂਮਿ ਮਿਲਾਇ ॥***
***ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ***
***ਜਾਇ ॥ ਅੰਗ – ੧੩੭੫***

ਇਹ ਆਤਮ ਬੂੰਦ ਸਰੀਰ ਦੇ ਅੰਦਰ ਆ ਕੇ ਆਤਮ ਸ਼ਕਤੀ ਪ੍ਰਵੇਸ਼ ਕਰ ਗਈ, ਹੁਣ ਇਹ ਅੱਡ ਨਹੀਂ ਹੁੰਦੀ। ਇਹਦੇ ਉੱਤੇ ਇਹਦਾ ਅਧਿਆਸ ਪੈ ਗਿਆ। ਜੀਵ ਬਣ ਗਿਆ, ਆਤਮਾ ਦਾ। ਸੋ ਇਹਨੂੰ ਜਾਗ ਨਹੀਂ ਆਉਂਦੀ, ਹੈਰਾਨ ਨੇ ਮਹਾਂਪੁਰਸ਼, ਬਈ ਦੇਖੋ ਐਨੇ ਧਰਮ ਗ੍ਰੰਥ, ਚਾਰੇ ਵੇਦ, ਛੇਈ ਸ਼ਾਸਤਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ। ਕਰੋੜਾਂ ਮਹਾਤਮਾ

ਅਵਾਜ਼ਾਂ ਦਿੰਦੇ ਨੇ ਪਰ ਮਜ਼ਾਲ ਹੈ ਇਹਨੂੰ ਅਵਾਜ਼ ਆ ਜਾਏ।

*ਧਾਰਨਾ - ਭਾਗ ਜਿਨ੍ਹਾਂ ਦੇ ਮੰਦੇ*
*ਦਿੱਤੀਆ ਬਾਗਾਂ ਤੋਂ ਨਾ ਜਾਗਦੇ।*
*ਫਰੀਦਾ ਕੂਕੇਦਿਆ ਚਾਂਗੇਦਿਆ*
*ਮਤੀ ਦੇਦਿਆ ਨਿਤ॥ ਜੋ ਸੈਤਾਨਿ ਵੰਞਾਇਆ*
*ਸੇ ਕਿਤ ਫੇਰਹਿ ਚਿਤ ॥ ਅੰਗ - ੧੩੭੮*

ਐਨਾ ਕੁਛ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਸਮਝਾ ਰਹੇ ਨੇ। ਦੇਖੋ ਆਪਾਂ ਜਿੰਨੀ ਵੀ ਵਿਚਾਰ ਕਰੀ ਹੈ ਇਹ ਮਹਾਂਪੁਰਸ਼ਾਂ ਦੀਆਂ ਕਥਾਵਾਂ, ਜੇ ਅਸੀਂ ਕਹੀਏ ਫਲਾਣੇ ਨੂੰ ਪੁੱਤਰ ਦੀ ਦਾਤ ਦੇ ਦਿੱਤੀ, ਇਹ ਮਾਮੂਲੀ ਗੱਲਾਂ ਹੁੰਦੀਆਂ ਨੇ ਸਾਧਸੰਗਤ ਜੀ! ਸੰਤਾਂ ਦੇ ਨਾਲ ਜੋੜਨੀਆਂ। ਫਲਾਨਾ ਰਾਜ਼ੀ ਹੋ ਗਿਆ, ਫਲਾਨੇ ਦਾ ਕਾਰਜ ਪੂਰਾ ਹੋ ਗਿਆ, ਸੰਤ ਤਾਂ ਪਸ਼ੂਆਂ ਦਾ ਵੀ ਉਧਾਰ ਕਰ ਦਿੰਦੇ ਨੇ, ਸੱਪਾਂ ਦਾ ਵੀ ਉਧਾਰ ਕਰ ਦਿੰਦੇ ਨੇ, ਜਾਨਵਰਾਂ ਦਾ ਉਧਾਰ ਕਰ ਦਿੰਦੇ ਨੇ।

ਬਾਬਾ ਜੀ ਸਾਹਿਬ ਸਿੰਘ ਜੀ ਅੰਮ੍ਰਿਤਸਰ ਦੀ ਪ੍ਰਕਰਮਾ 'ਚ ਬੈਠੇ ਸੀ, ਇੱਕ ਸੱਪ ਆ ਗਿਆ, ਫਣ ਉਹਨੇ ਖਲਾਰਿਆ ਹੋਇਆ ਹੈ, ਖਲਾਰ ਕੇ ਸੰਗਤ ਦੇ ਵਿਚੀਂ ਸਿੱਧਾ ਹੀ ਬਾਬਾ ਜੀ ਕੋਲ ਆ ਗਿਆ। ਸੇਵਾਦਾਰ ਘਬਰਾ ਗਏ ਕਿ ਇਹ ਤਾਂ ਉਪਰ ਹੀ ਉਪਰ ਚੜ੍ਹਦਾ ਜਾਂਦਾ ਹੈ। ਕਹਿੰਦੇ, ਬਾਬਾ ਜੀ! ਹੁਕਮ ਦੱਸੋ ਇਹ ਤਾਂ ਉਪਰ ਨੂੰ ਆ ਰਿਹਾ ਹੈ। ਕਹਿੰਦੇ, ਹੁਣ ਅਗਾਹਾਂ ਨਹੀਂ ਆਉਂਦਾ, ਇੱਥੇ ਹੀ ਖੜ੍ਹੇਗਾ। ਬਚਨ ਕਰਦੇ ਰਹੇ, ਉਹ ਫਣ ਖਲਾਰ ਕੇ ਖੜ੍ਹਾ ਰਿਹਾ। ਉਸ ਤੋਂ ਬਾਅਦ ਬਾਬਾ ਜੀ ਕਹਿਣ ਲੱਗੇ, ਅੰਮ੍ਰਿਤ ਸਰੋਵਰ 'ਚੋਂ ਇੱਕ ਗੜਵਾ ਲਿਆਓ, ਪਾਣੀ ਦਾ। ਇਹਦੇ ਉਪਰ ਜਲ ਪਾ ਦਿਓ ਭਾਈ, ਬਹੁਤ ਦੁਖੀ ਹੈ ਇਹ। ਉਹ ਜਲ ਜਦ ਉਸ ਉਪਰ ਸੁੱਟ ਦਿੱਤਾ, ਉਹਦਾ ਸਰੀਰ ਛੁੱਟ ਗਿਆ ਉਸੇ ਵੇਲੇ। ਕਹਿੰਦੇ, ਬਾਬਾ ਜੀ! ਇਹ ਕੌਤਕ ਕੀ ਹੈ? ਕਹਿੰਦੇ ਭਾਈ! ਇਹ ਅੰਮ੍ਰਿਤਸਰ ਦਾ ਪੁਜਾਰੀ ਸੀਗਾ, ਇਹਨੇ ਪੂਜਾ ਦਾ ਧਾਨ ਖਾਧਾ ਹੋਇਆ ਹੈ ਤੇ ਇਹਦੀ ਸੁਰਤੀ ਸਾਰੀ ਪੈਸੇ 'ਚ ਰਹਿੰਦੀ ਸੀ, ਜਿਹਦੀ ਸੁਰਤੀ ਜ਼ਿੰਦਗੀ ਭਰ ਪੈਸੇ 'ਚ ਰਹੇ, ਮਰਦੇ ਹੋਏ ਵੀ ਉਹਦੀ ਸੁਰਤੀ ਪੈਸੇ 'ਚ ਰਹਿੰਦੀ ਹੈ -

*ਅੰਤਿ ਕਾਲਿ ਜੋ ਲਛਮੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥*
*ਅੰਗ - ੫੨੬*

ਸੱਪ ਬਣ ਜਾਂਦਾ ਹੈ। ਕਹਿੰਦੇ, ਹੁਣ ਇਹ ਦੁਖੀ ਸੀ, ਇਹ ਪੁਰਾਣੇ ਮਹੱਲ 'ਚੋਂ ਨਿਕਲ ਕੇ ਆਇਆ ਹੈ। ਰਹਿੰਦਾ ਇੱਥੇ ਹੀ ਹੈ। ਇਸੇ ਕਰਕੇ ਭਾਈ ਗੁਰਦਾਸ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਕਿਤੇ ਖੰਡ ਦੇ ਭੁਲੇਖੇ*
*ਜ਼ਹਿਰ ਖਾ ਲਈਂ ਨਾ,*
*ਧਾਨ ਬੁਰਾ ਪੂਜਾ ਦਾ।*
*ਤਿਉ ਧਰਮਸਾਲ ਦੀ ਝਾਕ ਹੈ*
*ਵਿਹੁ ਖੰਡੂ ਪਾਜੁ॥*
*ਭਾਈ ਗੁਰਦਾਸ ਜੀ ਵਾਰ, ੩੫/੧੨*

ਖੰਡ ਦੇ ਕੈਪਸੂਲ 'ਚ ਵਿਹੁ ਪਾਈ ਹੋਈ ਹੈ।

ਬਾਬਾ ਜਵਾਲਾ ਸਿੰਘ ਜੀ ਮਹਾਰਾਜ ਹਰਖੋਵਾਲ ਵਾਲੇ ਆਪ, ਪਹਿਲਾਂ ਜਦ ਅਸਥਾਨ ਨਹੀਂ ਸੀ ਬਣਿਆ, ਤਾਂ ਉਹ ਜੰਗਲ ਜਿਹੇ 'ਚ ਬੈਠਿਆ ਕਰਦੇ ਸੀ ਹਰਖੋਵਾਲ। ਰੋਜ਼ ਅੰਮ੍ਰਿਤ ਵੇਲੇ ਬੈਠਣਾ ਤਾਂ ਆਪ ਦੇ ਚਾਦਰੇ ਵਿੱਚ ਇੱਕ ਸੱਪ ਨੇ ਆ ਕੇ ਬਹਿ ਜਾਣਾ। ਬੈਠਾ ਰਹਿਣਾ, ਜਦ ਆਪ ਦੀ ਸਮਾਧੀ ਖੁਲ੍ਹਣੀ, ਦੇਖਣਾ ਪ੍ਰੇਮੀਆਂ! ਆ ਗਿਆ, ਚਾਦਰਾ ਚਾਰੋਂ ਲੜਾਂ ਤੋਂ ਫੜਨਾ, ਪਰ੍ਹੇ ਜਾ ਕੇ ਨਦੀ 'ਚ ਸੁੱਟ ਆਉਣਾ। ਦੂਸਰੇ ਦਿਨ ਫੇਰ ਬੈਠਣਾ, ਉਸਨੇ ਫੇਰ ਆ ਜਾਣਾ, ਤੀਸਰੇ ਦਿਨ ਫੇਰ ਬੈਠਣਾ, ਫੇਰ ਆ ਜਾਣਾ। ਜਦੋਂ ਕਈ ਦਿਨ ਲੰਘ ਗਏ, ਸੇਵਾਦਾਰ ਨੇ ਕਿਹਾ ਬਾਬਾ ਜੀ! ਇਹ ਸੱਪ ਤਾਂ ਗਿੱਝ ਗਿਆ। ਇਹਨੂੰ ਤਾਂ ਮਾਰਨਾ ਹੀ ਪੈਣਾ ਹੈ, ਕਿਤੇ ਵਲੇਟ ਪਾ ਲਿਆ ਗਰਦਨ ਨੂੰ ਫੇਰ ਔਖਾ ਹੋ ਜਾਏਗਾ। ਕਹਿੰਦੇ, ਕੋਈ ਨਾ ਇਹਦਾ ਅੰਤ ਹੋਣ ਵਾਲਾ ਹੀ ਹੈ। ਉਸ ਤੋਂ ਬਾਅਦ ਸੱਪ ਮਰ ਗਿਆ, ਮਰਿਆ ਹੋਇਆ ਤਾਂ ਪ੍ਰੇਮੀ ਕਹਿਣ ਲੱਗੇ ਕਿ ਬਾਬਾ ਜੀ! ਕ੍ਰਿਪਾ ਕਰਕੇ ਦੱਸੋ ਸਾਨੂੰ ਕਿ ਇਹ ਗੱਲ ਕੀ ਹੈ। ਕਹਿੰਦੇ, ਸਾਡੇ ਨਾਲ ਫੌਜ ਵਿੱਚ ਗ੍ਰੰਥੀ ਹੁੰਦਾ ਸੀ। ਇਹਨੂੰ ਅਸੀਂ ਕਹਿੰਦੇ ਸੀ ਕਿ ਗੁਰੂ ਗ੍ਰੰਥ ਸਾਹਿਬ ਨੂੰ ਜਿਹੜੀ ਪੂਜਾ ਚੜ੍ਹਦੀ ਹੈ ਉਹ ਤੂੰ ਨਾ ਖਾ। ਇਹ ਕਹਿੰਦੇ ਖਾਂਦਾ ਰਿਹਾ, ਹੁਣ ਸੱਪ ਬਣ ਗਿਆ, ਇਹਦੇ ਸੰਜੋਗ ਐਸੇ ਸੀ ਕਿ ਛੇਤੀ ਦੇ ਕੇ ਸੱਪ ਦੀ ਜੂਨੀ ਕੱਟ ਹੋਣੀ, ਸੋ ਇਹ ਰੋਜ਼ ਆ ਕੇ, ਸਾਡੀ ਬੁੱਕਲ 'ਚ ਬੈਠ ਕੇ ਪੁਕਾਰਾਂ ਕਰਦਾ ਸੀ ਕਿ ਬਾਬਾ ਜੀ! ਮੈਨੂੰ ਛੁਡਾਓ, ਮੈਂ ਬੜਾ ਦੁੱਖੀ ਹਾਂ।

ਸੋ ਕਰੋੜਾਂ ਪਾਪ ਕਰਨ ਵਾਲੇ ਵੀ ਸੰਤਾਂ ਦੇ ਨਾਲ ਉਧਰ ਜਾਇਆ ਕਰਦੇ ਨੇ। ਬਾਬਾ ਸਾਹਿਬ ਸਿੰਘ ਜੀ ਬੈਠੇ ਨੇ ਇੱਕ ਮਦਾਰੀ ਆ ਗਿਆ, ਦੋ ਬਾਂਦਰ ਨੇ ਉਹਦੇ ਕੋਲ, ਬਾਬਾ ਜੀ ਕਹਿੰਦੇ ਭਾਈ ਮੁੱਲ ਲੈ ਲਓ, ਜਾਣ ਨਹੀਂ ਦੇਣਾ ਇਹਨੂੰ। ਮੁੱਲ ਲੈ ਲਏ, ਉਨ੍ਹਾਂ ਨੇ ਦਰਵਾਜ਼ੇ ਦੇ ਗੇਟ ਨਾਲ ਬੰਨ੍ਹ ਦਿੱਤੇ। ਜਿਹੜਾ ਵੀ ਕੋਈ ਆਵੇ, ਸੁਭਾਅ ਬੱਚਿਆਂ ਦਾ ਹੁੰਦਾ ਹੈ, ਬਾਂਦਰਾਂ ਨੂੰ ਚਿੜਾਉਣਾ, ਉਹ ਨੱਠ ਕੇ ਪਿਆ ਕਰਨ। ਇੱਕ ਦਿਨ ਸੰਗਤ ਨੇ ਬੇਨਤੀ ਕਰੀ ਕਿ ਬਾਬਾ ਜੀ! ਆਹ ਬਾਂਦਰ ਕਈ ਵਾਰੀ ਬੀਬੀਆਂ ਦੇ ਕਪੜਿਆਂ ਨਾਲ ਚਿੰਬੜ ਜਾਂਦੇ ਨੇ, ਬੱਚਿਆਂ ਨੂੰ ਫੜ ਲੈਂਦੇ ਨੇ। ਕਹਿੰਦੇ, ਕੋਈ ਨਾ ਭਾਈ, ਦੋ ਦਿਨ ਹੋਰ ਨੇ। ਦੋ ਦਿਨ ਤੋਂ ਬਾਅਦ ਦੋਵੇਂ ਬਾਂਦਰ, ਕਹਿੰਦੇ ਪ੍ਰਸ਼ਾਦ ਦੇ ਦਿਓ ਉਨ੍ਹਾਂ ਨੂੰ ਜਾ ਕੇ, ਪ੍ਰਸ਼ਾਦ ਦਿੱਤਾ, ਬਾਂਦਰ ਚੜ੍ਹਾਈ ਕਰ ਗਏ ਦੋਵੇਂ। ਕਹਿੰਦੇ, ਮਹਾਰਾਜ! ਇਹ ਕੀ ਗੱਲ ਹੋਈ, ਕਹਿੰਦੇ ਜਦ ਅਸੀਂ ਪਿਛਲੇ ਜਨਮ ਵਿੱਚ ਤਪਸਿਆ ਕਰਦੇ ਸੀ, ਪਹਾੜਾਂ 'ਤੇ। ਇਹ ਦੋਵੇਂ ਪਹਾੜੀਏ ਸਾਡੀ ਧੂਣੀ ਆ ਕੇ ਤਾਪ ਜਾਇਆ ਕਰਦੇ ਸੀ। ਸੇਵਾ ਇਨ੍ਹਾਂ ਨੇ ਕਰੀ ਸੀ ਪਰ ਮੰਤਰ ਨਾ ਹੋਣ ਕਰਕੇ, ਮਨੁੱਖ ਦੀ ਜੂਨੀ ਨਹੀਂ ਇਨ੍ਹਾਂ ਨੂੰ ਪ੍ਰਾਪਤ ਹੋਈ। ਜੇ ਤਾਂ ਮੰਤਰ ਲੈ ਲੈਂਦੇ ਫੇਰ ਤਾਂ ਨਿਗੁਰੇ ਨਾ ਰਹਿੰਦੇ। ਗੁਰੂ ਮਹਾਰਾਜ ਦਸਦੇ ਨੇ ਕਿ ਨਿਗੁਰੇ ਦਾ ਤਾਂ ਨਾਉਂ ਹੀ ਲੈਣਾ ਬੁਰਾ ਹੋਇਆ ਕਰਦਾ ਹੈ। ਸੋ ਕਹਿੰਦੇ, ਹੁਣ ਕਿਉਂਕਿ ਸੇਵਾ ਕਰੀ ਸੀ, ਇਹ ਸੰਜੋਗ ਵਸ ਇੱਥੇ ਆ ਗਏ। ਸੰਜੋਗ ਵਸ ਆਉਣ ਨਾਲ, ਕਹਿੰਦੇ ਇਨ੍ਹਾਂ ਦਾ ਹੁਣ ਸਮਾਂ ਆ ਗਿਆ, ਸੰਗਤ ਦੇ ਦਰਸ਼ਨ ਕਰੇ ਇਨ੍ਹਾਂ ਨੇ, ਕੀਰਤਨ ਸੁਣਿਆ ਤੇ ਭਾਈ! ਹੁਣ ਇਨ੍ਹਾਂ ਦਾ ਉਧਾਰ ਹੋ ਗਿਆ। ਇਹ ਬਾਂਦਰ ਦੀ ਜੂਨੀ 'ਚੋਂ ਛੁਟ ਗਏ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤੀ ਹੈ।

(------)

# ਬਿਜੈ ਸਿੰਘ

***ਭਾਈ ਵੀਰ ਸਿੰਘ ਜੀ***

## ਕਾਂਡ ਵੀਹਵਾਂ

ਚੰਦ ਵਿਹੂਣੀ ਵਿਧਵਾ ਰਾਤ ਪਤੀ ਹੀਨ ਇਸਤ੍ਰੀ ਦੇ ਦੁਖਿਤ ਹਿਰਦੇ ਵਾਂਗ ਦੁਖੀ ਹੈ ਤੇ ਠੰਢੇ ਸਾਹ ਭਰ ਰਹੀ ਹੈ ਤੇ ਸੰਗ ਦੀ ਨੀਲੀ ਚੰਦਰ ਤਾਣੀ ਹੋਈ ਸ਼ੂ, ਅਣਪੂਰੀਆਂ ਆਸਾ ਦੀ ਘਬਰਾਹਟ ਵਰਗਾ ਹਨ੍ਹੇਰਾ ਚਾਰ ਚੁਫੇਰੇ ਫੈਲ ਰਿਹਾ ਹੈ। ਜਿਵੇਂ ਕਿਸੇ ਬਾਲੀ ਦੇ ਹੱਥੋਂ ਫੁੱਲਿਆਂ ਦਾ ਛਿਕੂ ਡੁੱਲ੍ਹ ਕੇ ਫੁੱਲਿਆਂ ਨੂੰ ਤਿੱਤਰ ਬਿਤਰ ਕਰ ਦਿੰਦਾ ਹੈ ਤਿਵੇਂ ਕੁਦਰਤ ਬਾਲੀ ਦੇ ਫੁੱਲੇ ਇਹ ਤਾਰੇ, ਤਿੱਤਰ ਬਿੱਤਰ ਡੁਲ੍ਹੇ ਪਏ ਹਨ। ਪਸ਼ੂ ਪੰਖੀ ਸਹਿਮ ਤੇ ਚੁੱਪ ਚਾਪ ਸੁੰਨ ਵੱਟਾ ਹੋਏ ਪਏ ਹਨ। ਬ੍ਰਿਛ ਮਾਨੋਂ ਚਿੰਤਾ ਵਿੱਚ ਟਾਹਣ ਸਿੱਟੀ ਖੜ੍ਹੇ ਹਨ। ਰਾਤ ਦੀ ਸਹੇਲੀ ਕੁਦਰਤ ਬੀ ਸਾਬਣ ਦੇ ਦੁੱਖ ਵਿੱਚ ਐਸੀ ਦਰਦ ਵੰਡਾ ਰਹੀ ਹੈ ਕਿ ਮਾਨੋਂ ਉਸੇ ਦਾ ਰੂਪ ਹੋ ਰਹੀ ਹੈ।

ਹੁਣ ਹਨ੍ਹੇਰੀ ਦੇ ਹੋਰ ਵਧਣ ਨਾਲ ਬੱਦਲ ਆ ਗਏ। ਅੱਗੇ ਤਾਂ ਹਨ੍ਹੇਰੀ ਦੀ ਭਿਆਨਕ ਅਵਾਜ਼ ਹਾਇ ਹਾਇ ਦਾ ਨਕਸ਼ਾ ਬੰਨ੍ਹ ਰਹੀ ਸੀ ਹੁਣ ਬੱਦਲਾਂ ਦੇ ਕੌਣ ਮੇਣਨੇ ਅੱਥਰੂ ਬੀ ਵਹਾਉਣੇ ਸ਼ੁਰੂ ਕਰ ਦਿੱਤੇ। ਘਟਾ ਦੀ ਗਰਜ ਨਾਲ ਪਿੱਟਣ ਵਾਂਙ ਅਵਾਜ਼ ਆ ਰਹੀ ਹੈ, ਇਸ ਦੀ ਧਕਧਕ ਦੀ ਆਵਾਜ਼ ਨਾਲ ਦੁਨੀਆਂ ਕੰਬ ਰਹੀ ਹੈ। ਬ੍ਰਿਛਾਂ ਦੇ ਟਾਹਣ ਹੁਣ ਧਰਤੀ ਪੁਰ ਢਹਿ ਢਹਿ ਕੇ ਉੱਡ ਰਹੇ ਹਨ। ਹਾਇ ਦੁਖੀ ਰਾਤ! ਤੇਰਾ ਤਾਂ ਕਲੇਜਾ ਬੀ ਪਾਟ ਪਿਆ, ਅੰਦਰਲੇ ਜ਼ਖਮ ਐਸੇ ਚਮਕੇ ਕਿ ਚੰਦ ਬੀ ਨਹੀਂ ਕਦੇ ਚਮਕਿਆ। ਹਾਂ ਰਾਤ ਦਾ ਕਲੇਜਾ ਪਾਟਾ, ਲੋਕਾਂ ਦੇ ਭਾਣੇ ਬਿਜਲੀ ਕੜਕਣ ਲੱਗੀ। ਹੇ ਕਾਲੀ ਰਾਤ! ਹੇ ਪਾਪਾ ਦੀ ਮਾਂ! ਜਹਾਨ ਦੇ ਉਪਦਰਵ ਤੇਰੇ ਵਿੱਚ ਹੁੰਦੇ ਹਨ। ਆਪਣੇ ਦੁੱਖਾਂ ਨਾਲ ਆਪਣਾ ਆਪ ਜਾਲ; ਗਰੀਬਾਂ ਜੀਵਾਂ ਨੂੰ ਕਿਉਂ ਦੁੱਖ ਦਿੰਦੀ ਹੈਂ! ਅੱਜ ਤੂੰ ਆਪ ਐਸ ਤਰ੍ਹਾਂ ਪਿੱਟ ਰਹੀ ਹੈਂ, ਕਦੇ ਤੇਰੇ ਕਾਲੇ ਹਿਰਦੇ ਵਿੱਚ ਓਦੋਂ ਬੀ ਤਰਸ ਆਉਂਦਾ ਹੈ ਜਦੋਂ ਤੇਰਾ ਸ਼ਹਿ ਪਾ ਕੇ ਚੋਰ ਘਰ ਭੰਨ ਜਾਂਦੇ ਹਨ। ਹਾਂ ਗਰੀਬ ਰਾਹੀ ਲੁੱਟੇ ਜਾਂਦੇ ਹਨ। ਹੇ ਰਾਤ! ਤੂੰ ਡਾਕੂਆਂ ਨੂੰ ਸਹਾਰਾ ਦਿੰਦੀ ਹੈਂ। ਤੂੰ ਖੂਨੀ ਨੂੰ ਖੂਨ ਕਰਨ ਵਿੱਚ ਮਦਦ ਦਿੰਦੀ ਹੈਂ, ਜਿਸ ਵੇਲੇ ਕਿ ਉਹ ਸੱਜੇ ਹੱਥ ਵਿੱਚ ਤਲਵਾਰ ਚੁੱਕਦਾ ਹੈ ਤੂੰ ਖੱਬਾ ਹੱਥ ਬਣ ਕੇ ਉਸ ਦੇ ਦੁਸ਼ਟ ਕਰਮ ਵਿੱਚ ਸਹਾਇਤਾ ਕਰਦੀ ਹੈਂ। ਕਈ ਸਤਵੰਤੀਆਂ ਦੇ ਸਤ ਦੇ ਖਲਵਾੜੇ ਤੇਰੇ ਇਕੱਲੇ ਹਨ੍ਹੇਰੇ ਵਿੱਚ ਦੁਸ਼ਟਾਂ ਦੇ ਹੱਥੋਂ ਫਕੇ ਜਾਂਦੇ ਹਨ, ਤੇਰੇ ਹਨ੍ਹੇਰੇ ਵਿਚ ਅਨੇਕਾਂ ਵਿਧਵਾ ਤੇ ਅਨੇਕਾਂ ਅਨਾਥ ਹੋਏ। ਅਜੇ ਤੈਨੂੰ ਕੁਝ ਪਤਾ ਲੱਗਾ ਹੈ ਕਿ ਕਿਸੇ ਦਾ ਦਿਲ ਦੁਖਾਉਣਾ ਕੀ ਚੀਜ਼ ਹੁੰਦਾ ਹੈ। ਦੇਖ! ਤੇਰੇ ਬੁਰੇਪਨ ਦਾ ਕੈਸਾ ਸਹਿਮਵਾਂ ਅਸਰ ਹੈ ਕਿ ਜੀਵ ਜੰਤੂ ਸਭ ਤੋਪ ਦੀ ਅਵਾਜ਼ ਸੁਣ ਕੇ ਡਰੇ ਹੋਏ ਕਾਇਰ ਵਾਂਗ ਬੇਸੁਧ ਹੋਏ ਪਏ ਹਨ। ਹੇ ਸਾਕਤ ਪੁਰਖ ਦੀ ਕਾਲੀ ਕੰਬਲੀ ਵਰਗੀ ਕਾਲੀ ਰਾਤ! ਤੈਨੂੰ ਸੰਗਤ ਦਾ ਅਸਰ ਬੀ ਨਹੀਂ ਹੋਇਆ। ਚੰਦ ਤੇਰਾ ਪਤੀ ਨੂਰ ਛਹਿਬਰਾਂ ਲਾਉਂਦਾ ਹੈ ਅਰ ਬੇਅੰਤ ਸਮੇਂ ਤੋਂ ਤੇਰੇ ਨਾਲ ਰਹਿੰਦਾ ਹੈ, ਪਰ ਤੂੰ ਕਾਲੀ ਦੀ ਕਾਲੀ ਰਹੀ। ਪਤੀ ਦੇ ਡਰ ਦੀ ਮਾਰੀ ਉਸ ਦੇ ਸਾਮ੍ਹਣੇ ਤਾਂ ਤੂੰ ਚਿੱਟੀ ਸ਼ਕਲ ਬਣਾਉਂਦੀ ਹੈਂ, ਪਰ ਤੇਰਾ ਹਨ੍ਹੇਰਾ ਖੱਡਾਂ, ਕੰਦਰਾਂ, ਬਿਰਛਾਂ ਅਰ ਲੁਕਵਾਂ ਥਾਵਾਂ ਪਰ ਛਿਪਿਆ ਇਸ ਤੱਕ ਵਿੱਚ ਰਹਿੰਦਾ ਹੈ ਕਿ ਕਦ ਚੰਦ ਜਾਵੇ ਤੇ ਕਦੇ ਉਹ ਨਿਕਲੇ। ਜੇ ਤੂੰ ਭਲੀ ਹੁੰਦੀ ਤਾਂ ਤੇਰੀ ਕਾਲਕ ਚੰਦ ਦੀ ਚਾਂਦਨੀ ਦੇ ਸੰਗ ਨਾਲ ਦੂਰ ਹੋ ਜਾਂਦੀ। ਪਰ ਤੂੰ ਕਾਲੀ ਦੀ ਕਾਲੀ ਰਹੀ; ਖਬਰੇ ਤੇਰੀ ਕੁਸੰਗਤ ਦੇ ਅਸਰ ਨਾਲ ਹੀ ਤਾਂ ਚੰਦ ਵਿੱਚ ਛਾਈਆਂ ਨਹੀਂ ਪੈ ਗਈਆਂ।

ਇਸ ਰਾਤ ਵਿੱਚ ਅਸੀਂ ਕੀ ਦੇਖਦੇ ਹਾਂ ਕਿ ਭਾਈ ਬਿਜਲਾ ਸਿੰਘ ਹੁਰੀਂ ਲਾਹੌਰ ਦੇ ਕਿਲ੍ਹੇ ਦੇ ਲਾਗੇ ਫਿਰਦੇ ਫਿਰਦੇ ਬਨ ਵਾਲੇ ਪਾਸੇ ਨਿਕਲ ਗਏ। ਇੱਕ ਥਾਂ ਤੇ ਪੈਰ ਨੂੰ ਕੁਝ ਨਰਮ ਨਰਮ ਲਗਣ ਕਰਕੇ ਠਿਠਕ ਗਏ। ਜਾਂ ਬਿਜਲੀ ਦਾ ਲਿਸ਼ਕਾਰਾ ਵੱਜਾਂ ਤਾਂ ਇੱਕ ਸਿੰਘ ਭੁਜੰਗੀ ਅਰ ਇੱਕ ਸਿੰਘਣੀ ਉਨ੍ਹਾਂ ਦੀ ਦ੍ਰਿਸ਼ਟੀ ਪਈ; ਦੂਜੇ ਚਮਕਾਰੇ ਵਿੱਚ ਤਸੱਲੀ ਹੋ ਗਈ ਕਿ ਠੀਕ ਇਹ ਕਿਸੇ ਸਿੱਘ ਦਾ ਪਰਿਵਾਰ ਹੈ। ਭਾਈ ਜੀ ਨੇ ਹਿਕਮਤ ਨਾਲ ਇੱਕ ਨੂੰ ਚੁੱਕਿਆ ਅਰ ਥੋੜ੍ਹੀ ਦੂਰ ਪੁਰ ਇੱਕ ਕੱਚੇ ਕੋਠੇ ਦੇ ਅੰਦਰ ਲੈ ਵੜੇ; ਫੇਰ ਦੋ ਜਣੇ ਆ ਕੇ ਸਿੰਘਣੀ ਨੂੰ ਲੈ ਗਏ ਇਹ ਉਹ ਅਸਥਾਨ ਸੀ ਜਿਥੇ ਅੱਜਕੱਲ੍ਹ ਸੁੰਦਰ ਮੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਡੇਹਰਾ ਸਾਹਿਬ ਕਰਕੇ ਸਜ ਰਿਹਾ ਹੈ ਉਨ੍ਹੀਂ ਦਿਨੀਂ ਦੇਹੁਰੇ ਦੇ ਨਾਲ ਇੱਕ ਕੱਚਾ ਕੋਠਾ ਤੇ ਵਲਗਣ ਜੇਹੀ ਸੀ ਅਰ ਇਸੇ ਕਰਕੇ ਕਿਸੇ ਦੀ ਨਜ਼ਰ ਘੱਟ ਖਿੱਚ ਹੁੰਦੀ ਸੀ। ਇੱਕ ਸੂਰਮਾਂ ਸਿੱਖ ਇੱਥੇ ਰਹਿੰਦਾ ਸੀ ਅਰ ਪੰਥ ਦੇ ਸੂੰਹੀਆਂ ਲਈ ਬੜੀ ਸਹਾਇਤਾ ਦਾ ਕਾਰਨ ਸੀ। ਜਾਂ ਬਿਜਲਾ ਸਿੰਘ ਜੀ ਅੰਦਰ ਗਏ ਤਾਂ ਕੀ ਦੇਖਦੇ ਹਨ ਕਿ ਅੱਗੇ ਦੋ ਤ੍ਰੈ ਸਿੰਘ ਭੇਸ ਵਟੇ ਵਿੱਚ ਹੋਰ ਬੈਠੇ ਹਨ ਜੋ ਕ੍ਰੋੜਾ ਸਿੰਘ ਦੇ ਜਥੇ ਵਿਚੋਂ ਬਿਜੈ ਸਿੰਘ ਦੀ ਭਾਲ ਵਿਚ ਆਏ ਹੋਏ ਸਨ। ਹੁਣ ਦੋਹਾਂ ਸਿੰਘਾਂ ਨੇ ਸਿੰਘਣੀ ਤੇ ਭੁਜੰਗੀ ਸਿੰਘ ਨੂੰ ਦੇਖਿਆ ਅਰ ਪਛਾਣਿਆ ਕਿ ਇਹ ਤਾਂ ਬਿਜੈ ਸਿੰਘ ਦੇ ਹੀ ਪੁੱਤਰ ਅਰ ਇਸਤਰੀ ਹਨ, ਉਨ੍ਹਾਂ ਦਾ ਭਿੱਜੇ ਕਪੜੇ ਲਾਹ ਕੇ ਸੁੱਕੇ ਚਾਦਰੇ ਲਪੇਟ ਦਿੱਤੇ, ਅੱਗ ਬਾਲ ਕੇ ਸੇਕ ਦਿੱਤਾ, ਅਰ ਕੁਛ ਦਾਰੂ ਦਰਮਲ ਤਾਕਤ ਦਾ ਦਿੱਤਾ। ਸਾਰੀ ਰਾਤ ਧਰਮੀਆਂ ਦੀ ਮਿਹਨਤ ਨੇ ਦੋਹਾਂ, ਅਤਿ ਤੇ ਨਿਰਬਲਾਂ ਨੂੰ, ਫੇਰ ਜੀਉਣ ਜੋਗਾ ਕਰ ਦਿੱਤਾ ਅਰ ਤੰਦਰੁਸਤੀ ਦੇ ਨਿਰੋਏ ਹੱਥ ਨੇ ਪਿਆਰ ਦੇ ਕੇ ਉਨ੍ਹਾਂ ਦੀ ਮੁਰਝਾ ਰਹੀ ਜੀਵਨ ਰੌ ਨੂੰ ਸੁਰਜੀਤ ਕਰ ਦਿੱਤਾ। ਅਸਲ ਵਿੱਚ ਪਹਿਲੋਂ ਤਾਂ ਮੀਂਹ ਵਿੱਚ ਭਿੱਜਣਾ ਹੀ ਉਨ੍ਹਾਂ ਦੇ ਕਾਰੇ ਆ ਗਿਆ ਸੀ, ਕਿਉਂਕਿ ਜ਼ਹਿਰ ਦਾ ਕਾਹੜਾ ਜੋ ਉਨ੍ਹਾਂ ਨੂੰ ਪਿਲਾਇਆ ਗਿਆ ਸੀ ਉਸ ਵਿੱਚ ਕੁਛ ਅਫੀਮ ਦੀ ਚਣ ਬੀ ਸੀ। ਜ਼ਹਿਰ ਪੀਂਦੇ ਸਾਰ ਉਤਾੜਾਂ ਆ ਜਾਣ ਕਰਕੇ ਹੋਰ ਜ਼ਹਿਰ ਤਾਂ ਨਿਕਲ ਗਏ ਸਨ; ਅਰ ਕੈਆਂ ਗੁਣਕਾਰ ਪਈਆਂ ਸਨ, ਪਰ ਅਫੀਮ ਦਾ ਕੁਛ ਐਸ਼ ਬਾਕੀ ਸੀ, ਜਿਸ ਦੇ ਨਸ਼ੇ ਨੇ ਕੁਛ ਮਸਤ ਕਰ ਰੱਖਿਆ ਸੀ, ਸੋ ਮੋਹਲੇ ਧਾਰ ਪਾਣੀ ਪੈਣ ਨੇ ਉਸ ਅਸਰ ਨੂੰ ਬੀ ਤੜਿਆ, ਸੱਚ ਹੈ –

***ਜਿਸੁ ਰਾਖੈ ਤਿਸੁ ਕੋਇ ਨ ਮਾਰੈ॥***

ਦੂਸਰਾ ਦਿਨ ਤੇ ਤੀਸਰਾ ਦਿਨ ਤਾਂ ਦੋਹਾਂ ਨੂੰ ਲੇਟਿਆ ਬੀਤਿਆ। ਫੇਰ ਸ਼ੀਲ ਕੌਰ ਕੁਛ ਫਿਰ ਪਈ ਅਰ ਧਰਮੀ ਭਰਾਵਾਂ ਨੂੰ ਸਾਰਾ ਸਮਾਚਾਰ ਆਪਣੀ ਬਿਪਤਾ ਅਰ ਪਤੀ ਦੇ ਕਸ਼ਟਾਂ ਦਾ ਕਹਿ ਸੁਣਾਇਆ। ਹੁਣ ਛੋਟੇ ਜਿਹੇ ਭਾਈਚਾਰੇ ਨੇ ਸਲਾਹ ਕੀਤੀ

ਅਰ ਪੱਕੀ ਗੋਂਦ ਗੁੰਦੀ ਕਿ ਸੱਭੇ ਜਣੇ ਕਰੋੜਾਂ ਸਿੰਘ ਦੇ ਜੱਥੇ ਵਿੱਚ ਅੱਪੜੀਏ ਤੇ ਬਿਜੈ ਸਿੰਘ ਦੇ ਛੁਟਕਾਰੇ ਦਾ ਉਪਰਾਲਾ ਕਰੀਏ। ਸੋ ਇੱਕ ਦਿਨ ਘੁਸਮਸਾਲੇ ਹੋਏ ਵੇਸ ਵਟਿਆਂ ਵਿੱਚ ਸਾਰੇ ਜਣੇ ਤੁਰਦੇ ਹੋਏ।

ਹੁਣ ਸਿੱਖਾਂ ਵਿੱਚ ਉਤਨਾ ਡਰ ਨਹੀਂ ਰਿਹਾ ਸੀ, ਜਿਤਨਾ ਪਹਿਲੇ ਮੀਰ ਮੰਨੂੰ ਦੇ ਵੇਲੇ ਹੋਇਆ ਕਰਦਾ ਸੀ। ਕਾਰਨ ਇਹ ਸੀ ਕਿ ਸਾਰੇ ਦੇਸ਼ ਵਿੱਚ ਸਿੰਘਾ ਨੇ ਆਪਣੇ ਹੱਥ ਪੈਰ ਮਾਰਨੇ ਆਰੰਭ ਕਰ ਦਿੱਤੇ ਸਨ ਕਿਉਂਕਿ ਬੇਗਮ ਤਾਂ ਅੰਦਰੇ ਅੰਦਰ ਹੋਰ ਝੇੜਿਆਂ ਵਿੱਚ ਫਸੀ ਬੈਠੀ ਸੀ, ਕੁਝ ਉਮਰਾਵਾਂ ਤੇ ਬੇਗਮ ਦੀ ਵਿਗੜ ਰਹੀ ਸੀ। ਉਂਞ ਬੀ ਅਮੀਰ ਵਜ਼ੀਰ ਐਸੇ ਮੁਹਤਾਣੇ ਹੋ ਰਹੇ ਸਨ ਕਿ ਸਭ ਨੇ ਚੋਰੀ ਚੋਰੀ ਦਿੱਲੀ ਚਿੱਠੀਆਂ ਭੇਜ ਦਿੱਤੀਆਂ ਸਨ ਕਿ ਬੇਗਮ ਦੇਸ਼ ਦਾ ਨਾਸ਼ ਕਰ ਰਹੀ ਹੈ, ਅਰ ਸਿੱਖਾਂ ਨੇ ਇਸ ਘਰ ਦੀ ਫੁੱਟ ਨੂੰ ਤਾੜ ਕੇ ਆਪਣਾ ਸਿੱਕਾ ਬਿਠਾਉਣਾ ਫੇਰ ਆਰੰਭ ਦਿੱਤਾ ਹੈ।

ਉਧਰ ਬਿਜੈ ਸਿੰਘ ਦੇ ਸਮਝੌਤਿਆਂ ਦਾ ਕੁਝ ਅਸਰ ਨਾ ਹੋਇਆ। ਜਿੰਨੀ ਬਿਜੈ ਸਿੰਘ ਨੇ ਆਪਣੇ ਧਰਮ ਪਰ ਦ੍ਰਿੜਤਾ ਦਿਖਲਾਈ ਉਤਨਾ ਬੇਗਮ ਦਾ ਦਿਲ ਵਧੀਕ ਮੋਹਿਤ ਹੁੰਦਾ ਗਿਆ, ਅਰ ਇਹ ਨਿਸ਼ਚਾ ਬੱਝਦਾ ਗਿਆ ਕਿ ਇਸ ਜੈਸਾ ਪੁਰਸ਼ ਇਹ ਆਪ ਹੀ ਹੈ। ਪਿਆਰ ਦੇ ਕਰੜੇ ਹੱਲਿਆਂ ਦੇ ਅੱਗੇ ਬੜੇ ਬੜੇ ਕਰੜੇ ਹੀਏ ਅੰਤ ਸਰ ਹੋ ਜਾਂਦੇ ਹਨ। ਲਿਖ ਦੇਣਾ ਤੇ ਪੜ੍ਹ ਲੈਣਾ ਕੁਝ ਹੋਰ ਗੱਲ ਹੈ ਪਰ ਹਿਰਦੇ ਦੀਆਂ ਕੋਮਲ ਕੰਧਾਂ ਪੁਰ ਹਿਤ ਦੇ ਗੋਲਿਆਂ ਦੀਆਂ ਸੱਟਾਂ ਸਹਿਣੀਆਂ ਕੁਝ ਹੋਰ ਗੱਲ। ਪਰ ਗੁਰੂ ਗੋਬਿੰਦ ਸਿੰਘ ਜੀ ਦੇ ਸੂਰਮੇ ਜਿਨ੍ਹਾਂ ਦੇ ਹਿਰਦੇ ਵਿੱਚ ਉਹ ਕਲਗੀ ਵਾਲਾ ਤੇਜੱਸਵੀ ਰੂਪ ਬੈਠਾ ਹੈ, ਕਿਸੇ ਵੈਰੀ ਦੇ ਅੱਗੇ ਨਹੀਂ ਡਿੱਗਦੇ। ਇਹ ਨਿਰੋਲ ਸੱਚੀ ਗੱਲ ਹੈ ਕਿ ਸਿੱਖ ਸ਼ੱਤਰੂ ਤੋਂ ਸ਼ਰਨ ਮੰਗਣੀ ਜਾਣਦੇ ਹੀ ਨਹੀਂ। ਆਪਣੇ ਭਰਾਵਾਂ ਦੇ ਧ੍ਰੋਹ ਦਾ ਸ਼ਿਕਾਰ ਭਾਵੇਂ ਬਣਨ, ਪਰ ਆਪਣਾ ਪਵਿੱਤਰ ਨਾਮ ਹਾਰ ਮੰਨ ਲੈਣ ਨਾਲ ਜੋੜ ਕੇ ਸਿੰਘਾਂ ਨੇ ਕਦੇ ਕਲੰਕਤ ਨਹੀਂ ਕੀਤਾ। ਇਸ ਜੰਗ ਵਿੱਚ ਸਿੰਘ ਹੁਰੀਂ ਹਾਰੇ ਨਹੀਂ ਤੇ ਕੋਈ ਹੀਲਾ ਬਿੰਧੇ ਘੋੜੇ ਨੂੰ ਨਾ ਪੋਹਿਆ। ਜਾਦੂ ਟੂਣਿਆਂ ਦੀ ਵਾਰੀ ਬੀ ਆਈ। ਚੋਰੀ ਚੋਰੀ ਇੱਕ ਫਕੀਰ ਅੱਗਾਂ ਬਾਲ ਤੇ ਕਈ ਉਸ਼ਟੰਡ ਰਚ ਕੇ ਚਿੱਲ੍ਹੇ ਬੈਠਾ। ਇਕ ਫਕੀਰ ਨੇ ਬੇਗਮ ਨੂੰ ਇਹ ਢੰਗ ਦੱਸਿਆ ਕਿ ਬਿਜੈ ਸਿੰਘ ਦੀ ਮੂਰਤ ਸਾਮ੍ਹਣੇ ਰੱਖ ਕੇ ਤਿੰਨ ਚਾਰ ਘੰਟੇ ਬੈਠ ਕੇ ਇਕ ਕਲਾਮ ਦਾ ਪਾਠ ਕਰਿਆ ਕਰ, ਪਰ ਪੇਸ਼ ਕੁਝ ਨਾ ਗਈ ਤੇ ਅਸਰ ਕੁਝ ਨਾ ਹੋਇਆ। ਕੁਛ ਦਿਨ ਬੀਤੇ ਤਾਂ ਇੱਕ ਟਾਤ ਬਿਜੈ ਸਿੰਘ ਜੀ ਕੀ ਦੇਖਦੇ ਹਨ ਕਿ ਬੇਗਮ ਨੇ ਆ ਕੇ ਚਰਨ ਪਕੜ ਲਏ ਹਨ; ਅਰ ਬੜਾ ਰੋਈ ਹੈ, ਸਿੰਘ ਜੀ ਦੇ ਹਿਰਦੇ ਵਿੱਚ ਦਇਆ ਆ ਗਈ, ਸੋਚਣ ਲੱਗੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਦੱਸਦੇ ਹਨ ਕਿ 'ਜੇ ਤਉ ਪਿਰੀਆ ਦੀ ਸਿਕ ਹਿਆਉ ਨਾ ਠਾਹੇ ਕਹੀਦਾ॥' ਤੇ ਮੈਂ ਇਸ ਵਿਚਾਰੀ ਦਾ ਦਿਲ ਬੜਾ ਦੁਖਾਇਆ ਹੈ। ਉਹ ਨਾ ਹੋਵੇ ਕਿ ਕਿਤੇ ਲੈਣੇ ਦੇ ਦੇਣੇ ਪੈ ਜਾਣ, ਮਤਾਂ ਇਕ ਪਾਪ ਤੋਂ ਬਚਦਾ ਦੂਜੇ ਵਿੱਚ ਪੈ ਜਾਵਾਂ। ਹਿਤ ਨਾਲ ਪੁੱਛਣ ਲੱਗੇ ਕਿ ਬੇਗਮ ਜੀ! ਤੁਸੀਂ ਕੀ ਮੰਗਦੇ ਹੋ?

ਬੇਗਮ - ਤੁਸੀਂ ਜਾਣਦੇ ਹੀ ਹੋ, ਬੱਸ ਐਤਨੀ ਗੱਲ ਕਿ ਤੁਸੀਂ ਮੇਰੇ ਨਾਲ ਵਿਆਹ ਕਰਾ ਲਵੋ।

ਸਿੰਘ ਜੀ - ਇਹ ਬੜੀ ਔਖੀ ਗੱਲ ਹੈ।

ਬੇਗਮ (ਛੁਰੀ ਕੱਢ ਕੇ) - ਲਓ ਫੇਰ ਮੈਂ ਆਪਣੀ ਜਾਨ ਤੇ ਖੇਡ ਜਾਂਦੀ ਹਾਂ। ਪਿਆਰ ਦੀ ਜਗਵੇਦੀ ਪਰ ਸਦਕੇ ਹੋਣਾ ਬਿਹਤਰ ਹੈ, ਲਓ ਮੈਂ ਚੱਲੀ, ਅਰ ਕਟਾਰੀ ਪੇਟ ਵਿੱਚ ਮਾਰੀ।

ਪਰ ਸਿੰਘ ਜੀ ਦੇ ਫੁਰਤੇ ਹੱਥ ਨੇ ਛੁਰੀ ਪੇਟ ਦੇ ਲਾਗੇ ਅੱਪੜਨ ਤੋਂ ਪਹਿਲੇ ਹੀ ਬੇਗਮ ਦਾ ਹੱਥ ਫੜ ਲਿਆ ਅਰ ਕਿਹਾ ਕਿ ਤੂੰ ਇਹ ਪਾਪ ਸਾਡੇ ਸਿਰ ਨਾ ਚਾੜ੍ਹ ਤੇ ਅਸੀਂ ਤੇਰੀ ਖਾਤਰ ਦੁੱਖ ਝੱਲਦੇ ਹਾਂ, ਜਾਹ ਤਿਆਰੀ ਕਰ ਅਸੀਂ ਵਿਆਹ ਕਰ ਲਵਾਂਗੇ। ਉਹ ਤਾਂ ਖੁਸ਼ ਹੋ ਕੇ ਗਈ, ਉਧਰ ਸਿੰਘ ਹੁਰਾਂ ਦੇ ਸਾਮ੍ਹਣੇ ਇਕ ਬਲੀ ਨਿਹੰਗ ਸਿੰਘ - ਜਿਸ ਦਾ ਚਿਹਰਾ ਦੇਖ ਕੇ ਜੀ ਕੰਬ ਜਾਵੇ ਆ ਖੜੋਤਾ ਅਰ ਤਲਵਾਰ ਸੂਤ ਕੇ ਬੋਲਿਆ, ਸਿੰਘਾ! ਇਹ ਕੀ ਬਚਨ ਦਿੱਤਾ ਹਈ, ਕਰਾਂ ਦੋ ਟੂਕ? ਇਹ ਕਹਿ ਤਲਵਾਰ ਵਾਹੀ, ਇਸ ਧਮੱਕ ਵਿੱਚ ਸਿੰਘ ਹੁਰਾਂ ਦੀ ਜਾਗ ਖੁਲ੍ਹ ਗਈ ਤੇ ਅੱਖਾਂ ਮਲ ਮਲ ਕੇ ਚਾਰ ਚੁਫੇਰੇ ਦੇਖਦੇ ਹਨ, ਕਿਤੇ ਬੇਗਮ ਦੀ ਮੁਸ਼ਕ ਨਹੀਂ, ਕਿਤੇ ਨਿਹੰਗ ਸਿੰਘ ਦਾ ਖੋਜ ਨਹੀਂ, ਕਿਤੇ ਤਲਵਾਰ ਨਹੀਂ, ਇਕੱਲਾ ਬਿਜੈ ਸਿੰਘ ਹੈ। ਕਲੇਜੇ ਨੂੰ ਧਕਧਕੀ ਲਗ ਰਹੀ ਹੈ, ਅੱਖਾਂ ਅੱਗੇ ਮੋਮਵੱਟੀ ਦੇ ਜਗਮਗ ਕਰਦਿਆਂ ਬੀ ਹਨ੍ਹੇਰੇ ਦੇ ਗੋਲ ਗੋਲ ਚੱਕਰ ਆ ਜਾ ਰਹੇ ਹਨ। ਘਾਬਰ ਘਾਬਰ ਕੇ ਚਾਰ ਚੁਫੇਰੇ ਨਜ਼ਰ ਦੇ ਦੂਤ ਦੌੜ ਰਹੇ ਹਨ, ਪਰ ਥਹੁ ਨਹੀਂ ਲੱਗਦਾ। ਮੱਥਾ ਤਪ ਰਿਹਾ ਹੈ, ਸਰੀਰ ਦੇ ਵਿੱਚੋਂ ਤਤੇ ਭਬੂਕੇ ਨਿਕਲ ਰਹੇ ਹਨ, ਉਠ ਕੇ ਬਾਹਰ ਛੱਜੇ ਤੇ ਜਾ ਬੈਠੇ। ਠੰਡੀ-ਠੰਡੀ ਹਵਾ ਨੇ ਆਣ ਕੇ ਪਿਆਰ ਦਿੱਤਾ, ਸੀਤਲਤਾ ਨੇ ਗਰਮੀ ਨੂੰ ਚੂਸਿਆ, ਮਨ ਟਿਕਾਣੇ ਆਯਾ ਅਰ ਬਿਜੈ ਸਿੰਘ ਨੂੰ ਤਸੱਲੀ ਹੋਈ ਕਿ ਇਹ ਸਭ ਸੁਪਨਾ ਸੀ ਪਰ ਹਾਇ ਕਹਿਰ, ਸਿੰਘ ਜੀ ਨੂੰ ਆਪਣੇ ਆਪ ਤੇ ਗੁੱਸਾ ਆ ਰਿਹਾ ਹੈ, ਕਿ ਮੈਂ ਸੁਪਨੇ ਵਿੱਚ ਬੀ ਕਿਉਂ ਪਰਾਈ ਇਸਤ੍ਰੀ ਨੂੰ ਵਿਆਹ ਦਾ ਬਚਨ ਦਿੱਤਾ। ਅੱਗੇ ਮੇਰਾ ਦਿਲ ਸੱਜਣ ਸੀ ਪਰ ਹੁਣ ਵੈਰੀ ਹੋ ਗਿਆ ਜਾਪਦਾ ਹੈ। ਜਦ ਬਗਲ ਵਿੱਚ ਰਹਿਣ ਵਾਲਾ ਸੱਜਣ ਹੀ ਵੈਰੀ ਹੋ ਗਿਆ ਹੈ, ਚਾਹੇ ਇਸ ਨੇ ਸੁਪਨੇ ਵਿੱਚ ਸਾਥ ਛੱਡਿਆ ਹੈ, ਤਦ ਹੁਣ ਕਿਸ ਤੇ ਆਸ ਰੱਖੀ ਜਾਏ ਕਿ ਔਕੜ ਵੇਲੇ ਰੱਖਿਆ ਕਰੇਗਾ? ਚਾਰ ਚੁਫੇਰੇ ਸਤ ਧਰਮ ਤੋਂ ਡੇਗਣੇ ਵਿੱਚ ਲੋਕੀ ਹਨ, ਇੱਕ ਆਪਣਾ ਮਨ ਸੱਜਣ ਸੀ, ਚਾਹੇ ਇਸ ਨੇ ਨੀਂਦ ਵਿੱਚ ਸਾਥ ਛੱਡਿਆ ਹੈ, ਪਰ ਛੱਡਿਆ ਤਾਂ ਹੈ ਨਾ, ਖਬਰੇ ਜਾਗ੍ਰਤ ਵਿੱਚ ਬੀ ਨਾ ਕਦੇ ਧੋਖਾ ਦੇ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਹੈ ਕਿ ਸੁਪਨੇ ਵਿੱਚ ਬੀ ਨਾਮ ਹੀ ਚਿੱਤ ਆਵੇ ਤਾਂ ਚੰਗਾ ਹੈ। ਹਾਂ ਸੁਪਨੇ ਵਿੱਚ ਬੀ ਸਾਵਧਾਨੀ ਲੋੜੀਏ। ਇਹ ਕਹਿੰਦਿਆਂ ਆਪ ਨੇ ਆਪਣੇ ਬੁੱਲ੍ਹ ਟੁੱਕੇ ਅਰ ਕਦੀ ਨਾ ਡੋਲੇ ਸਿੰਘ ਜੀ ਨੇ ਦਿਲ ਤਰਬਾਂ ਨੂੰ ਖਿੱਚਿਆ। ਜਿਨ੍ਹਾਂ ਅੱਖਾਂ ਨੇ ਬੜੇ ਬੜੇ ਕਸ਼ਟਾਂ ਵਿੱਚ ਹੰਝੂਆਂ ਦੀ ਵਾਕਬੀ ਨਹੀਂ ਕੀਤੀ, ਇਸ ਵੇਲੇ ਕੁਛ ਸਜਲ ਹੋ ਆਈਆਂ ਸਨ।

ਖਾਲਸਾ ਜੀ! ਆਪਣੇ ਬਜ਼ੁਰਗਾਂ ਦੇ ਜਤ ਸਤ ਵੱਲ ਧਿਆਨ ਕਰੋ ਕਿ ਸੁਪਨੇ ਵਿੱਚ ਨਿਰਾ ਗੱਲਾਂ ਮਾਤ੍ਰ ਦੇ ਕਰਨੇ ਤੇ ਦੁਖੀ ਹੋ ਰਹੇ ਹਨ। ਸਿੱਖਾਂ ਦੇ ਤੇਜ ਪ੍ਰਤਾਪ ਦਾ ਇਹੋ ਭੇਦ ਸੀ, ਸੋ ਸਾਨੂੰ ਮਾਲੂਮ ਨਾ ਰਹਿਣ ਕਰਕੇ ਅਸੀਂ ਔਖੇ ਹੋ ਰਹੇ ਹਾਂ।

ਜਤ ਸਤ ਦੇ ਪ੍ਰਤਾਪ ਨਾਲ ਸਰੀਰ ਪੁਸ਼ਟ ਤੇ ਤੇਜਵਾਨ ਹੁੰਦਾ ਹੈ, ਅਰ ਸੰਤਾਨ ਬਲਵਾਨ ਹੁੰਦੀ ਹੈ, ਆਪਣੀ ਆਤਮਾ ਸਵੱਛ ਅਰ ਸੰਤਾਨ ਦੀ ਆਤਮਾ ਨਿਰਮਲਤਾਈ ਵੱਲ ਰੁਖ ਕਰਦੀ ਹੈ। ਜੋ ਲੋਕ ਇਸ ਗੁਣ ਨੂੰ ਧਾਰਨ ਕਰਦੇ ਹਨ ਸੋ ਸਦਾ ਸੰਸਾਰ ਪਰ ਵਧਦੇ ਹਨ, ਜੋ ਇਸ ਗੁਣ ਨੂੰ ਛੱਡਦੇ ਹਨ ਆਪਣੇ ਪੈਰੀਂ ਆਪ ਕੁਹਾੜਾ ਮਾਰਦੇ ਹਨ। ਭਰਥਰੀ ਕਹਿੰਦਾ ਹੈ ਨਾ ਸਮਝੋ ਕਿ ਤੁਸੀਂ ਭੋਗਾਂ ਨੂੰ ਭੋਗਦੇ ਹੋ, ਨਹੀਂ ਭੋਗ ਤੁਹਾਨੂੰ ਭੋਗਦੇ ਹਨ। ਸਰੀਰ ਬੁੱਢਾ ਹੋ ਜਾਂਦਾ ਹੈ, ਵਾਸ਼ਨਾ ਬੁੱਢੀਆਂ ਨਹੀਂ ਹੁੰਦੀਆਂ, ਇਸ ਤੋਂ ਸਮਝ ਲਵੋ ਕਿ ਭੋਗ ਭੋਗਦੇ ਹੋਏ ਜੀਵ ਆਪ ਭੋਗੇ ਜਾਂਦੇ ਹਨ। ਸਰੀਰ ਦੀ ਤਾਕਤ ਤੇ ਅਰੋਗਤਾ ਅਰ ਆਤਮਾ ਦੀ ਸ਼ੁੱਧੀ ਤੇ ਕੌਮੀ ਉੱਨਤੀ ਦਾ ਪਹਿਲਾ ਅਸੂਲ ਉੱਚਾ ਸੁੱਚਾ ਆਚਰਨ ਹੈ ਤੇ ਨਾਲ ਬਾਣੀ ਨਾਮ ਦਾ ਅਭਿਆਸ।

ਕੁਝ ਹੌ ਵਰ੍ਹਾਂ ਬੀਤਿਆ ਤਾਂ ਤੁਹਾਡਾ ਐਸ਼੍ਵਰਜ ਸੀ, ਅੱਜ ਨਹੀਂ। ਓਦੋਂ ਭਜਨ ਬੰਦਗੀ ਤੇ ਸੁੱਚੇ ਆਚਰਨ ਨਾਲ ਬਹੁਤਾ ਪਿਆਰ ਸੀ। ਭਾਵੇਂ ਅੱਜ ਬੀ ਸਿੱਖ ਬਹਾਦਰ ਹਨ, ਪਰ ਕਿੱਥੇ ਬਾਬਾ ਦੀਪ ਸਿੰਘ ਤੇ ਬਾਬਾ ਗੁਰਬਖਸ਼ ਸਿੰਘ ਵਾਲੀਆਂ ਰਾਠ ਸੂਰਮਗੜੀਆਂ, ਉਹ ਰਿਸ਼ਟ ਪੁਸ਼ਟ ਸਰੀਰ, ਉਹ ਸ਼ੇਰਾਂ ਵਰਗੀ ਡੀਲ ਉਹ ਹਨ, ਉਹ ਪਰਾਕ੍ਰਮ, ਉਨ੍ਹਾਂ ਵਰਗਾ ਧਰਮ, ਭਰੋਸਾ, ਸਿੱਖੀ ਸਿਦਕ।

## ਕਾਂਡ ਇੱਕੀਵਾਂ

ਜਿਹਾ ਕੁ ਅਸੀਂ ਪਿੱਛੇ ਕਹਿ ਆਏ ਹਾ ਦਰਬਾਰ ਦਾ ਕੰਮ ਵਿਗੜਨ ਲੱਗ ਗਿਆ ਸੀ। ਦਰਬਾਰੀ ਵਿਚਾਰੇ ਬੜੀ ਔਕੜ ਵਿੱਚ ਫਸ ਗਏ। ਜੇ ਬੇਗਮ ਦੇ ਹੁਕਮ ਨੂੰ ਉਡੀਕਦੇ ਤਦ ਕਈ ਕਈ ਦਿਨ ਐਵੇਂ ਬੀਤ ਜਾਂਦੇ, ਜੋ ਬਿਨਾਂ ਪੁੱਛੇ ਕਰਦੇ ਤਦ ਬੇਗਮ ਨਰਾਜ਼ ਹੁੰਦੀ ਅਰ ਨਰਾਜ਼ ਬੀ ਐਸੀ ਕਰੜੀ ਕਿ ਚੰਗੇ ਚੰਗੇ ਅਮੀਰਾਂ ਦੀ ਇੱਜ਼ਤ ਲਾਹ ਸਿਟਦੀ। ਇੱਕ ਦਿਨ ਇੱਕ ਦਲੇਰ ਅਮੀਰ ਨੇ ਸਮਝਾਇਆ, ਸਮਝਣਾ ਤੇ ਕਿਤੇ ਰਿਹਾ ਇਸ ਨੇ ਵਿਚਾਰੇ ਦੀ ਚੰਗੀ ਪਤ ਲਾਹੀ। ਭਿਖਾਰੀ ਖਾਂ ਦੀ ਹੋਣੀ ਅਜੇ ਅੱਖਾਂ ਅੱਗੇ ਤਾਜ਼ਾ ਹੀ ਸੀ, ਸਾਰੇ ਦਰਬਾਰੀਆਂ ਨੇ ਕੱਠੇ ਹੋ ਕੇ ਇੱਕ ਚਿੱਠੀ ਦਿੱਲੀ ਭੇਜ ਦਿੱਤੀ ਅਰ ਆਪ ਘਰੋਂ ਘਰੀਂ ਬੈਠ ਗਏ, ਦਰਬਾਰ ਤੇ ਰਿਆਸਤ ਦਾ ਕੰਮ ਛੱਡ ਦਿੱਤਾ। ਇਹੋ ਜਿਹਾ ਸੁਲੱਖਣਾ ਵੇਲਾ ਸਿੰਘ ਲਭਦੇ ਹੀ ਰਹਿੰਦੇ ਸਨ, ਸੋ ਉਹ ਕੰਮ ਵਿੱਚ ਲਗ ਪਏ ਸਨ ਅਰ ਆਪਣਾ ਸਿੱਕਾ ਬਿਛਾਉਣ ਵਿੱਚ ਤਤਪਰ ਹੋ ਰਹੇ ਸਨ। ਕਰੋੜਾ ਸਿੰਘ ਦੇ ਜੱਥੇ ਵਿੱਚ ਇਹ ਵੇਲਾ ਬਿਜੈ ਸਿੰਘ ਦੇ ਛੁਡਾਉਣੇ ਦਾ ਇੱਕ ਭਾਰੀ ਉੱਤਮ ਸਮਝਿਆ ਗਿਆ। ਇੱਕ ਦਿਨ ਰੌਣੀ ਰੱਖ ਵਿੱਚ ਦੀਵਾਨ ਲੱਗਾ ਹੋਇਆ ਸੀ, ਸਰਦਾਰ ਹੁਰਾਂ ਨੇ ਸ਼ੀਲ ਕੌਰ ਅਰ ਭੁਜੰਗੀ ਨੂੰ ਪੰਥ ਦੇ ਸਾਮ੍ਹਣੇ ਖੜ੍ਹਾ ਕਰ ਕੇ ਸਭ ਨੂੰ ਇਨ੍ਹਾ ਦੇ ਦੁਖਾਂ ਅਰ ਧਰਮ ਪਾਲਣ ਦਾ ਹਾਲ ਸੁਣਾਇਆ ਅਰ ਨਾਲ ਹੀ ਬਿਜੈ ਸਿੰਘ ਜੀ ਦੇ ਕਿਲ੍ਹੇ ਵਿੱਚ ਫਸਦੇ ਹੋਣ ਦੇ ਹਾਲ ਦੱਸੇ ਕਿ ਕਿਸ ਕਿਸ ਪ੍ਰਕਾਰ ਦੇ ਲਾਲਚਾਂ ਦੇ ਸਮੁੰਦਰ ਵਿੱਚ ਅਡੋਲ ਖੜ੍ਹੇ ਹਨ। ਇਹ ਸਾਰੇ ਸਮਾਚਾਰ ਸੁਣ ਕੇ ਖਾਲਸਾ ਜੀ ਨੇ ਧੰਨ ਕੀਤੀ ਅਰ ਫੇਰ ਸਭ ਨੇ ਕਿਹਾ ਕਿ ਚਲੋ ਹੁਣ ਉਨ੍ਹਾਂ ਨੂੰ ਕੱਢੀਏ। ਕਰੋੜਾਂ ਸਿੰਘ ਨੇ ਪੁੱਛਿਆ ਕਿ ਕੀਕੂੰ ਕੰਮ ਕੀਤਾ ਜਾਏ, ਕੁਝ ਸਲਾਹ ਦੱਸੋ? ਉਸ ਵੇਲੇ ਕਈ ਸਿੰਘਾਂ ਨੇ ਸਲਾਹ ਦੱਸੀ। ਇੱਕ ਨੇ ਕਿਹਾ ਇਕ ਦਮ ਕੂਚ ਕਰਕੇ ਜਾ ਪਵੋ। ਇਕ ਨੇ ਕਿਹਾ ਸਾਰਾ ਪੰਥ ਇਕੱਠਾ ਕਰ ਕੇ ਖੂਬ ਜੰਗ ਕਰੋ। ਸਰਦਾਰ ਹੋਰੀਂ ਬੋਲੇ ਕਿ ਭਾਵੇਂ ਪਾਤਸ਼ਾਹੀ ਢਿੱਲੀ ਹੋਈ ਪਈ ਹੈ ਪਰ ਦਿਨ ਦੀਵੀਂ ਤੇ ਖੁਲ੍ਹਮ ਖੁਲ੍ਹੇ ਲਾਹੌਰ ਪਹੁੰਚਣਾ ਕਠਨ ਹੈ। ਭਾਵੇਂ ਵੈਰੀ ਆਪੋ ਵਿੱਚ ਪਾਟ ਪਏ ਹਨ, ਪਰ ਸਾਡੇ ਗਿਆਂ ਸਭ ਨੇ ਇੱਕ ਹੋ ਜਾਣਾ ਹੈ। ਜੋ ਪੰਥ ਇਕੱਠਾ ਕਰੀਏ ਤਾਂ ਵਕਤ ਨਹੀਂ ਕਿਉਂਕਿ ਪੰਜਾਬ ਦੇ ਦੋ ਦਾਹਵੇਦਾਰ ਬਣੀ ਬੈਠੇ ਹਨ। ਇੱਕ ਦਿੱਲੀ ਦੂਜਾ ਕਾਬਲ। ਦੁਹਾਂ ਨੂੰ ਖਬਰ ਪਹੁੰਚ ਪਈਆਂ ਹੋਣਗੀਆਂ ਅਰ ਕਿ ਨਾਸੇ ਕਿਸੇ ਨੇ ਉਸ ਵੇਲੇ ਤਕ ਪਹੁੰਚ ਪੈਣਾ ਹੈ। ਕੋਈ ਹੋਰ ਡੌਲ ਕੱਢੋ ਕਿ ਜਿਦ ਕਰਕੇ ਸੱਪ ਬੀ ਮਰੇ ਤੇ ਸੋਟਾ ਬੀ ਬਚੇ।

ਇਹ ਸੁਣ ਕੇ ਸਾਰੇ ਸਿਆਣੇ ਚੁੱਪ ਹੋ ਗਏ ਅਰ ਡੂੰਘੀ ਸੋਚ ਵਿੱਚ ਪੈ ਗਏ, ਪਰ ਭੁਜੰਗੀ ਹੱਥ ਜੋੜ ਕੇ ਖਲੋ ਗਿਆ ਤੇ ਬੋਲਿਆ, ਬਾਪੂ ਜੀ! ਕਿਉਂ ਨਾ ਸਾਰੇ ਸਿੰਘ ਭੇਸ ਵਟਾ ਕੇ ਅੱਡ ਅੱਡ ਰਸਤਿਆਂ ਥਾਣੀਂ ਲਾਹੌਰ ਦੇ ਕੋਲ ਰਾਵੀ ਦੇ ਝੱਲ ਵਿੱਚ ਜਾ ਕੱਠੇ ਹੋਣ ਅਰ ਹਨ੍ਹੇਰੇ ਹੋਏ ਚਾਣਚੱਕ ਕਿਲ੍ਹੇ ਵਿੱਚ ਵੜ ਕੇ ਪਿਤਾ ਜੀ ਨੂੰ ਛੁਡਾ ਲਿਆਉਣ।

ਕ੍ਰੋੜਾ ਸਿੰਘ ਸੁਣ ਕੇ ਹੀ ਮੁਸਕਰਾ ਪਿਆ। ਮੁੜ ਮੁੜ ਭੁਜੰਗੀ ਦੇ ਚਿਹਰੇ ਵੱਲ ਤੱਕੇ, ਛੇਕੜ ਗਲ ਨਾਲ ਲਾ ਕੇ ਬੋਲਿਆ, 'ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ'। ਭੁਜੰਗੀ ਦੀ ਸਲਾਹ ਨੂੰ ਮਸਤਾਨਾ ਸਿੰਘ ਤੇ ਧਰਮ ਸਿੰਘ ਨੇ, ਜੋ ਕ੍ਰੋੜਾ ਸਿੰਘ ਦੇ ਸੱਜੇ ਖੱਬੇ ਹੱਥ ਸਨ, ਬਹੁਤ ਪਸੰਦ ਕੀਤਾ ਅਰ ਹੋਰ ਸਾਰੇ ਸਿੰਘਾਂ ਨੇ ਵਾਹ ਵਾਹ ਕੀਤੀ।

ਸਿੰਘਾਂ ਨੇ ਅੱਡ ਅੱਡ ਵੇਸ ਕਰ ਲਏ, ਕੋਈ ਪਠਾਣ, ਕੋਈ ਮੁਗਲ, ਕੋਈ ਰਾਜਪੂਤ, ਕੋਈ ਜ਼ਿਮੀਂਦਾਰ ਬਣ ਗਿਆ ਤੇ ਕੂਚ ਕਰ ਦਿੱਤੀ। ਇਸ ਤਰ੍ਹਾਂ ਯਕਾ ਦੁੱਕਾ ਹੋ ਕੇ ਸਾਰੇ ਰਾਵੀ ਦੇ ਝੱਲ ਵਿੱਚ ਆ ਕੱਠੇ ਹੋਏ। ਸੂਹੀਏ ਭੇਜ ਕੇ ਖਬਰਾਂ ਲਈਆਂ ਤਾਂ ਪਤਾ ਲੱਗਾ ਕਿ ਫੌਜ ਸਾਰੀ ਮੀਆਂ ਮੀਰ ਫਕੀਰ ਦੇ ਰੋਜ਼ ਲਾਗਲ ਮੈਦਾਨ ਵਿੱਚ ਕਿਸੇ ਤਿਆਰੀ ਲਈ ਇਕੱਠੀ ਹੋ ਰਹੀ ਹੈ। ਕਿਲ੍ਹੇ ਅੱਗੇ ਪਹਿਰਾ ਥੋੜ੍ਹਾ ਹੀ ਹੁੰਦਾ ਹੈ, ਅੰਦਰ ਬੀ ਥੋੜ੍ਹੀ ਜਿਹੀ ਸੈਨਾ ਹੈ। ਇਹ ਸਾਰੇ ਭੇਤ ਉਸ ਗੱਲੀ ਨੇ ਦੱਸੇ ਜਿਸ ਨੇ ਸ਼ੀਲ ਕੌਰ ਨੂੰ ਜ਼ਹਿਰ ਪਿਲਾਈ ਸੀ। ਇਹ ਤਦ ਤੋਂ ਮਨ ਵਿੱਚ ਐਸੀ ਪਛੁਤਾਈ ਸੀ ਕਿ ਬਿਜੈ ਸਿੰਘ ਦੀ ਲੁਕ ਛੁਪ ਕੇ ਸਹਾਇਤਾ ਕਰਦੀ ਤੇ ਬਾਹਰ ਖਬਰਾਂ ਲੈ ਦੇ ਆਉਂਦੀ। ਅੱਜ ਕਿਸੇ ਕੰਮ ਕਿਲ੍ਹਿਓਂ ਬਾਹਰ ਨਿਕਲੀ ਤਾਂ ਪਹਿਲਾਂ ਪੰਜਵੀਂ ਪਾਤਸ਼ਾਹੀ ਦੇ ਡੇਹਰੇ ਦੇ ਕੱਚੇ ਕੋਠੇ ਵਿੱਚ ਸੂਰਮਾਂ ਸਿੰਘ ਹੋਰਾਂ ਪਾਸ ਗਈ। ਉਥੇ ਹੀ ਭਾਈ ਰਮਤਾ ਸਿੰਘ ਜੀ ਸੂੰਹੀਆਂ ਆਇਆ ਬੈਠਾ ਸੀ; ਉਹ ਉਸ ਨੂੰ ਝੱਟ ਸਰਦਾਰ ਪਾਸ ਲੈ ਗਿਆ। ਉਥੇ ਉਸ ਨੇ ਸਾਰਾ ਭੇਤ ਸਰਦਾਰ ਜੀ ਨੂੰ ਜਾ ਦੱਸਿਆ ਅਰ ਭਰੋਸਾ ਦਿਵਾਇਆ ਕਿ ਮੈਂ ਆਪ ਜੀ ਨੂੰ ਸਿੱਧਾ ਬਿਜੈ ਸਿੰਘ ਦੇ ਕੋਠੇ ਵਿੱਚ ਲੈ ਚੱਲਾਂਗੀ।

ਜਦ ਘੁਸਮਸਾਲਾ ਹੋਗਾ ਤਦ ਅਚਾਨਕ ਕਿਲੇ ਦੇ ਬੂਹੇ ਅੱਗੇ ਦਸ ਆਦਮੀ ਆ ਨਿਕਲੇ, ਜਿਨ੍ਹਾਂ ਨੇ ਪਹਿਰੇਦਾਰਾਂ ਨਾਲ ਦੋ ਹੱਥ ਕੀਤੇ। ਪਹਿਰੇ ਵਾਲੇ ਆਦਮੀ ਅਚਾਨਕ ਘਿਰੇ ਘਬਰਾ ਕੇ ਮੁਕਾਬਲਾ ਠੀਕ ਨਾ ਕਰ ਸਕੇ ਤੇ ਜ਼ਖਮੀ ਹੋ ਕੇ ਡਿੱਗ ਪਏ। 'ਬਿਜੈ ਡੰਕ' ਦਾ ਅਵਾਜ਼ਾ ਹੋਯਾ ਅਰ ਝਟ ਪੰਜਾਹ ਕੁ ਜਵਾਨ ਸਨੱਧਬਧ ਯਕਾਯਕ ਪਿਛੋਂ ਨਿਕਲ ਆਏ ਤੇ ਕਿਲ੍ਹੇ ਦੇ ਅੰਦਰ ਵੜ ਗਏ। ਪਿਛੋਂ ਪੰਜਾਹ ਕੁ ਆਦਮੀ ਹੋਰ ਆਏ ਤੇ ਦਰਵਾਜ਼ੇ ਪੁਰ

ਪਹਿਰੇ ਤੇ ਹੋ ਗਏ। ਇੰਨੇ ਕੁ ਹੋਰ ਆਏ ਤੇ ਅੰਦਰ ਵਧੇ ਅਰ ਸੌ ਸੌ ਕਦਮ ਉੱਤੇ ਜਿਉਂ-ਜਿਉਂ ਅੱਗੇ ਵਧਦੇ ਗਏ, ਚਹੁੰ ਚਬੂੰ ਦਾ ਪਹਿਰਾ ਖੜ੍ਹਾ ਕਰੀ ਗਏ। ਪਿਛੇ ਕੁਛ ਵਾਟ ਤੇ ਹੋਰ ਸੈਨਾ ਸੀ, ਸੋ ਸੀਟੀ ਦੀ ਆਵਾਜ਼ ਤੇ ਜੁਆਨ ਹੋਰ ਘੱਲ ਦੇਂਦੀ ਸੀ। ਗੋਲੀ ਰਸਤਾ ਦੱਸਦੀ ਗਈ ਅਰ ਮਸਤਾਨ ਸਿੰਘ ਜੀ ਜੁਆਨਾਂ ਨੂੰ ਅੱਗੇ ਅੱਗੇ ਕਰੀ ਗਏ, ਤਦੇ ਖਬਰ ਜੋ ਬਿਜੈ ਸਿੰਘ ਦੇ ਕੋਠੇ ਅੱਗੇ ਜਾ ਠਹਿਰੇ। ਬੂਹੇ ਦੀਆਂ ਝੀਤਾਂ ਥਾਣੀਂ ਨਜ਼ਰ ਕੀਤੀ ਤਾਂ ਡਿੱਠਾ - ਅਸਚਰਜ ਕੌਤਕ ਹੈ, ਕਮਰਾ ਹੈ ਕਿ ਸੁਰਗ ਦਾ ਨਮੂਨਾ ਹੈ, ਈਰਾਨੀ ਗਾਲੀਚੇ ਤੇ ਮਖਮਲਾਂ ਹੇਠ ਵਿਛੀਆਂ ਹਨ, ਮੋਰਪੰਖ ਦੀ ਉਣਤ ਦੇ ਪਲੰਘ ਲੱਗ ਰਹੇ ਹਨ, ਸੋਨੇ ਚਾਂਦੀ ਦੀਆਂ ਚੌਂਕੀਤ ਸਜ ਰਹੀਆਂ ਹਨ। ਛੱਤ ਸ਼ੀਸ਼ਿਆਂ ਦੀ ਜੜਤ ਵਾਲੀ ਝਿਲਮਿਲ ਝਿਲਮਿਲ ਕਰ ਰਹੀ ਹੈ। ਹਜ਼ਾਰਾਂ ਰੁਪਿਆਂ ਦੇ ਝਾੜ ਫਾਨੂਸ ਮੋਮਬੱਤੀਆਂ ਨੂੰ ਲੈ ਕੇ ਜਗਮਗ, ਜਗਮਗ ਕਰ ਰਹੇ ਹਨ। ਕੰਧਾਂ ਪੁਰ ਤਰ੍ਹਾਂ ਤਰ੍ਹਾਂ ਦੀਆਂ ਸੁੰਦਰ ਮੂਰਤਾ ਲਟਕ ਰਹੀਆਂ ਹਨ। ਖੁਸ਼ਬੋ ਅੰਦਰ ਇੰਨੀ ਹੈ ਕਿ ਕੋਈ ਜਾਣ ਚੋਹੇ ਦੇ ਗੁਲਾਬ ਦਾ ਸਾਰਾ ਅਤਰ ਇੱਥੇ ਆ ਡੁੱਲ੍ਹਿਆ ਹੈ। ਚਾਰ ਅਤਿ ਸੁੰਦਰ ਜੁਆਨ ਮੁਟਿਆਰਾਂ ਬੈਠੀਆਂ ਸਿੰਘ ਹੁਰਾਂ ਨੂੰ ਸਮਝਾ ਰਹੀਆਂ ਹਨ ਕਿ ਅਜੇ ਵੇਲਾ ਹੈ ਸਮਝ ਜਾਓ, ਨਹੀਂ ਤਾਂ ਸਵੇਰੇ ਬੇਗਮ ਕੁਝ ਨਾ ਕੁਝ ਕਰ ਬੈਠੇਗੀ। ਸਿੰਘ ਹੁਰਾਂ ਦੇ ਨਾ ਮੰਨਣ ਪਰ ਅਰ ਕਰੜੇ ਹਠ ਦੇ ਨਾ ਟੁਟਣੇ ਪਰ ਇਹ ਗੋਲੀਆਂ ਗੁੰਮ ਹੋ ਗਈਆਂ ਅਰ ਚਾਰ ਕਾਲੇ ਹਬਸ਼ੀਆਂ ਨੇ ਨਿਕਲ ਕੇ ਸਿੰਘ ਹੁਰਾਂ ਦੇ ਗਿਰਦੇ ਨੰਗੀਆਂ ਤਲਵਾਰਾਂ ਚਮਕਾਈਆਂ, ਦੀਦੇ ਪਾੜ ਪਾੜ ਕੇ ਡਰਾਇਆ, ਪਰ ਉਹ ਰੱਬ ਦਾ ਪਿਆਰਾ ਨਾ ਸੁੰਦਰ ਇਸਤਰੀਆਂ ਕਰ ਕੇ ਖੁਸ਼ ਸੀ, ਨਾ ਡਰਾਉਣੇ ਹਬਸ਼ੀਆਂ ਦੇ ਭੈ ਕਰਕੇ ਡਰਿਆ। ਇਸ ਕੌਤਕ ਨੂੰ ਦੇਖ ਮਸਤਾਨ ਸਿੰਘ ਨੇ ਸੋਚਿਆ ਕਿ ਜੇ ਕਾਹਲ ਕੀਤੀ ਤਦ ਇਹ ਹਬਸ਼ੀ ਸਾਡੇ ਪਹੁੰਚਣ ਤੋਂ ਪਹਿਲੇ ਪਹਿਲੇ ਤਲਵਾਰ ਚਲਾ ਦੇਣਗੇ, ਉਡੀਕਦੇ ਹਾਂ ਤਾਂ ਵਕਤ ਥੋੜ੍ਹਾ ਹੈ, ਅਸੀਂ ਭਾਰੀ ਦੁਸ਼ਮਨ ਦੇ ਘਰ ਵਿੱਚ ਖੜੋਤੇ ਹਾਂ। ਜਿੰਨੀ ਛੇਤੀ ਹੋ ਸਕੇ ਨਿਕਲ ਚੱਲੀਏ ਤਾਂ ਹੀ ਠੀਕ ਹੈ। ਇੰਨੇ ਨੂੰ ਕਰੋੜਾਂ ਸਿੰਘ ਆ ਗਿਆ, ਉਸ ਨੇ ਭੀ ਝੀਤਾਂ ਵਿੱਚੋਂ ਡਿੱਠਾ। ਅਕਲ ਦੇ ਕੋਟ ਨੇ ਝੱਟ ਪਟ ਗੋਲੀ ਨੂੰ ਕਿਹਾ - ਕਿਆ ਕੋਈ ਹੋਰ ਰਸਤਾ ਅੰਦਰ ਜਾਣ ਦਾ ਨਹੀਂ ਹੈ? ਉਹ ਬੋਲੀ ਕਿ ਹਾਂ ਹੈ, ਮੈਂ ਪਿਛਲੇ ਪਾਸੇ ਦੀ ਬਾਰੀ ਥਾਣੀ ਅੰਦਰ ਜਾ ਸਕਦੀ ਹਾਂ।

ਕਰੋੜਾ ਸਿੰਘ - ਕੀ ਬੇਗਮ ਤੇਰੇ ਪਰ ਸੱਕੀ ਤਾਂ ਨਹੀਂ?

ਗੋਲੀ - ਜੀ ਨਹੀਂ।

ਕਰੋੜਾਂ ਸਿੰਘ - ਜਾਹ ਫੇਰ ਛੇਤੀ ਕਰ ਅੰਦਰ ਵੜ ਕੇ ਹਬਸ਼ੀਆ ਨੂੰ ਕੋਈ ਹਫਲਾ-ਤਫਲੀ ਪਾ ਦਿੱਤੀ, ਛੇਤੀ ਜਾਓ, ਬੇਗਮ ਦੇ ਕਮਰੇ ਵੱਲ ਦੌੜੋ ਕਿਲ੍ਹੇ ਵਿੱਚ ਕੋਈ ਓਪਰੇ ਆ ਗਏ ਹਨ। ਓਹ ਹਬਸ਼ੀ ਗੋਲੀ ਨੂੰ ਜਾਣਦੇ ਸੇ, ਉਠ ਨੱਸੇ। ਉਨ੍ਹਾਂ ਨੇ ਪਿੱਠ ਦਿੱਤੀ ਸੀ ਕਿ ਮਸਤਾਨ ਸਿੰਘ ਨੇ ਬੰਦੂਕ ਦੇ ਕੁੰਦੇ ਦੀ ਹੁੱਝ ਦੇ ਕੇ ਬੂਹਾ ਤੋੜ ਦਿੱਤਾ ਅਰ ਦੂਜੀ ਛਿਨ ਵਿੱਚ ਕ੍ਰੋੜਾ ਸਿੰਘ ਹੁਰੀਂ ਇਹ ਗਾਉਂਦੇ ਹੋਏ, 'ਜਨ ਨਾਨਕ ਅੰਗੁ ਕੀਆ ਪ੍ਰਭਿ ਕਰਤੈ ਜਾ ਕੈ ਕੋਟਿ ਐਸੀ ਦਾਸਾਇ।' ਸਿੰਘ ਹੁਰਾਂ ਦੀ ਜਾ ਜੱਫੀ ਭਰੀ ਅਰ ਕਲਾਈ ਵਿੱਚ ਲੈ ਕੇ ਬਾਹਰ ਆਏ। ਸਤਿ ਸ੍ਰੀ ਅਕਾਲ ਹੌਲੀ ਹੌਲੀ ਗੱਜਿਆ ਜਿੱਕੁਰ ਸਿਆਲੇ ਦੀ ਤਰੇਲ ਪੈਂਦੀ ਹੈ। ਮਸਤਾਨ ਸਿੰਘ ਤੇ ਧਰਮ ਸਿੰਘ ਜੱਫੀ ਪਾ ਮਿਲੇ, ਸਿੰਘ ਹੁਰਾਂ ਅਚੰਭੇ ਹੋ ਕੇ ਫਤਹਿ ਗਜਾਈ, ਪਰ ਸਮੇਂ ਦੇ ਭੀੜੇ ਹੋਣ ਕਰਕੇ ਸਰਦਾਰ ਨੇ ਪਿੱਛੇ ਨੂੰ ਕੂਚ ਦਾ ਬੋਲਾ ਤੁਰੰਤ ਦੇ ਦਿੱਤਾ। ਚੁੱਪ ਚੁਪਾਤੀ ਖਾਲਸੇ ਦੀ ਫੌਜ ਪਿਛਲੇ ਪਾਸੇ ਮੁੜੀ। ਇਕ ਜਿਹਲਖਾਨੇ ਦੇ ਬੂਹੇ ਅੱਗੇ ਕੁਛ ਸਿਪਾਹੀ ਪਹਿਰਾ ਦੇ ਰਹੇ ਨਜ਼ਰ ਪਏ, ਉਨ੍ਹਾਂ ਬੰਦੂਕ ਸਰ ਕੀਤੀ, ਖਾਲਸੇ ਦੀਆਂ ਤਲਵਾਰਾਂ ਨੇ ਹੱਥੋਂ ਹੱਥੀ ਨਿਬੇੜਾ ਕੀਤਾ ਤੇ ਆਪ ਅੱਗੇ ਵਧੇ। ਇਹ ਅਜੇ ਕਿਲ੍ਹੇ ਦੇ ਬਾਹਰ ਨਹੀਂ ਹੋਏ ਸਨ ਕਿ ਕਿਲ੍ਹੇ ਵਿਚੋਂ ਬੜੇ ਘਮਸਾਨ ਤੇ ਰੌਲੇ ਦੀ ਅਵਾਜ਼ ਉਠ ਪਈ। ਤੁਰੀਆਂ ਵਜ ਰਹੀਆਂ ਸਨ ਤੇ ਸੱਜੇ ਖੱਬੇ ਬੇਤੁਕੀਆਂ ਬੰਦੂਕਾਂ ਦੀ ਠਾਹਠੂਹ ਹੋ ਰਹੀ ਸੀ, ਅਰ ਵਿੱਚ ਬੇਗਮ ਦੀ ਕ੍ਰੋਧ ਭਰੀ ਆਵਾਜ਼ ਕੜਕਦੀ ਸੁਣਾਈ ਦਿੰਦੀ ਸੀ। ਸਿੰਘ ਅਜੇ ਕਿਲ੍ਹੇ ਦੇ ਬੂਹੇ ਤਕ ਪਹੁੰਚੇ ਹੀ ਸਨ ਕਿ ਤਿੰਨ ਚਾਰ ਮਤਾਬ ਅਕਾਸ਼ ਵਿੱਚ ਚੜ੍ਹਾਏ ਮਾਨੋ ਦਿਨ ਚੜ੍ਹ ਗਿਆ। ਤੁਰਕਾਂ ਦੇਖ ਲਿਆ, ਸਿੱਖਾਂ ਦੀ ਫੌਜ ਹੈ, ਅਤੇ ਦਰਿਆ ਨੂੰ ਜਾ ਰਹੀ ਹੈ। ਇਸ ਹਾਲਤ ਨੂੰ ਕ੍ਰੋੜਾ ਸਿੰਘ ਨੇ ਬੀ ਦੇਖ ਲਿਆ ਅਰ ਸੋਚਿਆ ਕਿ ਇਨ੍ਹਾਂ ਨੇ ਦੋ ਚਾਰ ਤੋਪਾਂ ਸਰ ਕਰ ਦੇਣੀਆਂ ਹਨ, ਅਰ ਸਾਡਾ ਨੁਕਸਾਨ ਬਹੁਤ ਹੋਵੇਗਾ। ਪਰ ਇਹ ਜਾਣਦਾ ਸੀ ਕਿ ਤੋਪਾਂ ਭਰਦਿਆਂ ਬੀ ਇਨ੍ਹਾਂ ਨੂੰ ਚਿਰ ਲੱਗੇਗਾ, ਇ ਕਰਕੇ ਤੁਰੰਤ 'ਹਰਨ' ਦਾ ਹੁਕਮ ਦਿੱਤਾ। ਫੌਜ ਸਰਪੱਟ ਹੋ ਦੌੜੀ। ਸ਼ੁਕਰ ਹੈ ਕਰਤਾਰ ਦਾ ਅਰ ਸਾਬਾਸ਼ ਹੈ ਜਥੇਦਾਰ ਦੇ ਅਕਲ ਦੇ ਕਿ ਉਹ ਤੋਪਦੇ ਗੋਲੇ ਸਰ ਹੋਣ ਤੋਂ ਪਹਿਲੇ ਪਹਿਲੇ ਗੋਲੇ ਦੀ ਮਾਰ ਤੋਂ ਪਰੇ ਨਿਕਲ ਗਏ। ਇੰਨੇ ਤਾਈਂ ਦਰਿਆ ਦਾ ਗਾੜ੍ਹਾ ਝੱਲ ਆ ਗਿਆ ਅਰ ਸਿੰਘਾਂ ਦਾ ਦਲ ਝੱਪ ਵਿੱਚ ਵੜ ਕੇ ਰਾਤੋ ਰਾਤ ਕੁਝ ਮੀਲ ਪੈਂਡਾ ਨਿਕਲ ਕੇ ਇੱਕ ਭਾਰੀ ਰੱਖ ਵਿੱਚ ਜਾ ਲੁਕਿਆ। ਜਿਥੇ ਜਾ ਕੇ ਬਿਸ਼ਰਾਮ ਕੀਤਾ ਵਿਛੜੇ ਮਿਲੇ, ਦਿਲਾਂ ਦੇ ਦੁੱਖ ਵੰਡੇ ਤੇ ਕਰਤਾਰ ਦਾ ਸ਼ੁਕਰ ਕੀਤਾ।

ਬਿਜੈ ਸਿੰਘ ਹੋਰਾਂ ਫੇਰ ਉਹੋ ਕੰਮ ਸੰਭਾਲਿਆ, ਸ਼ੀਲ ਕੌਰ ਨੇ ਲੰਗਰ ਆਦਿ ਦੀ ਸੇਵਾ ਸਿਰ ਚੁੱਕ ਲਈ, ਪਰ ਹੁਣ ਦਿਨ ਜ਼ਰਾ ਆਰਾਮ ਦੇ ਸਨ, ਇਸ ਲਈ ਕੁਝ ਦਿਹਾੜੇ ਚੰਗੇ ਆਰਾਮ ਦੇ ਬੀਤਣ ਲੱਗੇ ਅਰ ਇਸ ਧਰਮੀ ਟੱਬਰ ਨੇ ਮੁਸੀਬਤਾਂ ਦੇ ਮੂੰਹੋਂ ਛੁਟ ਕੇ ਸੁਖ ਤੇ ਆਰਾਮ ਦੀ ਸ਼ਕਲ ਡਿੱਠੀ।

## ਕਾਂਡ ਬਾਈਵਾਂ

ਉਧਰ ਬੇਗਮ ਦਾ ਹਾਲ ਸੁਣੋ; ਜਦ ਸਿੱਖਾਂ ਦੀ ਫੌਜ ਦੇ ਚੁੱਪ ਚੁਪਾਤੇ ਕਿਲ੍ਹੇ ਵਿੱਚ ਆ ਵੜਨ ਦੀ ਖਬਰ ਲੱਗੀ ਤਾਂ ਬੜੀ ਕ੍ਰੋਧਵਾਨ ਹੋਈ, ਰੋਹ ਚੜ੍ਹ ਗਿਆ ਅਰ ਕਿਲ੍ਹੇ ਦੇ ਜਮਾਂਦਾਰ ਨੂੰ ਬੁਲਾ ਕੇ ਝਾੜਿਆ। ਉਸ ਨੇ ਬੜੀ ਫੁਰਤੀ ਕੀਤੀ ਪਰ ਫੁਰਤੀਆਂ ਦੇ ਕਾਰਗਰ ਹੋਣ ਤੋਂ ਪਹਿਲੇ ਉਨ੍ਹਾ ਦੀ ਮਾਰ ਤੋਂ ਪਾਰ ਨਿਕਲ ਗਏ ਸਨ। ਝੁੰਜਲਾਈ ਹੋਈ ਬੇਗਮ ਨੇ ਜਮਾਂਦਾਰ ਨੂੰ ਕੈਦ ਕੀਤਾ, ਅਰ ਬਾਕੀ ਫੌਜ ਨੂੰ ਜੋ ਮੀਆਂ ਮੀਰ ਦੇ ਲਾਗ ਉਤਰੀ ਪਈ ਸੀ ਤਿਆਰ ਕਰਵਾ ਕੇ ਸਿੱਖਾਂ ਦੇ ਮਗਰ ਤੋਰਿਆ। ਦੋ ਦਿਨ ਟੱਕਰਾਂ ਮਾਰ ਕੇ ਉਹ ਬੀ ਮੁੜ ਆਏ, ਕਿਉਂਕਿ ਉਨ੍ਹਾਂ ਨੂੰ ਸਿੱਖਾਂ ਦਾ ਖੁਰਾ ਖੋਜ ਬੀ ਨਾ ਲੱਭਿਆ। ਦੋ ਚਾਰ ਦਿਨ ਮਗਰੋਂ ਜਦ ਕ੍ਰੋਧ ਠੰਡਾ ਹੋਇਆ, ਬੇਗਮ ਨੂੰ ਬਿਜੈ ਸਿੰਘ ਦੀ ਗੁਸਤਾਖੀ ਤੇ ਨਿਕਲ ਜਾਣਾ ਦੁਖ ਦੇਣ ਲੱਗਾ, ਸੋ ਵਹਿਣਾਂ ਵਿੱਚ ਡੁੱਬੀ ਰਹੇ। ਇਸ ਦਸ਼ਾ ਵਿੱਚ ਇੱਕ ਹੋਰ ਮੁਸੀਬਤ ਨੇ ਉਸ ਨੂੰ ਆ ਘੇਰਿਆ, ਉਹ ਇੱਕ ਕਿ ਦਰਬਾਰੀਆਂ ਦਾ ਪਾਤਸ਼ਾਹ ਵੱਲ ਸ਼ਿਕਾਇਤ ਲਿਖਣੇ ਦਾ ਹਾਲ ਉਸ

ਨੂੰ ਮਾਲੂਮ ਹੋ ਗਿਆ। ਹੁਣ ਉਹ ਘਾਬਰੀ ਕਿ ਇਹ ਤਾਂ ਪਾਤਸ਼ਾਹੀ ਬੀ ਚੱਲੀ। ਇਸ ਖਬਰ ਨੇ ਉਸ ਦੇ ਢੱਠੇ ਦਿਲ ਵਿੱਚ ਉਲਟਾ ਜੋਸ਼ ਪੈਦਾ ਕੀਤਾ, ਉਸ ਦਾ ਨਰ ਸੁਭਾਉ, ਜੋ ਬਿਜੈ ਸਿੰਘ ਦੇ ਰੂਪ ਤੇ ਗੁਣਾਂ ਨੇ ਇਸਤਰੀ ਕਰ ਦਿਤਾ ਸੀ, ਆਪਣੇ ਅਸਲੇ ਤੇ ਆ ਗਿਆ, ਅਰ ਰਾਜਸੀ ਮਦ ਨੇ ਜੋਸ਼ ਮਾਰ ਕੇ ਛਾਤੀ ਠੁਕਰਾਈ ਕਿ ਹੈਂ ਮੇਰੇ ਉਤੇ ਕੋਈ ਵਾਰ ਕਰ ਸਕੇ? ਹਾਂ ਮੇਰੇ ਤੇ ਵਾਰ ਕਰਕੇ ਮੇਰੇ ਪੁਰ ਕੋਈ ਫਤੇ ਪਾ ਸਕੇ? ਤੇ ਫੇਰ ਆਪ ਸਲਾਮਤ ਰਹਿ ਸਕੇ? ਅਸੰਭਵ ਹੈ। ਤੁਰੰਤ ਬੇਗਮ ਨੇ ਖਾਸ ਮੁਨਸ਼ੀ ਨੂੰ ਬੁਲਾਇਆ ਅਰ ਅਮੀਰ ਕਾਬਲ ਵਲ ਚਿੱਠੀ ਲਿਖੀ ਕਿ ਮੈਨੂੰ ਤ੍ਰੀਮਤ ਜਾਣ ਕੇ ਮੇਰੇ ਦਰਬਾਰ ਦੇ ਸਾਰੇ ਅਮੀਰ ਮੇਰੇ ਨਾਲ ਵੈਰ ਕਰਦੇ ਤੇ ਰਾਜ ਆਪਣੇ ਹੱਥ ਵਿੱਚ ਲੀਤਾ ਚਾਹੁੰਦੇ ਹਨ, ਜੇ ਮੈਂ ਹੁਕਮ ਦਿੰਦੀ ਹਾਂ ਉਲਟਾ ਦਿੰਦੇ ਤੇ ਸਭ ਪਾਸੇ ਆਪ ਹੁਦਰੀਆਂ ਕਰਦੇ ਹਨ। ਪਰਜਾ ਨੂੰ ਲੁਟਦੇ ਹਨ। ਤੇ ਸਿੱਖਾਂ ਨਾਲ ਮਿਲ ਗਏ ਹਨ, ਜਿਨ੍ਹਾਂ ਨੇ ਥਾਂ-ਥਾਂ ਸ਼ੋਰ ਸ਼ਰਾਬਾਂ ਪਾ ਦਿੱਤਾ ਹੈ। ਇਕ ਦਿਨ ਕਿਲ੍ਹੇ ਦੇ ਬੂਹੇ ਖੋਲ੍ਹ ਕੇ ਸਿੱਖਾਂ ਨੂੰ ਅੰਦਰ ਵਾੜ ਦਿਤੋਨੇ। ਕਿਲ੍ਹੇ ਦਾ ਜਮਾਂਦਾਰ ਬੀ ਬੇਈਮਾਨ ਹੋ ਗਿਆ ਹੈ. ਜੇ ਮੈਂ ਆਪ ਨੰਗੇ ਧੜ ਸਿੱਖਾਂ ਨਾਲ ਜੰਗ ਨਾ ਕਰਦੀ ਤਦ ਲਾਹੌਰ ਹੀ ਗਿਆ ਸੀ। ਹੁਣ ਇਹ ਦਿੱਲੀ ਵਾਲਿਆਂ ਨੂੰ ਮੇਰੇ ਤੇ ਹੱਲਾ ਕਰਨ ਲਈ ਉਕਸਾ ਰਹੇ ਹਨ। ਇਸ ਪ੍ਰਕਾਰ ਮੈਂ ਇਨ੍ਹਾਂ ਨਿਮਕ ਹਰਾਮਾਂ ਦੇ ਹੱਥੋਂ ਤੰਗ ਆ ਗਈ ਹਾਂ, ਆਪ ਮੇਹਰਬਾਨੀ ਕਰਕੇ ਕੋਈ ਨੇਕ ਅਫਸਰ ਭੇਜੋ, ਜੋ ਮੇਰੀ ਮਰਜ਼ੀ ਮੁਤਾਬਿਕ ਮੇਰੇ ਹੇਠ ਕੰਮ ਕਰੇ।

ਅਬਦਾਲੀ ਇਹ ਪੜ੍ਹ ਕੇ ਗੁੱਸੇ ਵਿੱਚ ਆ ਗਿਆ ਅਤੇ ਕੁਛ ਵਿਚਾਰ ਕਰਕੇ ਥੋੜ੍ਹੀ ਫੌਜ ਅਰ ਇਕ ਜਹਾਂਦਾਰ ਖਾਂ ਨਾਮੇ ਅਮੀਰ ਲਾਹੌਰ ਨੂੰ ਤੋਰ ਦਿੱਤਾ।

ਇਸ ਨੇ ਆ ਕੇ ਬੇਗਮ ਦੀ ਨਾਇਬੀ ਕਹੋ ਤਾਂ, ਵਜ਼ੀਰੀ ਕਹੋ ਤਾਂ ਆਪਣੇ ਹੱਥ ਵਿੱਚ ਲੀਤੀ ਤੇ ਦੇਸ਼ ਦਾ ਇੰਤਜ਼ਾਮ ਕਰਨੇ ਲੱਗਾ। ਪੁਰਾਣੇ ਅਮੀਰ ਤਾਂ ਮੱਥੇ ਨਾ ਲਗਣ ਤੇ ਨਵੇਂ ਕੰਮ ਨਾ ਸੰਭਾਲ ਸਕਣ, ਜਹਾਂਦਾਰ ਕੁੜਿੱਕੀ ਵਿੱਚ ਫਸ ਗਿਆ। ਬਹੁਤ ਇੰਤਜ਼ਾਮ ਕਰੇ, ਪਰ ਪੇਸ਼ ਕੁਝ ਨਾ ਜਾਵੇ। ਉਧਰੋਂ ਸਿੱਖਾਂ ਨੇ ਭੜਥੂ ਪਾ ਦਿੱਤਾ, ਕਿਸੇ ਥਾਂ ਸੁਖ ਨਾ ਵਰਤੇ। ਸਰਕਾਰੀ ਮਾਮਲਾ ਉਘਰਨਾ ਕਈ ਥਾਂ ਬੰਦ ਹੋ ਗਿਆ। ਜੋ ਉੱਘਰੇ ਸੋ ਰਸਤੇ ਵਿੱਚ ਸਿੱਖਾਂ ਦੇ ਹੱਥੀਂ ਲੁੱਟਿਆ ਜਾਵੇ। ਦੂਰ ਦੂਰ ਦੇ ਇਲਾਕੇ ਤਾਂ ਸਾਰੇ ਸਿੱਖਾਂ ਦੇ ਹੱਥੀਂ ਲੁੱਟਿਆ ਜਾਵੇ। ਦੂਰ ਦੂਰ ਦੇ ਇਲਾਕੇ ਤਾਂ ਸਾਰੇ ਸਿੱਖਾਂ ਸਾਂਭ ਲਏ, ਪਰ ਨੇੜੇ ਵੀ ਸਿੱਖਾਂ ਦੇ ਹੱਥ ਵਜਣੋਂ ਨਾ ਬਚ ਸਕੇ। ਜਹਾਂਦਾਰ ਖਾਂ ਇਕ ਨਵਾਂ, ਦੂਜੇ ਮਦਦ ਕੋਈ ਨਾ ਕਰੇ, ਉਤੋਂ ਬੇਗਮ ਦੇ ਹੁਕਮ ਥੀ ਨੱਕ ਦੀ ਸੇਧੇ, ਮੰਨਣੇ ਪੈਣ, ਉਹ ਚੁਪਾਤੇ ਮੁੜ ਗਿਆ। ਉਸ ਦਾ ਆਉਣਾ ਜਾਣਾ ਇੱਕ ਸੁਪਨੇ ਵਾਂਗੂੰ ਲੰਘ ਗਿਆ। ਗੱਲ ਕੀ ਬਥੇਰਾ ਇੱਟਣ ਪਿੱਟਣ ਹੋਇਆ, ਪਰ ਜਿੱਕੁਰ ਕਈ ਰੋਗ ਦਵਾਵਾਂ ਖਾਧਿਆਂ ਵੀ ਵਧਦਾ ਹੀ ਜਾਂਦਾ ਹੈ ਤਿਵੇਂ ਪੰਜਾਬ ਦਾ ਇੰਤਜ਼ਾਮ ਬਾਨ੍ਹਣ ਬੰਨ੍ਹਦਿਆਂ ਬੀ ਦਿਨੋ ਦਿਨ ਵਿਗੜਦਾ ਗਿਆ। ਪੁਰਾਣੇ ਅਮੀਰ ਸਾਰੇ ਇਸ ਗੱਲ ਨੂੰ ਦੇਖ ਰਹੇ ਸਨ ਅਰ ਕੁਝ ਏਸ ਖਰਾਬੀ ਦਾ ਆਪ ਬੀ ਕਾਰਨ ਸਨ। ਉਹ ਰੋਜ਼ ਦਿੱਲੀ ਖਬਰਾਂ ਭੇਜਦੇ ਸਨ। ਗਾਜ਼ਉਦੀਨ, ਜੋ ਦਿੱਲੀ ਦੇ ਪਾਤਸ਼ਾਹ ਦਾ ਵਜ਼ੀਰ ਸੀ, ਪਰ ਅਸਲ ਵਿੱਚ ਆਪ ਪਾਤਸ਼ਾਹੀ ਕਰਦਾ ਸੀ ਅਰ ਜਿਸਨੇ ਪਾਤਸ਼ਾਹ ਨੂੰ ਕਾਠ ਦੀ ਪੁਤਲੀ ਬਣਾ ਰੱਖਿਆ ਸੀ, ਇਸ ਸਮੇਂ ਨੂੰ ਤਾੜ ਕੇ ਚੋਖੀ ਫੌਜ ਲੈ ਕੇ ਲਾਹੌਰ ਨੂੰ ਤੁਰ ਪਿਆ।

ਜਦ ਇਹ ਖਬਰ ਬੇਗਮ ਨੂੰ ਪਹੁੰਚੀ, ਝਟਪੱਟ ਇਕ ਖਤ ਗਾਜ਼ੀਉਦੀਨ ਵਲ ਲਿਖ ਭੇਜਿਆ ਕਿ ਅਮੀਰਾਂ ਨੇ ਆਪ ਨੂੰ ਧੋਖਾ ਦਿਤਾ ਹੈ, ਮੈਂ ਦਿੱਲੀ ਦੀ ਤਾਬੇਦਾਰ ਹਾਂ, ਜੇਕਰ ਆਪ ਨੂੰ ਸ਼ੱਕ ਹੋਵੇ ਤਦ ਮੈਂ ਆਪ ਦੇ ਸੱਕ ਸਭ ਦੂਰ ਕਰਨ ਲਈ ਤਿਆਰ ਹਾਂ।

ਮੁਹੰਮਦ ਲਤੀਫ ਲਿਖਦਾ ਹੈ - ਜਾਪਦਾ ਹੈ ਕਿ ਮੀਰ ਮੰਨੂੰ ਨੇ ਦਿੱਲੀ ਦਰਬਾਰ ਵਿੱਚ ਆਪਣਾ ਜ਼ੋਰ ਵਧਾਉਣ ਲਈ ਦਿੱਲੀ ਦੇ ਵਜ਼ੀਰ ਗਾਜ਼ੀਉਦੀਨ ਨਾਲ ਆਪਣੀ ਲੜਕੀ ਮੰਗ ਛੱਡੀ ਸੀ। ਪਰ ਮੰਨੂੰ ਦੀ ਮੌਤ ਦੇ ਬਾਅਦ ਮੁਰਾਦ ਬੇਗਮ ਤੇ ਉਸ ਦੀ ਕਾਕੀ ਦੁਇ ਵਿਆਹ ਕਰਨ ਦੇ ਵਿਰੁੱਧ ਸਨ, ਪਰ ਗਾਜ਼ੀਉਦੀਨ ਨੂੰ ਪੱਕੀ ਆਸ ਸੀ। ਉਸ ਨੇ ਜਦ ਲਾਹੌਰ ਦੇ ਪ੍ਰਬੰਧ ਦੀ ਵਰਾਨਗੀ ਸੁਣੀ ਤਾਂ ਪਹਿਲਾਂ ਸੱਯਦ ਜਮੀਲ ਨੂੰ ਘੱਲਿਆ ਕਿ ਬੇਗਮ ਦੀ ਮਦਦ ਕਰੇ। ਜਮੀਲ ਨੇ ਆ ਕੇ ਪ੍ਰਬੰਧ ਸ਼ੁਰੂ ਕਰ ਦਿੱਤਾ। ਅਮੀਰ ਵਿਚਾਰੇ ਘਾਬਰੇ ਹੋਏ ਸਨ, ਕਿ ਇਹ ਨਵਾਂ ਹਾਕਮ ਖਬਰ ਨਹੀਂ ਕੀ ਕਰੇਗਾ, ਪਰ ਉਨ੍ਹਾਂ ਨੇ ਉਸ ਨਾਲ ਮੇਲ ਗੰਢ ਲਿਆ ਅਰ ਅਨੇਕਾਂ ਤਰ੍ਹਾਂ ਨਾਲ ਉਸ ਦਾ ਬੇਗਮ ਵਲੋਂ ਦਿਲ ਚੜ੍ਹਾ ਦਿਤਾ। ਜਮੀਲ ਨੇ ਬੇਗਮ ਦੇ ਹੁਕਮਾਂ ਨੂੰ ਛਿੱਕੇ ਪਰ ਧਰ ਦਿੱਤਾ, ਅਰ ਨਵੇਂ ਨੌਕਰ ਹਟਾ ਕੇ ਸਭ ਪੁਰਾਣੇ ਰੱਖ ਲਏ, ਅਰ ਘਰਾਂ ਤੋਂ ਸੱਦ ਸੱਦ ਕੇ ਉਨ੍ਹਾਂ ਦੇ ਹੁੰਦਿਆਂ ਪੁਰ ਉਨ੍ਹਾਂ ਨੂੰ ਹੀ ਥਾਪ ਦਿੱਤਾ। ਉਧਰ ਵਜ਼ੀਰ ਗਾਜੀਉਦੀਨ ਨੂੰ ਖਤ ਲਿਖ ਕੇ ਬੇਗਮਪੁਰ ਐਸਾ ਸ਼ੱਕੀ ਕਰ ਦਿਤਾ ਕਿ ਉਹ ਮਾਨੋ ਡਿਠੀ ਤਦ ਗਾਜ਼ੀਉਦੀਨ ਵਲ ਉਲਾਂਭੇ ਲਿਖੇ ਅਰ ਜਮੀਲ ਦੀਆਂ ਗੁਸਤਾਖੀਆਂ ਦੇ ਗਿਲੇ ਕਰ ਭੇਜੇ, ਪਰ ਓਸ ਨੇ ਕੰਨੋਂ ਮੁੱਢੀ ਮਾਰ ਲਈ ਅਤੇ ਕਿਸੇ ਪੱਤਰ ਦਾ ਉਤਰ ਨਾ ਦਿੱਤਾ। ਬੇਗਮ ਬੜੇ ਹੌਂਸਲੇ ਵਾਲੀ ਅਰ ਨਰ ਮਿਜ਼ਾਜ਼ ਵਾਲੀ ਸੀ, ਇਕ ਹੋਰ ਹੀਲਾ ਕੀਤੋਸੁ, ਅੰਦਰਖਾਨ ਅਬਦਾਲੀ ਨੂੰ ਸ਼ਿਕਾਇਤ ਲਿਖੀ ਕਿ ਮੇਰੇ ਨਾਲ ਦਿੱਲੀ ਦੇ ਵਜ਼ੀਰ ਨੇ ਸਖਤ ਹੱਤਕ ਦਾ ਸਲੂਕ ਕੀਤਾ ਹੈ। ਅਬਦਾਲੀ ਅੱਗੇ ਹੀ ਦੰਦ ਪੀਹ ਰਿਹਾ ਸੀ। ਇਧਰ ਬੇਗਮ ਦੀ ਕਾਬਲ ਨਾਲ ਜੋੜ ਤੋੜ ਦਾ ਪਤਾ ਗਾਜ਼ੀਉੱਦੀਨ ਨੂੰ ਲੱਗ ਗਿਆ ਸੀ, ਉਹ ਫੌਜ ਲੈ ਕੇ ਲਾਹੌਰ ਨੂੰ ਤੁਰ ਪਿਆ, ਜੈਸਾ ਕਿ ਅਸੀਂ ਉਪਰ ਦੱਸ ਆਏ ਹਾਂ। ਸ਼ਾਹਜ਼ਾਦਾ ਮਿਰਜ਼ਾ ਅਲੀ ਗੌਹਰ, ਜੋ ਆਲਮਗੀਰ ਪਾਤਸ਼ਾਹ ਦਾ ਵੱਡਾ ਸ਼ਾਹਜ਼ਾਦਾ ਸੀ, ਬੀ ਵਜ਼ੀਰ ਦੇ ਨਾਲ ਸੀ। ਮਾਛੀਵਾੜੇ ਪੁੱਜ ਕੇ ਵਜ਼ੀਰ ਨੇ ਡੇਰੇ ਪਾ ਦਿੱਤੇ ਤੇ ਬੇਗਮ ਵੱਲ ਹਲਕਾਰੇ ਘੱਲ ਕੇ ਆਪਣੇ ਵਿਆਹ ਦੀ ਗੱਲਬਾਤ ਛੱਡ ਦਿੱਤੀ ਪਰ ਬੇਗਮ ਇਨ੍ਹਾਂ ਸੁਨਹਿਆਂ ਪੱਤੀਆਂ ਵਿੱਚ ਬੁੱਤੇ ਵਿੱਚ ਆ ਗਈ, ਉਸ ਜਾਤਾ ਕਿ ਉਹ ਸਚੀਮੁਚੀ ਵਿਆਹ ਲੈਣ ਲਈ ਆਇਆ ਹੈ। ਇਕ ਦਿਨ ਵਜ਼ੀਰ ਥੋੜ੍ਹੀ ਜਿਹੀ ਫੌਜ ਲੈ ਕੇ ਮਾਛੀਵਾੜੇ ਤੋਂ ਲਾਹੌਰ ਪਹੁੰਚਾ ਤੇ ਵਿਆਹ ਦੇ ਬਹਾਨੇ ਹੀ ਸ਼ਹਿਰ ਜਾ ਵੜਿਆ ਤੇ ਫੌਰਨ ਸ਼ਹਿਰ ਅਤੇ ਕਿਲ੍ਹੇ ਦਾ ਕਬਜ਼ਾ ਕਰ ਕੇ ਵਾਂਗਡੋਰ ਆਪਣੇ ਹੱਥ ਕਰ ਲਈ। ਬੇਗਮ ਨੂੰ ਤਾਂ ਹੀ ਪਤਾ ਲੱਗਾ ਜਦੋਂ ਉਸ ਨੇ ਆਪਣੇ ਆਪ ਨੂੰ ਉਸ ਦੇ ਵੱਸ ਵਿੱਚ ਪਾਇਆ।

ਭਾਵੇਂ ਵਜ਼ੀਰ ਕਾਮਯਾਬ ਹੋ ਗਿਆ, ਪਰ ਤਦ ਬੀ ਉਸ ਨੇ ਡਿੱਠਾ ਕਿ ਬੇਗਮ ਖੁਸ਼ੀ ਨਾਲ ਕਾਕੀ ਦਾ ਵਿਆਹ ਮੇਰੇ ਨਾਲ ਨਹੀਂ ਕਰਦੀ ਤਾਂ ਉਸ ਨੇ ਉਸ ਨੂੰ ਕੈਦ ਕਰ ਲਿਆ, ਨਵਾਬੀ ਦੇ ਮਨਸਬ ਤੋਂ ਹਟਾ ਦਿੱਤਾ ਤੇ ਸ਼ਾਹੀ ਕੈਦ ਵਿੱਚ ਪਾ ਕੇ ਦਿੱਲੀ ਆਪਣੇ ਨਾਲ ਹੀ ਲੈ ਟੁਰਿਆ ਤੇ ਬੇਗਮ ਦੀ ਨਾਲ ਮੱਲੋ-ਮੱਲੀ

ਵਿਆਹ ਕਰ ਲਿਆ। ਲਾਹੌਰ ਦੀ ਨਵਾਬੀ ਵਜ਼ੀਰ ਨੇ ੩● ਲੱਖ ਦੇ ਮਾਮਲੇ ਪਰ ਅਦੀਨਾ ਬੇਗ ਨੂੰ ਦੇ ਦਿੱਤੀ। ਮਾਛੀਵਾੜੇ ਪੁੱਜ ਕੇ ਬੇਗਮ ਨੇ ਸ਼ਾਹਜ਼ਾਦਾ ਅਲੀ ਗੌਹਰ ਪਾਸ ਆਪਣੇ ਦੁਖੜੇ ਰੋ ਕੇ ਉਸ ਨੂੰ ਆਪਣਾ ਪੱਖੀ ਬਣਾ ਲਿਆ ਪਰ ਸ਼ਾਹਜ਼ਾਦਾ ਅਲੀਗੌਹਰ ਨੇ ਵਜ਼ੀਰ ਨੂੰ ਸਮਝਾਇਆ ਕਿ ਹੁਣ ਮੁਰਾਦ ਬੇਗਮ ਤੇਰੀ ਸੱਸ ਹੈ ਤੇ ਬੜੀ ਦੁਖੀ ਹੈ, ਇਸ ਨੂੰ ਪੰਜਾਬ ਦੀ ਨਵਾਬੀ ਦੇ ਦੇਹ, ਪਰ ਉਸ ਨੇ ਇਕ ਨਾ ਮੰਨੀ, ਸਗੋਂ ਰਸਤੇ ਵਿੱਚ ਵਜ਼ੀਰ ਸੱਸ ਨੂੰ ਸਖਤ ਤੰਗ ਕਰਦਾ ਗਿਆ ਤੇ ਉਹ ਬੀ ਸਾਰੇ ਰਸਤੇ ਗਾਲ੍ਹੀਆਂ ਤੇ ਸਰਾਪ ਦਿੰਦੀ ਗਈ ਕਿ ਦੇਖਣਾ ਅਬਦਾਲੀ ਆ ਕੇ ਤੁਹਾਡੀ ਸਲਤਨਤ ਤਬਾਹ ਕਰ ਦੇਵੇਗਾ।

ਗੱਲ ਕੀ, ਸੰਮਤ ੧੮੧੩ ਬਿਕ੍ਰਮੀ ੧੧੭● ਹਿਜਰੀ ਨੂੰ ਅਬਦਾਲੀ ਪਠਾਣਾਂ ਦੀ ਅਣਗਿਣਤ ਫੌਜ ਲੈ ਕੇ ਲੁੱਟ ਚੁੱਕੀ, ਕੰਗਾਲ ਹੋ ਚੁੱਕੀ ਪੰਜਾਬ ਪੁਰ ਫੇਰ ਚੜ੍ਹ ਆਇਆ, ਇਹ ਸੁਣ ਕੇ ਆਦੀਨਾ ਬੇਗ ਤੇ ਸਯਦ ਜਮੀਲ ਦੁਇ ਨੱਸ ਗਏ। ਆਦੀਨਾ ਬੇਗ ਪਹਾੜੀਂ ਚੜ੍ਹ ਗਿਆ ਤੇ ਪਹਾੜੀ ਰਾਜਿਆਂ ਪਾਸ ਜਾ ਪਨਾਹ ਲਈ। ਸਿੱਖ ਸਰਦਾਰ, ਜੋ ਅਬਦਾਲੀ ਦੇ ਰਸਤੇ ਦੇ ਨੇੜੇ ਤੇੜੇ ਸਨ, ਆਪਣੇ ਆਪਣੇ ਇਲਾਕੇ ਛੱਡ ਕੇ ਬਨਾਂ ਵਿੱਚ ਜਾ ਵੜੇ। ਇੱਕੁਰ ਅਬਦਾਲੀ ਦਾ ਰਸਤਾ ਸਾਫ ਹੋ ਗਿਆ। ਉਸ ਨੇ ਝੱਟ ਲਾਹੌਰ ਆ ਕੇ ਕਬਜ਼ਾ ਕੀਤਾ ਤੇ ਅਮੀਰਾਂ ਨੂੰ ਖੂਬ ਲੁੱਟਿਆ। ਚੂੜ੍ਹ ਮੱਲ ਬੀ ਏਸੇ ਵੇਲੇ ਲੁੱਟਿਆ ਗਿਆ। ਏਥੋਂ ਦੀ ਹਕੂਮਤ ਅਬਦਾਲੀ ਨੇ ਮੀਰ ਮੁਨੱਜ਼ਮ ਦੇ ਹਵਾਲੇ ਕੀਤੀ ਤੇ ਆਪ ਜਲੰਧਰ ਪਹੁੰਚਾ। ਉਥੋਂ ਦਾ ਰਾਜ ਨਾਸਰ ਅਲੀ ਖਾਂ ਨੂੰ ਦਿੱਤਾ ਤੇ ਆਪ ਦਿੱਲੀ ਪਹੁੰਚਾ।

ਜਦ ਅਬਦਾਲੀ ਦਿੱਲੀ ਪਹੁੰਚਾ ਤਦ ਅੱਗੋਂ ਆਲਮਗੀ ਸਾਨੀ ਪਾਤਸ਼ਾਹ ਦਿੱਲੀ ਨੇ ਉਸ ਨੂੰ ਆਦਰ ਨਾਲ ਉਤਾਰਾ ਦਿੱਤਾ ਅਰ ਖਾਤਰ ਕੀਤੀ, ਲੜਾਈ ਕਰਨੀ ਤੇ ਰੋਕਣਾ ਤਾਂ ਕਿਤੇ ਰਿਹਾ।

ਹੁਣ ਗਜ਼ੀਉੱਦੀਨ ਨੂੰ ਆਪਣਾ ਪਾਲਾ ਪਿਆ ਕਿ ਮੈਂ ਮੋਇਆ, ਪਰ ਆਦਮੀ ਚਲਾਕ ਸੀ, ਸ਼ਾਹਜ਼ਾਦਾ ਅਲੀ ਗੌਹਰ ਦੇ ਜਾ ਪੈਰੀਂ ਪਿਆ। ਉਸ ਭਲੇ ਲੋਕ ਨੇ ਵਜ਼ੀਰ ਦੀ ਮੁਰਾਦ ਬੇਗਮ ਨਾਲ ਸੁਲਹ ਕਰ ਦਿੱਤੀ। ਹੁਣ ਬੇਗਮ ਨੇ ਵਿੱਚ ਪੈ ਕੇ ਅਬਦਾਲੀ ਕੋਲੋਂ ਉਸਦੀ ਜਾਨ ਬਖਸ਼ੀ ਤਾਂ ਕਰਵਾ ਦਿੱਤੀ, ਪਰ ਵਜ਼ੀਰ ਨੂੰ ਕਈ ਲੱਖ ਰੁਪਿਆ ਜੁਰਮਾਨਾ ਦੇਣਾ ਪਿਆ। ਹੋਰਨਾਂ ਅਮੀਰਾਂ ਬਾਬਤ ਜੋ ਭੇਤ ਬੇਗਮ ਦੱਸ ਚੁੱਕੀ ਸੀ, ਸੋ ਉਨ੍ਹਾਂ ਤੋਂ ਬਦਲਿਆਂ ਦਾ ਵੇਲਾ ਆਇਆ। ਉਸ ਜ਼ਾਲਮ ਤੇ ਧਨ ਦੇ ਭੁੱਖੇ ਪਾਤਸ਼ਾਹ ਨੇ ਲੁੱਟ ਦਾ ਕਰੜਾ ਹੱਥ ਚੁੱਕਿਆ। ਪਹਿਲੇ ਇੰਤਜ਼-ਮੁ-ਦੌਲਾ ਤੋਂ ਨਵੇਂ ਲੱਖ ਰੁਪਿਆ ਮੰਗਿਆ, ਉਸ ਨੇ ਕਿਹਾ ਕਿ ਮੇਰੇ ਪਾਸ ਐਤਨਾ ਰੁਪਿਆ ਨਹੀਂ ਹੈ। ਅਬਦਾਲੀ ਨੇ ਉਸ ਦਾ ਘਰ ਫੁਲਵਾਇਆ, ਤਦ ਇਸ ਤੇ ਤਿਉੜੀ ਦੋਲਤ ਨਿਕਲੀ। ਫੇਰ ਬੇਗਮ ਨੇ ਕਮਰੁੱਦੀਨ ਦੀ ਵਿਧਵਾ ਸ਼ੋਲਾਪੁਰੀ ਬੇਗਮ ਦਾ ਭੇਤ ਦਿੱਤਾ, ਉਸ ਦੇ ਘਰੋਂ ਗਹਿਣੇ ਜਵਾਹਰਾਤ ਕਈ ਲੱਖ ਰੁਪਏ ਦੇ ਨਿਕਲੇ। ਅਬਦਾਲੀ ਨੂੰ ਜਿਉਂ-ਜਿਉਂ ਧਨ ਹੱਥ ਲੱਗੇ ਤਿਉਂ-ਤਿਉਂ ਉਸ ਦੀ ਭੁੱਖ ਵਧੇ ਤੇ ਤਿਉਂ ਤਿਉਂ ਉਸ ਨੇ ਸਾਰੇ ਅਮੀਰ ਵਾਰੋ ਵਾਰੀ ਲੁੱਟੇ। ਹੁਣ ਬੇਨਸੀਬ ਸ਼ਹਿਰ ਦੀ ਵਾਰੀ ਆਈ। ਦੋ ਮਹੀਨੇ ਪਾਤਸ਼ਾਹ ਦਿੱਲੀ ਰਿਹਾ, ਦੋ ਮਹੀਨੇ ਹੀ ਦਿੱਲੀ ਲੁੱਟੀਂ ਦੀ ਰਿਹਾ। ਘਰ-ਘਰ, ਮਕਾਨ-ਮਕਾਨ, ਢੂੰਡਿਆਂ ਤੇ ਪੱਟਿਆ ਗਿਆ। ਜਦ ਕਿਸੇ ਪਾਸ ਕੱਥ ਨਾ ਰਿਹਾ ਤੇ ਕਤਲਾਮ ਬੀ ਹੋ ਚੁੱਕੀ, ਤਦ ਅਬਦਾਲੀ ਨੇ ਜਬੱਲਬਗੜ੍ਹ ਵਿੱਚ ਕਤਲਾਮ ਕੀਤੀ। ਫੇਰ ਅਬਦਾਲੀ ਮਥਰਾ ਨੂੰ ਤੁਰਿਆ। ਉਥੇ ਹਿੰਦੂਆਂ ਦਾ ਬੜਾ ਭਾਂਰੀ ਮੇਲਾ ਲਗ ਰਿਹਾ ਸੀ, ਅਰ ਲੱਖਾਂ ਹਿੰਦੂ ਨਾਉਂਦੇ ਪੂਜਾ ਪਾਠ ਵਿੱਚ ਲਗ ਰਹੇ ਸਨ। ਅਚਾਨਕ ਪਠਾਣ ਜਰਵਾਣੇ ਜਾ ਪਏ, ਬੇਰਹਿਮੀ ਤੇ ਪੱਥਰ ਦਿਲੀ ਨਾਲ ਕਤਲਾਮ ਹੋਈ, ਅੱਖ ਦੇ ਫੋਰ ਵਿੱਚ ਪਰਲੋ ਮਚ ਗਈ। ਮਾਂ ਨੂੰ ਪੁੱਤ ਦੀ, ਪੁੱਤ ਨੂੰ ਮਾ ਦੀ ਸਾਰ ਨਾ ਰਿਹਾ, ਬੇਗੁਨਾਹ ਗਾਜਰਾਂ ਮੂਲੀਆਂ ਵਾਘ ਵੱਢੇ ਗਏ, ਮੰਦਰ ਲੁੱਟੇ ਗਏ ਤੇ ਢਾਹੇ ਗਏ ਤੇ ਹਜ਼ਾਰਾਂ ਹਿੰਦੂ ਕੈਦ ਕੀਤੇ ਗਏ। ਫੇਰ ਆਗਰੇ ਪਰ ਹੱਲਾ ਹੋਇਆ। ਚਾਰ ਚੁਫੇਰੇ ਹੱਥ ਮਾਰਿਆ। ਅਣਗਿਣਤ ਲੋਕ ਬੇਗੁਨਾਹ ਮਾਰੇ ਗਏ, ਜੱਟਾਂ ਦੀ ਤਬਾਹੀ ਕੀਤੀ ਗਈ; ਚਾਰ ਚੁਫੇਰੇ ਗਰੀਬੀ, ਵਬਾ ਤੇ ਸੁੰਨਸਾਨਤਾ ਫੈਲ ਗਈ। ਗਰੀਬਾਂ ਤੇ ਦੁਖੀ ਅਨਾਥਾਂ ਦੀ ਪੁਕਾਰ ਉਠੀ ਅਰ ਆਕਾਸ਼ ਵਿਚ ਪਸਰੀ। ਕਰਤਾਰ ਦੇ ਜ਼ਬਰਦਸਤ ਹੱਥਾਂ ਨੇ ਦੁਰਾਨੀ ਜ਼ਾਲਮ ਦੀ ਫੌਜ ਵਿੱਚ ਹੈਜ਼ਾ ਘੱਲਿਆ। ਉਧਰ ਪੰਜਾਬ ਵਿਚੋਂ ਸਿੱਖਾਂ ਦੇ ਬੜੇ ਰੌਲੇ-ਰੱਪੇ ਦੀਆਂ ਖਬਰਾਂ ਪਹੁੰਚ ਪਈਆਂ, ਤਦ ਉਸ ਨੇ ਭੈ ਖਾ ਕੇ ਵਾਗਾਂ ਮੋੜੀਆਂ। ਦਿੱਲੀ ਆ ਕੇ ਉਸ ਨੇ ਮੁਹੰਮਦਸ਼ਾਹ ਪਾਤਸ਼ਾਹ ਦੀ ਪੁੱਤਰੀ ਨਾਲ ਆਪਣੇ ਪੁੱਤਰ ਤੈਮੂਰ ਦਾ ਵਿਆਹ ਕੀਤਾ ਅਰ ਮੁਹੰਮਦ ਸ਼ਾਹ ਦੀ ਛੋਟੀ ਧੀ ਹਜ਼ਰਤ ਬੇਗਮ ਨਾਲ ਆਪਣਾ ਵਿਆਹ ਕੀਤਾ। ਫੇਰ ਪਾਤਸ਼ਾਹ ਤੋਂ ਬਹੁਤ ਰੁਪਿਆ ਲੈ ਕੇ ਉਸ ਨੂੰ ਨਾਮਧਰੀਕ ਤਖਤ ਪੁਰ ਬਿਠਾਇਆ ਅਤੇ ਇੰਤਜ਼ਮੁਦੌਲਾ ਨੂੰ ਵਜ਼ੀਰ ਤੇ ਨਜੀਬੁਦੌਲਾ ਨੂੰ ਸੈਨਾਪਤੀ ਥਾਪਿਆ। ਦਿੱਲੀਉਂ ਟੁਰੇ ਅਬਦਾਲੀ ਲਾਹੌਰ ਪਹੁੰਚਾ ਇੱਥੇ ਦਾ ਹਾਕਮ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਥਾਪਿਆ ਸੁ। ਅਬਦਾਲੀ ਨੇ ਹੁਣ ਸਿੱਖਾਂ ਦਾ ਬਾਨਣੂ ਬੰਨ੍ਹਣਾ ਚਾਹਿਆ ਪਰ ਬੰਨ੍ਹ ਨਾ ਸਕਿਆ, ਅਰ ਆਪਣੀ ਲੁੱਟ ਨੂੰ ਸੰਭਾਲ ਕੇ ਝੱਟ ਕੰਧਾਰ ਵਲ ਮੂੰਹ ਕਰਕੇ ਤੁਰ ਪਿਆ। ਸਿੱਖ ਐਹੋ ਜਿਹੇ ਵੇਲੇ ਡਾਹੀਂ ਨਹੀਂ ਦਿਆ ਕਰਦੇ ਸਨ। ਦੂਜੇ ਉਸ ਨੂੰ ਖਬਰ ਪਹੁੰਚੀ ਸੀ ਕਿ ਤੁਰਕਿਸਤਾਨ ਵਿੱਚ ਫਸਾਦ ਹੋ ਗਿਆ ਹੈ, ਉਸ ਨੂੰ ਜਾ ਕੇ ਸੰਭਾਲਣਾ ਸੀ। ਐਲਫਿਨਸਟਨ ਲਿਖਦਾ ਹੈ ਕਿ ਜੋ ਜ਼ੁਲਮ ਨਾਦਰਸ਼ਾਹ ਨੇ ਕੀਤੇ ਸਨ, ਉਹ ਦੂਜੀ ਵੇਰ ਕਿਸਮਤ ਦੇ ਮਾਰੇ ਹਿੰਦੁਸਤਾਨ ਨੂੰ ਇਸੇ ਦੇ ਹੱਥੋਂ ਇਸ ਵੇਰ ਦੇ ਹੱਲੇ ਵਿੱਚ ਮੁੜ ਝੱਲਣੇ ਪਏ।

ਮੁਰਾਦ ਬੇਗਮ ਨੇ ਸਭ ਨਾਲ ਬਦਲੇ ਰੱਜ ਰੱਜ ਕੇ ਲਏ ਪਰ ਵੈਰੀਆਂ ਨਾਲ ਬਦਲੇ ਲੈਂਦਿਆਂ ਉਨ੍ਹਾਂ ਲੱਖਾਂ ਬੇਗੁਨਾਹਾਂ ਨਾਲ ਵੀ ਜ਼ੁਲਮ ਹੋ ਗਏ ਕਿ ਜਿਨ੍ਹਾਂ ਨੇ ਇਸ ਦਾ ਵਾਲ ਬੀ ਵਿੰਗਾ ਨਹੀਂ ਕੀਤਾ ਸੀ, ਪਰ ਇਸ ਦਾ ਆਪਣਾ ਅੰਤ ਕੀ ਹੋਇਆ? ਆਮ ਪੁਸਤਕਾਂ ਤੋਂ ਪਤਾ ਨਹੀਂ ਮਿਲਦਾ। ਸ਼ਾਇਦ ਹੈ ਕਿ ਉਹ ਵਬਾ, ਜੋ ਉਸ ਵੇਲੇ ਕਤਲਾਮ ਕਰਕੇ ਫੈਲ ਗਈ ਸੀ, ਇਸ ਤਕ ਬੀ ਪਹੁੰਚੀ। ਇਹ ਬੀ ਖਿਆਲ ਹੈ ਕਿ ਜਿਨ੍ਹਾਂ ਅਮੀਰਾਂ ਨੂੰ ਇਸਦੇ ਹੱਥੋਂ ਦੁਖ ਪਹੁੰਚਾ ਸੀ ਉਨ੍ਹਾ ਨੇ ਚੋਰੀ ਵਿਹੁ ਦਿਵਾ ਕੇ ਇਸ ਦਾ ਕੰਮ ਪਾਰ ਕੀਤਾ। ਐਉਂ ਮੁਰਾਦਾਂ ਦੀਆਂ ਉਮੰਗਾਂ ਨਾਲ ਭਰੀ ਹੋਈ ਨਾਮੁਰਾਦ ਰਹਿ ਕੇ ਮੁਰਾਦ ਬੇਗਮ ਵਸ ਹੋ ਗਈ। ਨਾ ਰੂਪ, ਨਾ ਦੌਲਤ ਨਾ ਹਕੂਮਤ ਨਾ ਜੋੜ ਤੋੜ, ਕੋਈ ਨਾਲ ਨਾ ਗਿਆ।

## ਕਾਂਡ ਤੇਈਵਾਂ

ਜਦ ਅਹਿਮਦਸ਼ਾਹ ਅਬਦਾਲੀ ਦੇ ਆਉਣ ਦੀ ਅਵਾਈ ਉੱਡੀ ਸੀ ਤਦ ਸੱਯਦ ਜਮੀਲ ਲਾਹੌਰੋਂ ਨੱਸ ਕੇ ਦਿੱਲੀ ਜਾ ਵੜਿਆ ਸੀ। ਰਸਤੇ ਵਿੱਚ ਸਿੱਖਾਂ ਨੇ ਇਹਦੀ ਬੁਰੀ ਗਤ ਬਣਾਈ। ਕਈ ਥਾਈਂ ਲੁੱਟਿਆ ਅਰ ਰੋਕਿਆ, ਪਰ ਰੋਂਦਾ ਪਿੱਟਦਾ ਸ਼ੇਰਾਂ ਦੇ ਬਨ ਵਿਚੋਂ ਲੰਘ ਹੀ ਗਿਆ। ਹੁਣ ਦੇਸ਼ ਬਿਲਕੁਲ ਖਾਲੀ ਹੋ ਗਿਆ ਸੀ, ਸਿੰਘਾਂ ਨੇ ਮਨ ਭਾਉਂਦੇ ਹੱਥ ਪੈਰ ਮਾਰੇ। ਕ੍ਰੋੜਾਂ ਸਿੰਘਾਂ ਦਾ ਜੱਥਾ ਬੀ ਮੋਹਰੀਆਂ ਵਿਚੋਂ ਸੀ, ਜਿਹਾ ਕਿ ਅਸੀਂ ਪਿੱਛੇ ਦੱਸ ਆਏ ਹਾਂ ਕਿ ਜਦ ਸਿੰਘਾਂ ਨੇ ਅਬਦਾਲੀ ਸੁਣਿਆ ਤਾਂ ਮੈਦਾਨ ਛੱਡ ਕੇ ਜੰਗਲਾਂ, ਬਨਾਂ ਤੇ ਪਹਾੜਾਂ ਨੂੰ ਨੱਸ ਗਏ। ਸੋ ਐਉਂ ਅਬਦਾਲੀ ਬੇਰੋਕ ਟੋਕ ਲਾਹੌਰ ਪਹੁੰਚ ਗਿਆ ਸੀ ਤੇ ਉਥੋਂ ਮਾਲਾ ਮਾਲ ਹੋ ਕੇ ਦਿੱਲੀ ਜਾ ਵੜਿਆ ਸੀ। ਪਿੱਛੇ ਨਾਸੁਰੁੱਦੀਨ, ਜਿਸਨੂੰ ਉਹ ਜਲੰਧਰ ਦੇ ਗਿਆ ਸੀ, ਸਿੱਖਾਂ ਪਰ ਜ਼ੁਲਮ ਕਰਨ ਲੱਗਾ, ਪਿੰਡਾਂ ਗਿਰਾਵਾਂ ਵਿਚ ਗਰੀਬ ਕਿਰਤੀਆਂ ਨੂੰ ਫੜ ਫੜ ਕੇ ਮੁਕਾਉਣ ਲੱਗ ਪਿਆ। ਇਹ ਦੇਖ ਕੇ ਸਿੰਘ ਕ੍ਰੋਧਾਤੁਰ ਹੋ ਨਿਕਲ ਪਏ, ਅਰ ਕੱਠੇ ਹੋ ਕੇ ਜੰਗ ਪਰ ਆ ਡਟੇ। ਆਦਮ ਵਾਲ ਕੋਲ ਘੇਰ ਜੁੱਧ ਹੋਇਆ ਯਥਾ - ਉਤਰੇ ਸਿੰਘ ਪਹਾੜੋਂ ਤੈਥੇ ਇਨ੍ਹ ਅੱਗਾ ਜਾ ਰੋਕਿਓ। ਜਾਨਾਂ ਤੋੜ ਲੜੇ ਸਿੰਘ ਪੂਰੇ ਤੁਰਕਨ ਕੋਠੋ ਭਲਕਿਓ। ਤਾਰਾ ਸਿੰਘ ਗੈਬਾ ਕ੍ਰੋੜਾ ਸਿੰਘ ਕਰਮ ਸਿੰਘ ਸੋ ਜਾਨਾ। ਜੈ ਸਿੰਘ ਆਦਿਕ ਤੀਨੋਂ ਭਾਈ ਚੜ੍ਹਤ ਸਿੰਘ ਬਲਵਾਨਾ। ਜੱਸਾ ਸਿੰਘ ਲੌ ਚਾਰੋਂ ਭਾਈ ਥਾ ਬਘੇਲ ਸਿੰਘ ਸੰਗੇ। ਸਿੰਘ ਦੀਵਾਨ ਜੱਸਾ ਸਿੰਘ ਆਹਲੂ ਆਦਿਕ ਲੜੇ ਉਤੰਗੇ। ਖਿਚ ਤੇਗੇ ਸਿੰਘ ਹੱਲਾ ਕਰ ਜਬ ਪਰੇ ਭਗੀ ਤੁਰਕਾਨੀ। ਗੁਰੂ ਕ੍ਰਿਪਾ ਤੇ ਇਕ ਇਕ ਸਿੰਘ ਨੇ ਦਸ ਦਸ ਕੀਨੇ ਫਾਨੀ। ਸੈਦ ਖਾਨ ਜਾਫਰ ਖਾਂ ਆਦਿਕ ਮਰੇ ਰਈਸ ਅਪਾਰੇ। ਲੁਟ ਖਸੋਟ ਦੇਸ਼ ਕੋ ਸਿੰਘ ਸਭ ਹੋਏ ਬਯਾਸਾ ਪਾਰੇ। (ਪੰਥ ਪ੍ਰਕਾਸ਼ ਟੈਪ ਪੰਨਾ ੭੧੨)

ਇਸ ਜੰਗ ਵਿੱਚ ਬਿਜੈ ਸਿੰਘ ਇੱਕ ਐਸੇ ਘੇਰ ਵਿੱਚ ਫਸਿਆ ਸੀ ਕਿ ਦਸ ਤੁਰਕਾਂ ਨੇ ਘੇਰ ਲਿਆ। ਇਹ ਇਕੱਲਾ ਬੀਰ ਸਭ ਨਾਲ ਵਾਰਾ ਲੈਂਦਾ ਰਿਹਾ। ਪੰਜ ਚਾਰ ਤਾਂ ਏਸ ਨੇ ਡੇਗ ਲਏ; ਪਰ ਆਪਣਾ ਸਰੀਰ ਛੋਟੇ ਛੋਟੇ ਪੱਛਾਂ ਨਾਲ ਪੱਛਿਆ ਗਿਆ। ਇਧਰ ਦਾ ਹਾਲ ਦੇਖ ਕੇ ਨਾਸਰ ਅਲੀ ਆਪ ਇਕ ਦਸਤਾ ਲੈ ਕੇ ਆ ਪਿਆ। ਬਿਜੈ ਸਿੰਘ ਉਥੇ ਹੀ ਸ਼ਹੀਦ ਹੋ ਜਾਂਦਾ, ਪਰ ਉਧਰੋਂ ਜੱਸਾ ਸਿੰਘ ਦੀ ਨਜ਼ਰ ਪੈ ਗਈ। ਉਹ ਇਕ ਦਮ ਸਿੰਘਾਂ ਦਾ ਟੋਲਾ ਲੈ ਕੇ ਆ ਪਿਆ। ਇਸ ਵੇਲੇ ਐਸੀ ਘਮਸਾਣ ਚੌਦੇਂ ਮਚੀ ਕਿ ਕੁਝ ਨਹੀਂ ਕਹੀ ਜਾਂਦੀ। ਖਟਾਖਟ ਤਲਵਾਰਾਂ ਤੇ ਤਲਵਾਰਾਂ ਵੱਜ ਕੇ ਟੋ ਹੋਣ ਲੱਗੀਆਂ, ਢਾਲਾਂ ਤੇ ਵਾਰ ਲੈਣ ਦਾ ਸਮਾਂ ਹੀ ਨਾ ਨਿਕਲੇ। ਬੀਰਾਂ ਨੂੰ ਰੋਹ ਐਸਾ ਚੜ੍ਹ ਰਿਹਾ ਸੀ ਕਿ ਫੱਟਾਂ ਤੇ ਫੱਟ ਲਗਦੇ ਜਾਂਦੇ ਸਨ, ਪਰ ਉਨ੍ਹਾਂ ਨੂੰ ਪਤਾ ਬੀ ਨਹੀਂ ਲੱਗਦਾ ਸੀ। ਦਸ ਬਾਰਾਂ ਸਿੰਘ ਤਾਂ ਮੂਲੋਂ ਹੀ ਘਾਇਲ ਹੋ ਕੇ ਡਿੱਗ ਪਏ ਤੇ ਨਾਸਰ ਅਲੀ ਦੇ ਕੇਵਲ ਤਿੰਨ ਸਾਥੀ ਬਾਕੀ ਰਹਿ ਗਏ, ਇਹ ਦੇਖ ਸਿਰਤੋੜ ਘੋੜਾ ਭਜਾ ਕੇ ਉਹ ਆਪ ਨੱਸ ਤੁਰਿਆ। ਉਸ ਦੇ ਪਿੱਠ ਦਿੰਦੇ ਹੀ ਸਾਰੀ ਤੁਰਕ ਸੈਨਾ ਨੱਸ ਪਈ। ਸਿੰਘਾਂ ਨੇ ਥੋੜ੍ਹਾ ਪਿੱਛਾ ਕਰਕੇ ਦਰਿਆ ਪਾਰ ਹੋਣ ਦੀ ਕੀਤੀ, ਕਿਉਂਕਿ ਉਨ੍ਹਾ ਦਾ ਮਨੋਰਥ ਸੀ ਅਬਦਾਲੀ ਨੂੰ ਦਮ ਨਾ ਲੈਣ ਦੇਣਾ, ਹਫਲਾ-ਤਫਲੀ ਪਾਈ ਰੱਖਣੀ ਤੇ ਆਪਣੇ ਵੀਰਾਂ ਦੀ ਰਾਖੀ ਕਰਨੀ। ਜੱਸਾ ਸਿੰਘ ਨੇ ਘਾਇਲਾਂ ਨੂੰ ਡਿੱਠਾ, ਜਿਨ੍ਹਾਂ ਵਿੱਚ ਤਾਂ ਜਿੰਦ ਸੀ ਚੁਕਵਾ ਕੇ ਨਾਲ ਲੈ ਗਏ ਤੇ ਬਾਕੀ ਦੀਆਂ ਲੋਥਾਂ ਢੇਰ ਕਰਕੇ ਬਨ ਦਿਆਂ ਸੁੱਕਿਆ ਬ੍ਰਿਛਾਂ ਦੇ ਨਾਲ ਰੱਖ ਕੇ ਅੱਗ ਲਾ ਦਿੱਤੀ ਅਰ ਆਪ ਬਿਆਸਾ ਪਾਰ ਹੋ ਕੇ ਦਮ ਲੀਤਾ।

ਹੁਣ ਇਕ ਮੈਦਾਨ ਵਿੱਚ ਡੇਰਾ ਕਰਕੇ ਘਾਇਲਾਂ ਦੀ ਜਾਂਚ ਹੋਣ ਲੱਗੀ। ਸ਼ੀਲ ਕੌਰ ਅਰ ਹੋਰ ਭੈਣਾਂ ਤੇ ਦੋ ਚਾਰ ਸਿੰਘ ਰਲ ਕੇ ਭਰਾਵਾਂ ਦੀ ਮੱਲ੍ਹਮ ਪੱਟੀ ਕਰਨੇ ਵਿੱਚ ਲੱਗੇ। ਇਹ ਅਜੇ ਵਿਹਲੇ ਨਹੀਂ ਸਨ ਹੋਏ ਕਿ ਬਿਜੈ ਸਿੰਘ ਹੁਰੀਂ, ਜੋ ਸਭ ਤੋਂ ਪਿਛੇ ਸਹਿਜੇ ਸਹਿਜੇ ਆ ਰਹੇ ਸਨ, ਆ ਗਏ। ਘੋੜੇ ਤੋਂ ਮਸਾਂ ਸਮਾਂ ਉਤਰੇ ਪਰ ਉਤਰਦੇ ਹੀ ਬਿਸੁੱਧ ਜਿਹੇ ਹੋ ਕੇ ਡਿੱਗ ਪਏ; ਤ੍ਰਬਕ ਕੇ ਸ਼ੀਲ ਕੌਰ ਅਰ ਰਘੁਰਾਜ ਸਿੰਘ ਨਾਮੇ ਸਿੰਘ ਨੇ ਸੰਭਾਲਿਆ, ਚੰਗੀ ਥਾਵੇਂ ਲਿਟਾਇਆ, ਇਕ ਸਿੰਘ ਪਾਣੀ ਲੈਣ ਦੌੜਿਆ। ਸ਼ੀਲ ਕੌਰ ਤੇ ਰਘੁਰਾਜ ਸਿੰਘ ਘਾਬਰੇ ਹੋਏ ਦੇਖ ਭਾਲ ਕਰ ਰਹੇ ਸਨ ਕਿ ਕੀ ਹੋ ਗਿਆ ਹੈ? ਚਿਹਰੇ ਦਾ ਰੰਗ ਉਡ ਗਿਆ ਹੈ! ਨਾੜ ਮੱਧਮ ਹੋ ਰਹੀ ਹੈ ਅਰ ਹੋਸ਼ ਨਹੀਂ ਭਾਸਦੀ। ਪਾਣੀ ਦੇ ਛੱਟੇ ਮਾਰੇ। ਇੰਨੇ ਨੂੰ ਕਰੋੜਾਂ ਸਿੰਘ ਤੇ ਜੱਸਾ ਸਿੰਘ ਆ ਗਏ, ਬਿਜੈ ਸਿੰਘ ਨੇ ਅੱਖਾਂ ਖੋਲ੍ਹੀਆਂ ਅਰ ਧੰਨ ਕਰਤਾਰ ਹੌਲੀ ਜਿਹੀ ਕਿਹਾ। ਜੱਸਾ ਸਿੰਘ ਨੇ ਕਾਰਨ ਪੁੱਛਿਆ ਤਾਂ ਬਿਜੈ ਸਿੰਘ ਨੇ ਛਾਤੀ ਪੁਰ ਹੱਥ ਰੱਖਿਆ। ਜਾਮਾ ਚੁੱਕ ਕੇ ਕੀ ਦੇਖਦੇ ਹਨ ਕਿ ਇਕ ਸਾਫਾ ਘੁੱਟ ਕੇ ਬੰਨ੍ਹਿਆ ਹੈ। ਉਸ ਨੂੰ ਖੋਲ੍ਹਿਆ ਤਦ ਹੋਰ ਸਾਫਾ ਅਣਗਿਣਤ ਤਹਾਂ ਕਰਕੇ ਧਰਿਆ ਹੋਇਆ ਦਿੱਸਿਆ, ਇਹ ਚੁਕਿਆ ਤਦ ਇਕ ਡੂੰਘਾ ਘਾਉ ਨਿਕਲਿਆ, ਜਿਸ ਵਿਚੋਂ ਲਹੂ ਦੀ ਧਾਰ ਨਿਕਲੀ ਅਰ ਜੱਸਾ ਸਿੰਘ ਦੇ ਮੂੰਹ ਪਰ ਪਈ।

ਜਿਉਂ ਹੀ ਇਹ ਧਾਰ ਨਿਕਲੀ, ਬਿਜੈ ਸਿੰਘ ਨੂੰ ਗਸ਼ ਪੈ ਗਈ। ਇਸ ਵੇਲੇ ਨੂੰ ਸਭਨਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਸਾਫਾ ਘਾਉ ਉੱਤੇ ਰੱਖ ਕੇ ਜ਼ਖਮ ਨੂੰ ਹੱਥਾਂ ਨਾਲ ਘੁੱਟਿਆ ਅਰ ਇਕ ਦੋ ਸਿੰਘ ਉਰਤ ਨੇੜੇ ਦੇ ਪਿੰਡਾਂ ਨੂੰ ਦੌੜੇ। ਇਕ ਪਿੰਡ ਵਿਚੋਂ ਇਕ ਵੈਦ ਮਿਲਿਆ, ਇਸ ਨੇ ਆ ਕੇ ਘਾਉ ਡਿੱਠਾ, ਦਵਾਵਾਂ ਲਾਈਆਂ ਵਿਚ ਦਵਾ ਭਰੀ, ਘੁੱਟ ਕੇ ਬੱਧਾ ਪਰ ਲਹੂ ਨਾ ਠਹਿਰੇ। ਵੈਦ ਜੀ ਨੇ ਦੱਸਿਆ ਕਿ ਪਹਿਲੇ ਜਦ ਜ਼ਖਮ ਲੱਗਾ ਹੈ ਤਦ ਛੋਟਾ ਸੀ ਅਰ ਡੂੰਘਾ ਨਹੀਂ ਸੀ। ਲਗੇ ਜ਼ਖਮ ਨੂੰ ਬੰਨ੍ਹ ਕੇ ਬਿਜੈ ਸਿੰਘ ਨੇ ਜੋ ਦੌੜ ਭੱਜ ਤੇ ਹੱਦ ਦਰਜੇ ਦੀ ਖੇਚਲ ਕੀਤੀ ਹੈ, ਉਸ ਨਾਲ ਜ਼ਖਮ ਵਧ ਗਿਆ ਅਰ ਅੰਦਰੋਂ ਨਾੜਾਂ ਟੁੱਟ ਗਈਆਂ ਹਨ, ਦਿਲ ਬਹੁਤ ਨੇੜੇ ਹੈ, ਜਿਸ ਵਿਚੋਂ ਲਹੂ ਛੇਤੀ ਬਾਹਰ ਨੂੰ ਜੋਸ਼ ਮਾਰਦਾ ਹੈ, ਮੇਰੀ ਜਾਂਚੇ ਲਹੂ ਬੰਦਾ ਹੋਣਾ ਕਠਨ ਹੈ।

ਫੇਰ ਵੈਦ ਜੀ ਨੇ ਸ਼ਿਲਾਜੀਤ ਤੇ ਮੁਮਿਆਈ ਦਿੱਤੀ, ਕੁਝ ਧਾਂਤ ਮਾਰੀ ਹੋਈ ਅੰਦਰ ਲੰਘਾਈ ਜਿਸ ਨਾਲ ਬਿਜੈ ਸਿੰਘ ਨੇ ਅੱਖਾਂ ਖੋਲ੍ਹੀਆਂ, ਲਾਡਲੇ ਪੁੱਤਰ ਨੂੰ ਗਲ ਨਾਲ ਲਾਇਆ ਅਰ ਐਨੀ ਅਸੀਸ ਦਿੱਤੀ, ਬੱਚਾ ਤੇਰੇ ਧਰਮ ਨੂੰ ਕਦੇ ਲਾਜ ਨਾ ਲੱਗੇ। ਫੇਰ ਉਸ ਦਾ ਮੱਥਾ ਚੁੰਮਿਆਂ। ਸ਼ੀਲ ਕੌਰ ਇਸ ਵੇਲੇ ਚਰਨ ਘੁੱਟ ਰਹੀ ਸੀ ਅਰ ਫਰਨ ਫਰਨ ਰੋ ਰਹੀ ਸੀ, ਅੱਗਾ ਪਿੱਛਾ ਸਭ ਭੁੱਲ ਗਿਆ, ਹੈਰਾਨੀ ਤੇ ਅਸਚਰਜਤਾਈ ਦੇ ਸਮੁੰਦਰ ਵਿੱਚ ਡੁੱਬੀ ਹੋਈ ਹੈ। ਪਤੀ ਨੇ ਹੌਲੇ ਜਿਹੇ ਸੈਨਤ ਕਰਕੇ ਗਲ ਨਾਲ ਲਾਇਆ ਅਰ

ਕਿਹਾ, ਕਰਤਾਰ ਸ਼ੀਲ ਧਰਮ ਬਖਸ਼ੀ ਰਖੇ। ਫੇਰ ਸਾਰੇ ਸਰਦਾਰਾਂ ਨੂੰ ਬਰੀਕ ਜਿਹੀ ਫਤਹਿ ਗਜਾਈ, ਸ਼ੀਲ ਕੌਰ ਦੇ ਮੂੰਹੋਂ ਸਹਿਜੇ ਜਿਹੇ ਨਿਕਲਿਆ, ਹਾਇ! ਮੈਂ ਇਕੱਲੀ ਕੀ ਕਰਾਂਗੀ? ਬਿਜੈ ਸਿੰਘ ਨੇ ਸਮਝ ਲਿਆ, ਬੁਲ੍ਹਾਂ ਵਿੱਚ ਬੋਲਿਆ - 'ਗੁਰੂ ਅੰਗ ਸੰਗ' ਗੁਰੂ ਅੰਗ ਸੰਗ। ਫੇਰ ਸਿੰਘ ਜੀ ਨੇ 'ਜਪੁ ਸੁਣਾਓ' ਕਿਹਾ। ਸ਼ੀਲ ਕੌਰ ਅੱਥਰੂ ਪੂੰਝ ਕੇ ਭਾਣੇ ਵੱਲ ਆਈ ਤੇ ਬੜੀ ਮਧੁਰ ਸੁਰ ਨਾਲ ਜਪੁਜੀ ਦਾ ਪਾਠ ਕਰਨ ਲੱਗ ਪਈ। ਬਿਜੈ ਸਿੰਘ ਜੀ ਅੱਖਾਂ ਮੀਟ ਮੱਧਮ ਮੱਧਮ ਸੁਆਸ ਲੈਂਦੇ ਪਏ ਹਨ। ਸਾਰੇ ਸਰਦਾਰ ਚੁੱਪ ਵੱਟੀ ਬੈਠੇ ਪਿਆਰੇ ਸੱਜਣ ਦੇ ਚਿਹਰੇ ਵਲ ਤਕਦੇ ਤੇ ਕਰਤਾਰ ਦੇ ਰੰਗ ਨੂੰ ਦੇਖ ਰਹੇ ਹਨ। ਲਹੂ ਦਾ ਵਹਾਉ ਬੰਦ ਨਹੀਂ ਹੁੰਦਾ, ਕਈ ਕਪੜੇ ਭਰੇ ਜਾ ਚੁੱਕੇ ਹਨ, ਪਰ ਲਹੂ ਖਲੋਂਦਾ ਨਹੀਂ। ਸ਼ੀਲ ਕੌਰ ਨੇ ਜਦ ਜਪੁ ਸਾਹਿਬ ਦਾ ਛੇਕੜਲਾ ਸਲੋਕ ਅਰੰਭਿਆ ਤਦ ਬਿਜੈ ਸਿੰਘ ਦੀਆਂ ਅੱਖਾਂ ਇੱਕ ਦਮ ਖੁਲ੍ਹੀਆਂ ਅਰ ਪੂਰੇ ਜ਼ੋਰ ਨਾਲ ਚਾਰ ਚੁਫੇਰੇ ਤੱਕੀਆਂ। ਦੋਹਾਂ ਪਾਸਿਆਂ ਤੋਂ ਹੱਥ ਉਠ ਕੇ ਜੁੜ ਗਏ। ਫੇਰ ਬੁੱਲ੍ਹ ਖੁਲ੍ਹੇ ਅਰ ਬੜੇ ਜ਼ੋਰ ਨਾਲ ਫਤਹਿ ਦਾ ਜੈਕਾਰਾ ਗੱਜਿਆ, ਉਧਰ ਸ਼ੀਲ ਕੌਰ ਨੇ -

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥***
***ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥***

ਉਚਾਰਿਆ ਉਧਰ ਬਿਜੈ ਸਿੰਘ ਨੇ 'ਕੇਤੀ ਛੁਟੀ ਨਾਲਿ' ਤਿੰਨ ਵੇਰ ਕਿਹਾ ਅਰ ਬੋਲਿਆ, ਧੰਨ ਕਲਗੀਆਂ ਵਾਲਾ ਸੱਚਾ ਗੁਰੂ, ਧੰਨ ਸਾਧ ਸੰਗਤ! ਕੇਤੀ ਛੁਟੀ ਨਾਲ, ਧੰਨ।

ਇਹ ਕਹਿੰਦੇ ਹੀ ਲਹੂ ਦਾ ਫੁਹਾਰਾ ਜ਼ੋਰ ਦੇ ਕੇ ਨਿਕਲਿਆ, ਹੱਥ ਛਾਤੀ ਪੁਰ ਡਿੱਗ ਪਏ, ਅੱਖਾਂ ਤੇ ਬੁੱਲ੍ਹ ਮਿਟ ਗਏ ਅਰ ਬਿਜੈ ਸਿੰਘ ਮੌਤ ਬਿਜਈ ਹੋ ਗਿਆ। ਸ਼ੀਲ ਕੌਰ ਉਸਦੇ ਚਿਹਰੇ ਵਿਚੋਂ ਜੀਵਨ ਸਤਾ ਨੂੰ ਉਡਦੀ ਜਾਂਦੀ ਦੇਖ ਰਹੀ ਸੀ 'ਕੇਤੀ ਛੁਟੀ ਨਾਲ' ਖਬਰ ਨਹੀਂ ਕਿੰਨੀ ਵੇਰ ਕਹਿ ਚੁਕੀ ਹੈ, ਕਹੀ ਜਾਂਦੀ ਹੈ ਤੇ ਅੱਖ ਨਹੀਂ ਝਮਕਦੀ। ਚਿਹਰਾ ਹੋਰ ਤਰ੍ਹਾਂ ਦਾ ਹੁੰਦਾ ਜਾਂਦਾ ਹੈ, ਜਦ ਪਤੀ ਜੀ ਦਾ ਅੰਤਮ ਸੁਆਸ ਨਿਕਲਿਆ, ਸ਼ੀਲ ਕੌਰ ਦਾ ਸਿਰ 'ਕੇਤੀ ਛੁਟੀ ਨਾਲਿ' ਦੇ ਨਾਲ ਹੀ ਗੂੰਜਦਾ ਪਤੀ ਦੀ ਛਾਤੀ ਪੁਰ ਧੜ ਕਰਦਾ ਡਿੱਗਾ ਅਰ ਸਤਵੰਤੀ ਸ਼ੀਲ ਕੌਰ ਪਤੀ ਦੇ ਨਾਲ ਹੀ ਤੁਰ ਗਈ ਧਰਮ ਤੇ ਪਿਆਰ ਅੰਤ ਤਕ ਨਿਭ ਗਿਆ।

ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥

ਵਾਹ ਸ਼ੀਲ ਕੌਰ! ਪਤੀਬ੍ਰਤਾ ਹੋਵੇ ਤਾਂ ਤੇਰੇ ਜੈਸੀ, ਪਤੀ ਦੀ ਪ੍ਰੇਮਣ ਹੋਵੇ ਤਾਂ ਤੇਰੇ ਵਰਗੀ। ਪਤੀ ਤੇ ਪਤਨੀ ਇੱਕ ਰੂਪ ਹੁੰਦੇ ਹਨ, ਇਹ ਗੱਲ ਤੂੰ ਨਿਬਾਹ ਕੇ ਦਿਖਾਈ।

ਕਰੋੜਾਂ ਸਿੰਘ ਨੇ ਛੇਤੀ ਨਾਲ ਭੈਣ ਦਾ ਸਿਰ ਚੁੱਕਿਆ, ਪਰ ਭੈਣ ਕਿੱਥੇ? ਭੈਣ ਤਾਂ ਪਤੀ ਦੇ ਨਾਲ ਹੀ ਚਲੀ ਗਈ ਸੀ। ਉਸ ਵੇਲੇ ਬੜੇ ਬੜੇ ਜੋਧੇ ਤੇ ਬਲੀਆਂ ਦੀਆਂ ਅੱਖਾਂ ਵਿੱਚ ਪਿਆਰ ਦਾ ਜਲ ਭਰ ਆਇਆ। ਸਾਰਾ ਦਲ ਚੁੱਪ ਚਾਪ ਬੈਠਾ ਹੈ, ਕੋਈ ਆਵਾਜ਼ ਨਹੀਂ ਨਿਕਲਦੀ, ਹਾਂ ਕੋਈ ਟਾਂਵੇਂ ਹੰਝੂਆਂ ਦੇ ਟੇਪੇ ਕਿਰਦੇ ਹਨ। ਨਾ-ਸ਼ੁਕਰੀ ਦੇ ਨਹੀਂ, ਮਨਮੁੱਖਤਾ ਯਾ ਭਾਣੇ ਮੋੜਨ ਦੇ ਨਹੀਂ, ਕੇਵਲ ਬਿਜੈ ਸਿੰਘ ਦੇ ਪ੍ਰੇਮ ਅਰ ਸ਼ੀਲ ਕੌਰ ਦੇ ਸਤੀ ਹੋਣੇ ਪਰ ਤੇ ਖਾਲਸਾ ਧਰਮ ਦੇ ਭਰੋਸੇ ਪਰ। 'ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ, ਬਿਜੈ ਸਿੰਘ ਦਾ ਭੁਜੰਗੀ ਜੋ ਅੱਖਾਂ ਦੇ ਫੇਰ ਵਿਚ ਮਾਤਾ ਪਿਤਾ ਤੋਂ ਰਹਿਤ ਹੋ ਗਿਆ; ਅੱਥਰੂ ਭਰੇ ਨੈਣਾਂ ਨਾਲ ਹੈਰਾਨੀ ਵਿੱਚ ਡੁੱਬ ਰਿਹਾ ਹੈ। ਕਰੋੜਾ ਸਿੰਘ ਝੋਲੀ ਵਿੱਚ ਲੈ ਕੇ ਦਿਲਾਸਾ ਦਿੰਦਾ ਹੈ ਤੇ ਪਿਆਰ ਕਰਦਾ ਹੈ। ਭੁਜੰਗੀ ਬੜੇ ਖਖੇੜ ਬਖੇੜ ਦੇਖ ਚੁੱਕਾ ਹੈ, ਮਾਤਾ ਪਿਤਾ ਤੋਂ ਚੋਖੀ ਸਿਖਿਆ ਪਾ ਚੁੱਕਾ ਹੈ, ਪਰ ਅਚਾਨਕ ਦੋਹਾਂ ਦਾ ਵਿਛੋੜਾ ਡੂੰਘੇ ਤੇ ਸੱਚੇ ਪਿਆਰ ਦੀਆਂ ਤਰਬਾਂ ਨੂੰ ਅੰਦਰੋਂ ਹਿਲਾਉਂਦਾ ਹੈ। ਜਥੇਦਾਰ ਦਾ ਪਿਆਰ ਠੱਲ੍ਹਦਾ ਹੈ, ਵਿਛੋੜੇ ਤੇ ਹੌਂਸਲੇ ਬੰਨ੍ਹਣ ਦੇ ਅਚਰਜ ਰੰਗ ਉਸ ਦੇ ਸੁੱਚੇ ਤੇ ਕੁਮਾਰ ਦਿਲ ਤੇ ਅਸਰ ਕਰਦੇ ਹਨ। ਰੁਕ ਕੇ ਫੇਰ ਹੌਲੇ ਜਿਹੇ ਮਾਂ ਪਿਉ ਦੀ ਛਾਤੀ ਤੇ ਸਿਰ ਰੱਖਦਾ ਹੈ, ਇੱਕ ਵੇਰੀ ਇਹ ਗੱਲ ਮੂੰਹੋਂ ਡਾਢੀ ਦਰਦਨਾਕ ਹੋ ਕੇ ਨਿਕਲੀ, ਅੰਮਾ ਜੀਓ! ਅੱਜ ਕਿਉਂ ਇਹ ਪਿਆਲਾ ਕੱਲਿਆਂ ਪੀ ਲਿਆ ਜੇ? ਇਸ ਤਰ੍ਹਾਂ ਦੇ ਪਿਆਰ ਦੀ ਪੰਘਰ ਨੂੰ ਜੱਸਾ ਸਿੰਘ ਨੇ ਸੰਭਾਲਿਆ ਤੇ ਭੁਜੰਗੀ ਨੂੰ ਗੋਦ ਵਿੱਚ ਸੁਆਈ ਰੱਖਿਆ। ਸਾਰੀ ਰਾਤ ਗੁਰਬਾਣੀ ਦਾ ਪਾਠ ਹੁੰਦਾ ਰਿਹਾ। ਦਿਨ ਹੁੰਦੇ ਸਾਰ ਬੜੇ ਸਤਿਕਾਰ ਨਾਲ ਦੋਹਾਂ ਦਾ ਸਸਕਾਰ ਕਰਕੇ ਫੁੱਲ ਤੇ ਭਬੂਤੀ ਬਿਆਸਾ ਵਿੱਚ ਪਰਵਾਹ ਦਿੱਤੀ। ਬਿਜੈ ਸਿੰਘ ਦਾ ਬੇਟਾ ਇਕ ਬੜਾ ਸੂਰਮਾ ਹੋਇਆ। ਕਰੋੜਾ ਸਿੰਘ ਨੇ ਉਸ ਨੂੰ ਬੱਚਿਆਂ ਵਾਂਗ ਪਾਲਿਆ ਤੇ ਪੰਥ ਦਾ ਇਕ ਲਾਲ ਤਿਆਰ ਕੀਤਾ, ਜਿਸ ਦਾ ਜੀਵਨ ਨਾਮ ਵਿੱਚ ਪਵਿੱਤਰ ਤੇ ਉੱਚਾ ਹੋਇਆ ਤੇ ਪੰਥ ਸੇਵਾ ਵਿਚ ਸਫਲਿਆ।

**ਅੰਤਮ ਬਿਨਯ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣੇ ਮਗਰੋਂ, ਜੋ ੧੭੬੫ ਵਿੱਚ ਹੋਇਆ, ਲਗਭੱਗ ੪● ਵਰ੍ਹੇ ਤਾਂ ਬਹੁਤ ਤੇ ਫੇਰ ਥੋੜ੍ਹੇ ਖੇਦ ਖਾਲਸੇ ਤੇ ਝੱਲੇ। ਜੋ ਕੁਰਬਾਨੀਆਂ ਕੀਤੀਆਂ, ਜੋ ਘਾਲਾਂ ਘਾਲ ਕੇ ਆਪਣੇ ਪੰਥ ਤੇ ਦੇਸ਼ ਨੂੰ ਜ਼ੁਲਮ ਰਾਜ ਤੋਂ ਮੁਕਤ ਕਰਨ ਵਿਚ ਖਰਚ ਕੀਤੀਆਂ, ਉਨ੍ਹਾਂ ਜੇਹੀ ਸ਼ਾਨ ਵਾਲੀ ਆਪਾ ਘਾਲਣ ਦੀ ਮਿਸਾਲ ਤੇ ਉਪਕਾਰ ਦੀ ਖਾਤਰ ਸਦਕੇ ਹੋਣ ਦੀ ਨਜ਼ੀਰ ਜਗਤ ਇਤਿਹਾਸ ਵਿਚ ਮਿਲਣੀ ਮੁਸ਼ਕਲ ਹੈ। ਜੇ ਕਦੇ ਉਸ ਸਦੀ ਕੁ ਦੇ ਹਾਲਾਤ ਸਿਖ ਮਰਦ ਤ੍ਰੀਮਤਾਂ ਬੱਚੇ ਪੜ੍ਹ ਲੈਣ ਤਾਂ ਆਪਣੇ ਜੀਵਨ ਉੱਚੇ ਕਰਨ ਦੇ ਨਾਲ ਆਪਣੇ ਬਜ਼ੁਰਗ ਪਿੱਛੇ ਦੇ ਫਖਰ ਵਿਚ ਐਤਨੇ ਉੱਚੇ ਉਠਣ ਕਿ ਕੌਮੀ ਪਿਆਰ ਤੇ ਕੌਮ ਲਈ ਸਦਕੇ ਹੋਣ ਤੇ ਸਿੱਖੀ ਸਿਦਕ ਵਿੱਚ ਵੱਡਿਆਂ ਵਰਗੇ ਹੋ ਜਾਣ। ਉਹ ਹਾਲਾਤ ਦੇਖਣਹਾਰਾਂ ਦੇ ਸੀਨਿਆਂ ਵਿੱਚ ਗੁੰਮ ਹੋ ਗਏ। ਕੁਛ ਫਾਰਸੀ ਇਤਿਹਾਸਾਂ ਵਿੱਚ ਲਿਖੇ ਪਏ, ਕੁਛ ਥਹੁ ਵਾਲੇ ਤੇ ਕੁਛ ਬੇਥਵੇ ਟਿਕਾਣਿਆਂ ਤੇ ਪਏ ਹਨ। ਪੰਥ ਨੇ ਇਧਰ ਧਿਆਨ ਨਹੀਂ ਦਿਤਾ, ਇਹ ਗਫਲਤ ਇਕ ਖੁਦਕਸ਼ੀ ਹੈ। ਉਪਰ ਲਿਖੇ ਸਮਾਚਾਰ ਕੇਵਲ ਮੀਰ ਮੰਨੂੰ ਦੇ ਸਮੇਂ ਅਤਿਆਚਾਰ ਤੇ ਸਿੱਖਾਂ ਦੀਆਂ ਅਨੇਕਾਂ ਘਾਲਾਂ ਤੇ ਕਰਨੀਆਂ ਵਿਚੋਂ ਇਕ ਵੰਨਗੀ ਮਾਤਰ ਦੱਸੇ ਹਨ। ਖਾਨ ਬਹਾਦਰ ਆਦਿਕਾਂ ਦੇ ਸਮਿਆਂ ਦੇ ਅਤਿਆਚਾਰ ਲੱਭੇ ਜਾਣ ਤਾਂ ਅਜੇ ਬਹੁਤ ਕੁਝ ਲੱਭ ਸਕਦਾ ਹੈ, ਜਿਸ ਦੇ ਪ੍ਰਗਟ ਕਰਨ ਨਾਲ ਕੌਮ ਵਿੱਚ ਨਵੀਂ ਜਾਨ ਭਰ ਜਾਵੇ।

♠♠♠♠♠

# ਬੀਬੀ ਭਾਨੀ ਜੀ

ੴ ਸਤਿਗੁਰ ਪ੍ਰਸਾਦਿ

ਬੀਬੀ ਭਾਨੀ ਜੀ ਸਿੱਖ ਧਰਮ ਵਿੱਚ ਇੱਕ ਐਸੀ ਇਸਤਰੀ ਹੋਏ ਹਨ ਜਿਸ ਦਾ ਸਾਨ੍ਹੀ ਸਾਰੇ ਸੰਸਾਰ ਵਿੱਚ ਕੋਈ ਨਹੀਂ ਹੈ। ਸਿੱਖ ਧਰਮ ਵਿੱਚ ੧● ਗੁਰੂ ਸਾਹਿਬਾਨ ਹੋਏ ਹਨ। ਪਹਿਲੇ ਦੋ ਗੁਰੂ ਸਾਹਿਬਾਨ ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਨੂੰ ਛੱਡ ਕੇ ਬਾਕੀ ਅੱਠ ਗੁਰੂ ਸਾਹਿਬਾਨ ਬੀਬੀ ਭਾਨੀ ਜੀ ਨਾਲ ਸਬੰਧ ਰਖਦੇ ਹਨ।

੨. ਤੀਜੇ ਗੁਰੂ ਅਮਰਦਾਸ ਜੀ ਉਨ੍ਹਾਂ ਦੇ ਪਿਤਾ ਹਨ।

੩. ਚੌਥੇ ਗੁਰੂ ਰਾਮਦਾਸ ਜੀ ਉਨ੍ਹਾਂ (ਜੇਠਾ ਜੀ) ਦੇ (ਬੀਬੀ ਭਾਨੀ ਦੇ) ਪਤੀ ਹਨ।

ਚਲੀ ਪੀੜੀ ਸੋਢੀਆਂ ਰੂਪ ਵਖਾਵਨ ਵਾਰੋ ਵਾਰੀ

੪. ਪੰਜਵੇਂ ਗੁਰੂ ਅਰਜਨ ਦੇਵ ਜੀ ਬੀਬੀ ਭਾਨੀ ਦੇ ਸਪੁੱਤਰ ਹਨ।

੫. ਛੇਵੇਂ ਗੁਰੂ ਹਰਿਗੋਬਿੰਦ ਜੀ ਪੋਤੇ ਹਨ।

੬. ਸੱਤਵੇਂ ਗੁਰੂ ਹਰਿਰਾਇ ਜੀ ਉਨ੍ਹਾਂ ਦੇ ਪੋਤੇ ਹਰਿਗੋਬਿੰਦ ਦੇ ਪੋਤਰੇ ਹਨ।

੭. ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਸ੍ਰੀ ਗੁਰੂ ਗੋਬਿੰਦ ਦੇ ਪੋਤੇ ਹਰਿ ਰਾਇ ਦੇ ਲੜਕੇ ਹਨ।

੮. ਨੌਵੇਂ ਗੁਰੂ ਤੇਗ ਬਹਾਦਰ ਜੀ ਗੁਰੂ ਹਰਿਗੋਬਿੰਦ ਦੇ ਛੋਟੇ ਲੜਕੇ ਹਨ।

੯. ਦਸਵੇਂ ਗੁਰੂ ਗੋਬਿੰਦ ਸਿੰਘ ਜੀ ਬੀਬੀ ਭਾਨੀ ਦੇ ਪੋਤੇ ਹਰਿਗੋਬਿੰਦ ਦੇ ਪੋਤੇ ਸਨ।

ਬੀਬੀ ਭਾਨੀ ਜੀ

ਲਾਹੌਰ ਸ਼ਹਿਰ ਸ੍ਰੀ ਰਾਮਚੰਦਰ ਜੀ ਦੇ ਲੜਕੇ ਲਵ ਨੇ ਵਸਾਇਆ ਸੀ। ਉਨ੍ਹਾਂ ਦੇ ਵੰਸ ਵਿਚੋਂ ਚੂਨਾ ਮੰਡੀ ਲਾਹੌਰ ਵਿੱਚ ਠਾਕਰ ਹਰੀਦਾਸ ਮਲ ਸੋਢੀ ਦੇ ਘਰ ੨੬ ਅੱਸੂ ਸੰਮਤ ੧੫੯੧ ਬਿਕ੍ਰਮੀ ਨੂੰ ਵੀਰਵਾਰ ਮਾਤਾ ਦਿਆ ਕੌਰ ਜੀ ਦੀ ਕੁੱਖ ਤੋਂ ਬਾਲਕ ਪੈਦਾ ਹੋਇਆ ਜਿਸ ਦਾ ਨਾਮ ਰਾਮਦਾਸ ਰੱਖਿਆ। ਪਰ ਪਲੇਠੀ ਦਾ ਬੱਚਾ ਹੋਣ ਕਰਕੇ ਸਾਰੇ ਜੇਠਾ ਜੀ ਆਖਦੇ ਸਨ। ਜਦ ਜੇਠਾ ਜੀ ਨੇ ਹੋਸ਼ ਸੰਭਾਲੀ ਤਾਂ ਉਨ੍ਹਾਂ ਦੇ ਪਿਤਾ ਹਰੀਦਾਸ ਦਾ ਦਿਹਾਂਤ ਹੋ ਗਿਆ। ਉਹ ਚੂਨਾ ਮੰਡੀ ਲਾਹੌਰ ਨੂੰ ਛੱਡ ਕੇ ਆਪਣੀ ਮਾਤਾ ਨਾਲ ਨਾਨੀ ਕੋਲ ਪਿੰਡ ਬਾਸਰਕੇ ਆ ਗਏ। ਨਾਨੀ ਨੇ ਅਤੇ ਮਾਤਾ ਨੇ ਜੇਠਾ ਜੀ ਨੂੰ ਛੋਲਿਆਂ ਦੀਆਂ ਘੁੰਗਣੀਆਂ ਬਣਾ ਕੇ ਦੇਣੀਆਂ ਤਾਂ ਕਿ ਵੇਚ ਕੇ ਕੁਛ ਪੈਸੇ ਕਮਾਏ ਅਤੇ ਨਾਲ ਧਿਆਨ ਲੱਗਾ ਰਹੇ। ਥੋੜ੍ਹੇ ਸਮੇਂ ਬਾਅਦ ਜੇਠਾ ਜੀ ਦੀ ਮਾਤਾ ਵੀ ਚੜ੍ਹਾਈ ਕਰ ਗਈ ਅਤੇ ਉਹ ਯਤੀਮ ਹੋ ਗਿਆ।

ਤੀਸਰੇ ਗੁਰੂ ਅਮਰਦਾਸ ਜੀ ਦਾ ਪਿੰਡ ਵੀ ਬਾਸਰਕੇ ਸੀ। ਉਹ ਜੇਠਾ, ਉਹਦੇ ਨਾਨਕੇ ਅਤੇ ਮਾਤਾ ਪਿਤਾ ਨੂੰ ਜਾਣਦੇ ਸਨ। ਜਦੋਂ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਦੀ ਗੱਦੀ ਮਿਲੀ ਤਾਂ ਗੁਰੂ ਅੰਗਦ ਦੇਵ ਜੀ ਕਿਹਾ ਕਿ ਆਪ ਖਡੂਰ ਸਾਹਿਬ ਨੂੰ ਛੱਡ ਕੇ ਗੋਇੰਦਵਾਲ ਚਲੇ ਜਾਓ, ਜੋ ਬਿਆਸਾ ਨਦੀ ਕੰਢੇ ਉਪਰ ਹੈ। ਸੋ ਗੁਰੂ ਅਮਰਦਾਸ ਜੀ ਗੋਇੰਦਵਾਲ ਆ ਗਏ ਅਤੇ ਕੁਛ ਸਮੇਂ ਬਾਅਦ ਗੁਰੂ ਜੀ ਨੇ ਆਪਣੇ ਪਰਿਵਾਰ ਨੂੰ ਵੀ ਗੋਇੰਦਵਾਲ ਸੱਦ ਲਿਆ। ਉੱਥੇ ਸੰਗਤ ਬਹੁਤ ਸੀ ਤੇ ਕਾਰ ਸੇਵਾ ਦਾ ਕੰਮ ਚੱਲ ਰਿਹਾ ਸੀ।

ਗੁਰੂ ਅਮਰਦਾਸ ਜੀ ਦੀਆਂ ਦੋ ਲੜਕੀਆਂ ਸਨ। ਵੱਡੀ ਸਪੁੱਤਰੀ ਬੀਬੀ ਦਾਨੀ ਜੀ ਸ੍ਰੀ ਰਾਮ ਨਾਲ ਵਿਆਹੀ ਹੋਈ ਸੀ ਅਤੇ ਛੋਟੀ ਬੀਬੀ ਭਾਨੀ ਸੀ ਜੋ ਵਰ ਯੋਗ ਸੀ।

ਇਕ ਦਿਨ ਬਾਸਰਕੇ ਦੀ ਸੰਗਤ ਜੁੜ ਕੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਗੋਇੰਦਵਾਲ ਨੂੰ ਚਲੀ ਤਾਂ ਜੇਠਾ ਜੀ ਵੀ ਸੰਗਤ ਨਾਲ ਗੋਇੰਦਵਾਲ ਰਹਿ ਗਏ। ਜੇਠਾ ਜੀ ਬੜੇ ਪਿਆਰ ਨਾਲ ਦਿਨ ਰਾਤ ਸੇਵਾ ਕਰ ਰਹੇ ਹਨ। ਮਾਤਾ ਮਨਸਾ ਦੇਵੀ ਜੀ ਨੇ ਇੱਕ ਦਿਨ ਗੁਰੂ ਜੀ ਨੂੰ ਆਖਿਆ ਕਿ ਭਾਨੀ ਵਰ ਜੋਗ ਹੋ ਗਈ ਹੈ ਇਸ ਲਈ ਪ੍ਰੋਹਿਤ ਨੂੰ ਚੰਗੇ ਰਿਸ਼ਤੇ ਵਾਸਤੇ ਆਖੋ। ਤਿੰਨ ਦਿਨ ਉਪਰੰਤ ਜਦ ਮਾਤਾ ਜੀ ਗੁਰੂ ਜੀ ਪਾਸ ਬੈਠੇ ਹਨ ਤਾਂ ਜੇਠਾ ਜੀ ਸੇਵਾ ਕਰਦੇ-ਕਰਦੇ ਏਧਰ ਆ ਨਿਕਲੇ ਤਾਂ ਮਾਤਾ ਜੀ ਨੇ ਵੇਖ ਕੇ, ਇਨ੍ਹਾਂ ਵਲ ਇਸ਼ਾਰਾ ਕੀਤਾ ਕਿ ਲੜਕਾ ਇਸ ਵਰਗਾ ਹੀ ਸੁੰਦਰ ਭੋਲਾ ਭਾਲਾ ਏਡਾ ਕੁ ਹੋਵੇ। ਜੋ ਵੇਖਣ ਵਿੱਚ ਵੀ ਸੋਹਣਾ ਲੱਗੇ। ਤਾਂ ਗੁਰੂ ਜੀ ਨੇ ਜੇਠਾ ਜੀ ਨੂੰ ਪਾਸ ਬੁਲਾ ਕੇ ਉਸ ਦੇ ਮਾਂ ਬਾਪ ਦਾ ਨਾਮ ਅਤੇ ਨਾਨਕਿਆਂ ਬਾਬਤ ਪੁੱਛਿਆ। ਫਿਰ ਗੁਰੂ ਜੀ ਨੇ ਮਾਤਾ ਨੂੰ ਕਿਹਾ ਕਿ ਇਸ ਵਰਗਾ ਤਾਂ ਇਹ ਹੀ ਹੈ। ਇਹ ਸੰਜੋਗਾਂ ਦਾ ਭੇਜਿਆ ਹੋਇਆ ਹੀ ਇਥੇ ਆਇਆ ਹੈ। ਸੋ ਗੁਰੂ ਜੀ ਨੇ ਆਪਣੀ ਛੋਟੀ ਸਪੁੱਤਰੀ ਭਾਨੀ ਦੀ ਮੰਗਣੀ ਜੇਠਾ ਨਾਲ ਕਰ ਦਿੱਤੀ ਅਤੇ ਆਪ ਜੀ ਨੇ ਛੇਤੀ ਹੀ ਜੇਠਾ ਜੀ ਦੇ ਤਾਏ ਚਾਚਿਆਂ ਨੂੰ ਲਾਹੌਰ ਤੋਂ ਅਤੇ ਨਾਨਕਿਆ ਨੂੰ ਬਾਸਰਕੇ ਤੋਂ ਗੋਇੰਦਵਾਲ ਸੱਦ ਕੇ ੨੨ ਫੱਗਣ ਸੰਮਤ ੧੬੧● ਬਿਕਰਮੀ ਨੂੰ ਬੀਬੀ ਭਾਨੀ ਦਾ ਵਿਆਹ ਕਰ ਦਿੱਤਾ। ਗੁਰੂ ਅਮਰਦਾਸ ਜੀ ਨੇ ਲਾੜੇ ਨੂੰ ਆਖਿਆਂ ਜੋ ਮੰਗਣਾ ਹੈ ਮੰਗ ਲੈ ਪਰ ਰਾਮਦਾਸ ਜੀ ਗੁਰੂ ਦੇ ਚਰਨਾਂ ਵਿੱਚ ਨਿਵਾਸ ਅਤੇ ਨਾਮ ਦਾ ਦਾਨ ਮੰਗਿਆ। ਵਿਆਹ ਪਿਛੋਂ ਜੇਠਾ ਜੀ ਦੇ ਰਿਸ਼ਤੇਦਾਰ ਤਾਂ ਵਾਪਸ ਚਲੇ ਗਏ ਪਰ ਜੇਠਾ ਜੀ ਤਾਂ ਗੋਇੰਦਵਾਲ ਹੀ ਸੇਵਾ ਵਿੱਚ ਲੀਨ ਹੋ ਗਏ।

ਉਪਰ ਬੀਬੀ ਭਾਨੀ ਜੀ, ਜੋ ਆਪਣੇ ਪਿਤਾ ਨੂੰ ਭਗਵਾਨ ਦਾ ਰੂਪ ਸਮਝ ਕੇ ਮਨੋਂ ਤਨੋਂ ਹੋ ਕੇ ਸੇਵਾ ਕਰ ਰਹੀ ਸੀ। ਸਵਾ ਪਹਿਰ ਸਵੇਰੇ ਉਠ ਕੇ ਪਾਣੀ ਗਰਮ ਕਰ ਕੇ ਗੁਰੂ ਜੀ ਨੂੰ ਰੋਜ਼ ਇਸ਼ਨਾਨ ਕਰਾਉਣਾ, ਉਸ ਦੇ ਜ਼ਿੰਮੇ ਸੀ। ਇਸ ਤਰ੍ਹਾਂ ਇਕ ਦਿਨ ਚੌਂਕੀ ਦਾ ਇਕ ਪਾਵਾ ਟੁੱਟ ਗਿਆ ਤਾਂ ਬੀਬੀ ਬਾਨੀ ਨੇ ਛੇਤੀ ਨਾਲ ਚੌਂਕੀ ਹੇਠਾਂ ਆਪਣਾ ਪੈਰ ਰੱਖ ਦਿੱਤਾ ਕਿ ਗੁਰੂ ਜੀ ਡਿਗ

ਨਾ ਪੈਣ। ਚੌਂਕੀ ਦੀ ਮੇਖ ਭਾਨੀ ਜੀ ਦੇ ਪੈਰ ਵਿੱਚ ਖੁੱਭ ਗਈ। ਪੈਰ ਵਿਚੋਂ ਲਹੂ ਵਗਣ ਲੱਗ ਪਿਆ। ਪਰ ਬੀਬੀ ਭਾਨੀ ਜੀ ਨੇ ਕੋਈ ਪ੍ਰਵਾਹ ਨਾ ਕੀਤੀ। ਜਦੋਂ ਗੁਰੂ ਜੀ ਨੇ ਵੇਖਿਆ ਕਿ ਲਾਲ ਰੰਗ ਦਾ ਪਾਣੀ ਕਿਥੋਂ ਆ ਗਿਆ ਹੈ। ਤਾਂ ਕੀ ਵੇਖਦੇ ਹਨ ਕਿ ਭਾਨੀ ਨੇ ਚੌਂਕੀ ਦੇ ਪਾਵੇ ਦੀ ਥਾਂ ਆਪਣਾ ਪੈਰ ਥੱਲੇ ਦਿਤਾ ਹੋਇਆ ਹੈ ਤੇ ਓਸ ਵਿਚੋਂ ਖੂਨ ਵਗ ਰਿਹਾ ਹੈ। ਗੁਰੂ ਜੀ ਬੀਬੀ ਤੇ ਨਿਹਾਲ ਹੋ ਗਏ ਅਤੇ ਆਖਣ ਲੱਗੇ ਮੰਗ ਲੈ ਜੋ ਮੰਗਣਾ ਹੈ। ਭਾਨੀ ਜੀ ਨੇ ਕਿਹਾ ਪਿਤਾ ਜੀ! ਜੇ ਤੁਠੇ ਹੋ ਤਾਂ ਅੱਗੋਂ ਗੱਦੀ ਘਰ ਵਿੱਚ ਹੀ ਰਹੇ। ਤਾਂ ਗੁਰੂ ਜੀ ਨੇ ਅੰਤਰ ਧਿਆਨ ਹੋ ਕੇ ਵੇਖਿਆ ਕਿ ਅੱਗੇ ਕਸ਼ਟ ਭੀ ਕਾਫੀ ਹਨ।

ਬੀਬੀ ਭਾਨੀ ਜੀ ਇਕ ਪਤੀਵਰਤਾ ਇਸਤਰੀ ਸੀ ਉਹ ਹਰ ਵਕਤ ਆਪਣੇ ਪਤੀ ਰਾਮਦਾਸ ਜੀ ਦੀ ਸੁਖ ਸਾਂਦ ਅਤੇ ਉਸ ਦੀ ਆਤਮਿਕ ਉੱਨਤੀ ਲਈ ਪ੍ਰਾਰਥਨਾ ਕਰਦੀ ਰਹਿੰਦੀ ਸੀ। ਜਿਸ ਦਾ ਅਸਰ ਇਹ ਹੋਇਆ ਕਿ ਹਰ ਰੋਜ਼ ਜੇਠਾ ਜੀ ਪਹਿਲਾਂ ਨਾਲੋਂ ਨਿਮਰਤਾ ਨਾਲ ਅਤੇ ਲਗਨ ਨਾਲ ਕਾਰ ਸੇਵਾ, ਲੰਗਰ ਦੀ ਸੇਵਾ, ਸੰਗਤ ਦੀ ਸੇਵਾ ਵਿੱਚ ਲੱਗੇ ਰਹਿੰਦੇ। ਉਨ੍ਹਾਂ ਗੁਰੂ ਜੀ ਦਾ ਜਵਾਈ ਹੋਣ ਦਾ ਮਾਣ ਨਹੀਂ ਕੀਤਾ। ਇਸ ਕਰਕੇ ਇੱਕ ਐਸੀ ਘਟਨਾ ਹੋ ਗਈ ਜਿਸ ਦੀ ਗੂੰਜ ਅਕਬਰ ਬਾਦਸ਼ਾਹ ਪਾਸ ਲਾਹੌਰ ਪਹੁੰਚੀ। ਲੇਖ ਤਾਂ ਥੋੜ੍ਹਾ ਹੋਏਗਾ ਪਰ ਗੱਲ ਸੁਣਨ ਵਾਲੀ ਹੈ।

ਸੰਮਤ ੧੬੧੬ ਬਿਕ੍ਰਮੀ ਵਿੱਚ ਬਾਉਲੀ ਸਾਹਿਬ ਦੀ ਕਾਰ ਸੇਵਾ ਆਰੰਭ ਕੀਤੀ ਗਈ। ਬਹੁਤ ਸਿੱਖ ਸੇਵਕ ਅਤੇ ਰਾਜ ਮਜ਼ਦੂਰ ਕੰਮ ਤੇ ਲੱਗ ਗਏ। ਹੋਰ ਸੇਵਾ ਤੋਂ ਉਪਰੰਤ ਜੇਠਾ ਜੀ ਵੀ ਹੋਰ ਸੇਵਕਾਂ ਵਾਂਗੂੰ ਮਿੱਟੀ ਦੀ ਟੋਕਰੀ ਚੁੱਕ ਕੇ ਢੋਂਦੇ ਰਹਿੰਦੇ ਸਨ। ਇਨ੍ਹਾਂ ਹੀ ਦਿਨਾਂ ਵਿੱਚ ਹਰਿਦੁਆਰ ਕੁੰਭ ਦਾ ਮੇਲਾ ਸੀ। ਲਾਹੌਰ ਦੀ ਸੰਗਤ ਕੁੰਭ ਇਸ਼ਨਾਨ ਨੂੰ ਜਾਂਦੀ ਹੋਈ ਗੋਇੰਦਵਾਲ ਆ ਠਹਿਰੀ। ਇਹ ਸੰਗਤ ਜਦ ਬਾਉਲੀ ਸਾਹਿਬ ਦੀ ਕਾਰ ਸੇਵਾ ਵੇਖਣ ਗਈ ਤਾਂ ਇਨ੍ਹਾਂ ਨੇ ਵੇਖਿਆ ਕਿ ਸ੍ਰੀ ਜੇਠਾ ਜੀ ਹੋਰ ਮਜ਼ਦੂਰਾਂ ਨਾਲ ਸਿਰ ਤੇ ਮਿੱਟੀ ਦੀ ਟੋਕਰੀ ਚੁੱਕੀ ਜਾ ਰਹੇ ਹਨ। ਇਹ ਵਡਿਆਈ ਦੇ ਅਭਿਲਾਖੀ, ਗੁਰੂ ਜੀ ਦੇ ਜਵਾਈ ਤੇ ਆਪਣੇ ਕੁਲ ਦੇ ਮੁੰਡੇ ਦਾ ਇਹ ਮਜ਼ਦੂਰਾਂ ਵਾਲਾ ਹਾਲ ਵੇਖ ਕੇ ਬੜੇ ਹੈਰਾਨ ਤੇ ਕ੍ਰੋਧਤੁਰ ਹੋਏ। ਇਨ੍ਹਾਂ ਸੋਚਿਆ ਸੀ ਕਿ ਜੇਠਾ ਜੀ ਆਪਣੇ ਸਹੁਰੇ ਘਰ ਕਿਤੇ ਗਦੈਲੇ ਲਾ ਕੇ ਬੈਠਾ ਹੋਵੇਗਾ। ਫਿਰ ਇਨ੍ਹਾਂ ਨੇ ਜੇਠਾ ਜੀ ਨੂੰ ਸੁੱਖ-ਸਾਂਦ ਪੁੱਛੀ ਤੇ ਉਪਰੰਤ ਸਲਾਹ ਕਰਕੇ ਸਾਰੇ ਗੁਰੂ ਜੀ ਪਾਸ ਉਲ੍ਹਮਾ ਦੇਣ ਚਲੇ ਗਏ।

ਸ੍ਰੀ ਗੁਰੂ ਅਮਰਦਾਸ ਜੀ ਆਪਣੇ ਨਿਵਾਸ ਅਸਥਾਨ ਤੇ ਬੈਠੇ ਸਨ। ਇਹ ਸਾਰੇ ਬਣੇ ਤਣੇ ਉੱਥੇ ਹੀ ਪਹੁੰਚ ਗਏ। ਕੁਝ ਕੜਮਾਂਚਾਰੀ ਦੇ ਹੰਕਾਰ ਕਰਕੇ ਕੁਝ ਜੇਠਾ ਜੀ ਦੀ ਮਾੜੀ ਹਾਲਤ ਵੇਖ ਕੇ, ਗੁੱਸੇ ਨਾਲ ਭਰੇ ਹੋਏ ਬਿਨਾਂ ਕਿਸੇ ਸਤਿਕਾਰ ਦੇ, ਗੁਰੂ ਜੀ ਨੂੰ ਆਖਣ ਲੱਗੇ ਕਿ ਤੁਸੀਂ ਇਹ ਚੰਗਾ ਨਹੀਂ ਕਰਦੇ ਜੋ ਜਵਾਈ ਪਾਸੋਂ ਮਜ਼ਦੂਰਾਂ ਦਾ ਕੰਮ ਕਰਾਉਂਦੇ ਹੋ। ਉੱਚੀ ਕੁਲ ਦਾ ਜਾਤਕ ਤਾਏ ਚਾਚਿਆਂ ਦੇ ਸ਼ਰੀਕੇ ਦੇ ਬੋਹੜ ਵਾਲਾ ਹੈ। ਤੁਸਾਂ ਇਸਨੂੰ ਕੀ ਜਾਣ ਕੇ ਟੋਕਰੀ ਢੋਣ ਦਾ ਕੰਮ ਦਿੱਤਾ ਹੈ। ਜੇ ਤੁਸੀਂ ਇਸ ਦੀ ਇਜ਼ਤ ਨਹੀਂ ਸੀ ਕਰਨੀ ਤਾਂ ਇਸਨੂੰ ਘਰ ਹੀ ਭੇਜ ਦੇਣਾ ਸੀ। ਇਨ੍ਹਾਂ ਦੀਆਂ ਇਹ ਉਲਾਂਭੇ ਵਾਲੀਆਂ ਗੱਲਾਂ ਸੁਣ ਕੇ ਜਦ ਗੁਰੂ ਜੀ ਨੇ ਸ੍ਰੀ ਜੇਠਾ ਵਲ ਵੇਖਿਆ ਤਾਂ ਜੇਠਾ ਜੀ ਦਾ ਚਿਹਰਾ ਪ੍ਰਸੰਨ ਹਿਰਦੇ ਵਿੱਚ ਛਾਲਾਂ ਮਾਰ ਰਿਹਾ ਸੀ। ਗੁਰੂ ਜੀ ਨੇ ਜੇਠਾ ਜੀ ਦੀ ਦਸ਼ਾ ਵੇਖ ਕੇ ਅਨੁਭਵ ਕੀਤਾ ਕਿ ਜੇਠਾ ਜੀ ਦੇ ਮਨ ਵਿਚ ਗੁਰੂ ਪ੍ਰੇਮ ਦੀ ਨਦੀ ਵਗ ਰਹੀ ਹੈ। ਉਹਨੂੰ ਜਾਤ ਪਾਤ ਦਾ ਕੋਈ ਮਾਣ ਨਹੀਂ ਹੈ। ਫਿਰ ਗੁਰੂ ਜੀ ਨੇ ਲਾਹੌਰ ਵਾਸੀ ਮੁਖੀਆਂ ਨੂੰ ਕਿਹਾ ਕਿ ਅਸਾਂ ਸਾਰੇ ਜਗਤ ਦਾ ਛਤਰ ਜੇਠਾ ਜੀ ਨੂੰ ਦਿੱਤਾ ਹੈ। ਇਨ੍ਹਾਂ ਦੇ ਸਿਰ ਤੇ ਮਿੱਟੀ ਦੀ ਟੋਕਰੀ ਨਹੀਂ ਹੈ, ਸਗੋਂ ਪ੍ਰਿਥਵੀ ਦਾ ਛਤਰ ਹੈ। ਮਿੱਟੀ ਇਨ੍ਹਾਂ ਦੇ ਨਿੰਦਕਾਂ ਦੇ ਸਿਰ ਹੈ। ਇਹ ਕੁਲ ਨੂੰ ਤਾਰਨ ਵਾਲਾ ਹੋਵੇਗਾ। ਇਹਦੀ ਸ਼ੋਭਾ ਦੋਹਾਂ ਜਹਾਨਾਂ ਵਿੱਚ ਹੋਏਗੀ। ਗੁਰੂ ਜੀ ਨੇ ਕਈ ਵਰ ਜੇਠਾ ਜੀ ਨੂੰ ਦੇ ਦਿੱਤੇ। ਜੇਠਾ ਜੀ ਬੋਲੇ ਕਿ ਇਹ ਗੁਰੂ ਘਰ ਦੀ ਮਹਿਮਾ ਨੂੰ ਨਹੀਂ ਜਾਣਦੇ। ਇਹ ਆਪਣੇ ਧੰਦਿਆਂ ਵਿੱਚ ਫਸੇ ਹੋਏ ਹਨ। ਸ੍ਰੀ ਜੇਠਾ ਜੀ ਦੇ ਮੁੱਖ ਤੋਂ ਨਿਮਰਤਾ ਵਾਲੇ ਬਚਨ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਆਖਿਆ ਕਿ ਜੇਠਾ ਜੀ ਤੁਸੀਂ ਸੇਵਾ ਕਰਕੇ ਸਾਨੂੰ ਵਸ ਕਰ ਲਿਆ ਹੈ। ਆਪ ਧੰਨ ਹੋ, ਧੰਨ ਹੋ।

ਲਾਹੌਰ ਵਾਸੀਆਂ ਹਰਿਦੁਆਰ ਮੇਲੇ ਤੋਂ ਘਰ ਆ ਕੇ ਸਾਰਿਆਂ ਨੂੰ ਜੇਠਾ ਜੀ ਬਾਬਤ ਦੱਸਿਆ ਕਿ ਉਹ ਕਿਵੇਂ ਗੁਰੂ ਅਮਰਦਾਸ ਜੀ ਕੋਲ ਮਜ਼ਦੂਰਾਂ ਵਾਲੀ ਕਾਰ ਟੋਕਰੀ ਨਾਲ ਮਿੱਟੀ ਢੋਣ ਦੀ ਕਰ ਰਿਹਾ ਹੈ ਤੇ ਸਾਡੀ ਕੁਲ ਨੂੰ ਵੱਟਾ ਲਾ ਦਿੱਤਾ ਹੈ। ਜਵਾਈ ਹੋ ਕੇ ਘਟੀਆ ਕੰਮ ਕਰ ਰਿਹਾ ਹੈ। ਗੁਰੂ ਜੀ ਨੇ ਜਾਤੀ ਤੇ ਵਰਨ ਖਤਮ ਕਰਕੇ ਚਹੁੰ ਵਰਨਾਂ ਨੂੰ ਇੱਕੋ ਪੰਗਤ ਵਿੱਚ ਬਿਠਾ ਕੇ ਭੋਜਨ ਛਕਾਇਆ ਹੈ। ਆਪਣੇ ਚਰਨਾਂ ਦੀ ਪਾਹੁਲ ਦੇ ਕੇ ਸਿੱਖ ਬਣਾਉਂਦੇ ਹਨ। ਗਾਇਤ੍ਰੀ ਦਾ ਪਾਠ ਨਾ ਆਪ ਕਰਦੇ ਹਨ ਨਾ ਹੀ ਸਿੱਖਾਂ ਨੂੰ ਕਰਾਉਂਦੇ ਹਨ।

ਇਨ੍ਹਾਂ ਦੀਆਂ ਗੱਲਾਂ ਸੁਣ ਕੇ ਖੱਤਰੀਆਂ ਨੂੰ ਤੇ ਬ੍ਰਾਹਮਣਾਂ ਨੂੰ ਬਹੁਤ ਗੁੱਸਾ ਆਇਆ ਅਤੇ ਉਨ੍ਹਾਂ ਸਾਰਿਆਂ ਨੇ ਮਿਲ ਕੇ ਅਕਬਰ ਪਾਤਸ਼ਾਹ ਨੂੰ ਕਿਹਾ (ਜੋ ਉਨ੍ਹਾਂ ਦਿਨਾਂ ਵਿੱਚ ਲਾਹੌਰ ਆਇਆ ਹੋਇਆ ਸੀ) ਕਿ ਹਜ਼ੂਰ! ਤੁਸੀਂ ਜਗਤ ਦੀ ਮਰਿਆਦਾ ਰੱਖਣ ਵਾਲੇ ਹੋ, ਸਾਡੇ ਮਾਲਕ ਹੋ। ਬਿਗੜੀ ਹੋਈ ਨੂੰ ਸੁਧਾਰਨ ਵਾਲੇ ਹੋ। ਹਜ਼ੂਰ ਗੋਇੰਦਵਾਲ ਵਿਚ ਇਸ ਸਮੇਂ ਇੱਕ ਗੁਰੂ ਅਮਰਦਾਸ ਬੈਠਾ ਹੈ। ਉਸ ਨੇ ਚਹੁੰ ਵਰਨਾਂ ਦੇ ਭੇਦ ਨੂੰ ਮਿਟਾ ਦਿੱਤਾ ਹੈ। ਗਾਇਤ੍ਰੀ ਦਾ ਮੰਤਰ ਤੇ ਪਾਠ ਨਾ ਉਹ ਆਪ ਕਰਦਾ ਹੈ ਤੇ ਨਾਂ ਹੀ ਆਪਣੇ ਸਿੱਖਾਂ ਨੂੰ ਜਪਾਉਂਦਾ ਹੈ। ਹਿੰਦੂ ਧਰਮ ਦੀ ਮਰਿਯਾਦਾ ਵਿਗਾੜ ਦਿੱਤੀ ਹੈ। ਅੱਗੇ ਚਾਰੋਂ ਜੁਗਾਂ ਵਿੱਚ ਕਿਸੇ ਨੇ ਐਸਾ ਨਹੀਂ ਕੀਤਾ। ਆਪਣਾ ਨਵਾਂ ਨਾਮ ਵਾਹਿਗੁਰੂ ਜਪਾਉਂਦਾ ਹੈ। ਇਸ ਨੂੰ ਹੋਣੇ ਬੰਦ ਨਾ ਕੀਤਾ ਤਾਂ ਅੱਗੋਂ ਬੰਦ ਨਹੀਂ ਹੋਏਗੀ। ਹਜ਼ੂਰ ਸਾਡਾ ਇਨਸਾਫ ਕਰੋ।

ਅਕਬਰ ਨੇ ਆਖਿਆ ਤੁਸੀਂ ਚਿੰਤਾ ਨਾ ਕਰੋ। ਮੈਂ ਗੁਰੂ ਜੀ ਨੂੰ ਇੱਥੇ ਸੱਦ ਕੇ ਪਹਿਲਾਂ ਗੁਰੂ ਜੀ ਦੀ ਗੱਲ ਸੁਣ ਕੇ ਤੁਹਾਡਾ ਨਿਆਂ ਕਰਾਂਗਾ। ਬਾਦਸ਼ਾਹ ਦੀ ਗੱਲ ਸੁਣ ਕੇ ਸਾਰੇ ਸ਼ਿਕਾਇਤੀ ਲਾਹੌਰ ਹੀ ਠਹਿਰ ਗਏ। ਬਾਦਸ਼ਾਹ ਅਕਬਰ ਨੇ ਆਪਣੇ ਸਿਪਾਹੀ ਗੁਰੂ ਅਮਰਦਾਸ ਪਾਸ ਭੇਜੇ ਤੇ ਉਨ੍ਹਾਂ ਨੂੰ ਲਾਹੌਰ ਬੁਲਾਇਆ। ਤਾਂ ਗੁਰੂ ਜੀ ਨੇ ਜੇਠਾ ਜੀ ਨੂੰ ਲਾਹੌਰ ਜਾਣ ਵਾਸਤੇ ਆਖਿਆ। ਜੇਠਾ

*(ਬਾਕੀ ਪੰਨਾ 54 'ਤੇ)*

# ਮਾਰਗ ਚੋਣ
# (Choosing A Path)

***ਡਾ. ਸਵਾਮੀ ਰਾਮ ਜੀ***
***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

***(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-56)***

ਬ੍ਰਹਮਚਰੀਆ ਦਾ ਅਰਥ ਹੈ ਬ੍ਰਹਮਾ ਵਿੱਚ ਨਿਵਾਸ ਰੱਖਣਾ, ਭਾਵ ਵਿਸ਼ਵ ਚੇਤਨਤਾ ਵਿੱਚ ਰਹਿਣਾ, ਬ੍ਰਹਮਾ ਜੀਵਨ ਦਾ ਸਰੋਤ ਹਨ, ਚਾਨਣ ਹਨ ਸਾਰੀਆਂ ਸ਼ਕਤੀਆਂ ਹਨ ਜਿਹੜਾ ਜਗਿਆਸੂ ਸਦਾ ਸੁਚੇਤ ਸਾਵਧਾਨ ਰਹਿਣਾ ਸਿੱਖ ਲੈਂਦਾ ਹੈ, ਉਹ ਸਾਰੀਆਂ ਸ਼ਕਤੀਆਂ ਬ੍ਰਹਮਾ ਨੂੰ ਜਾਨਣ ਵਲ ਹੀ ਲਾ ਦਿੰਦਾ ਹੈ। ਜਿਹੜਾ ਵੀ ਜਗਿਆਸੂ ਇਹ ਯਮ ਆਪਣੇ ਅੰਦਰ ਪੈਦਾ ਕਰ ਲੈਂਦਾ ਹੈ ਉਹ ਹਰ ਸਮੇਂ ਬ੍ਰਹਮਾ ਪ੍ਰਤੀ ਸੁਚੇਤ ਹੋ ਜਾਂਦਾ ਹੈ, ਬ੍ਰਹਮਾ ਜੋ ਜੀਵਨ ਦਾ ਸਰੋਤ ਹਨ ਚਾਨਣ ਹਨ ਸਾਰੀ ਸ੍ਰਿਸ਼ਟੀ ਦੇ ਚਾਲਕ ਹਨ। ਜਦੋਂ ਕੋਈ ਵੀ ਆਪਣੀ ਸੋਚਣੀ, ਕਥਨੀ, ਕਰਨੀ ਸਾਰੀ ਬ੍ਰਹਮਾ ਵਲ ਹੀ ਲਗਾ ਦਿੰਦਾ ਹੈ ਉਹ ਹੀ ਬ੍ਰਹਮਚਾਰੀਆ ਹੈ। ਉਹ ਹੀ ਬ੍ਰਹਮਚਾਰੀਆ ਦਾ ਅਭਿਆਸੀ ਹੈ। ਇਹ ਅਵਸਥਾ ਇੰਦ੍ਰੀਆਂ ਤੋਂ ਪਰ੍ਹੇ ਹੋ ਕੇ ਉੱਚੇ ਉਠ ਕੇ ਹੀ ਆ ਸਕਦੀ ਹੈ ਇਛਾਵਾਂ ਦਾ ਤਿਆਗ ਕਰਕੇ ਹੀ ਹੋ ਸਕਦੀ ਹੈ। ਸਾਰੀਆਂ ਇੰਦ੍ਰੀਆਂ ਜਿਹੜੀਆਂ ਮਨੁੱਖ ਨੂੰ ਪ੍ਰੇਰਦੀਆਂ ਹਨ ਉਨ੍ਹਾਂ ਵਿਚੋਂ ਸਭ ਤੋਂ ਅੱਗੇ ਹੈ ਕਾਮ, ਜੇਕਰ ਇਸਨੂੰ ਕਾਬੂ ਨਾ ਕੀਤਾ ਜਾਵੇ, ਨਿਰਦੇਸ਼ ਨਾ ਕੀਤਾ ਜਾਵੇ ਦਿਸ਼ਾ ਨਾ ਦਿਤੀ ਜਾਵੇ, ਇਹ ਬਹੁਤ ਤਬਾਹੀ ਕਰ ਸਕਦੀ ਹੈ। ਆਮ ਤੌਰ ਤੇ ਬ੍ਰਹਮਚਾਰੀਆਂ ਨੂੰ ਕਾਮ ਤੋਂ ਦੂਰ ਰਹਿਣਾ, ਤਿਆਗ ਕਰਨਾ ਸਮਝਿਆ ਜਾਂਦਾ ਹੈ, ਜਤ ਸਤ, ਕੁਆਰਾਪਣ ਕਿਹਾ ਜਾਂਦਾ ਹੈ। ਵਾਸਤਵ ਵਿੱਚ ਇਹ ਜਾਂ ਤਾਂ ਜਤ ਸਤ ਰਖਣਾ ਹੈ, ਸੰਜਮ ਰਖਣਾ ਹੈ, ਸਵੈ ਕਾਬੂ ਰਖਣਾ ਹੈ, ਵਿਆਹੁਤਾ ਜੀਵਨ ਹੁੰਦਿਆਂ ਹੀ ਸੰਜਮ ਨਾਲ ਰਹਿਣਾ ਸਵੈ ਕਾਬੂ ਰਖਣਾ ਕਿਉਂਕਿ ਕਾਮ ਸ਼ਕਤੀ ਖੇਰੂੰ-ਖੇਰੂੰ ਕਰਨ ਨਾਲ ਬਹੁਤ ਹੀ ਇੱਕ ਮਹੱਤਵਪੂਰਨ ਜੀਵਨ ਅੰਗ ਜਿਸਨੂੰ vital ਸ਼ਕਤੀ ਕਹਿੰਦੇ ਹਨ ਉਸ ਦਾ ਨਾਸ਼ ਹੋ ਜਾਦਾ ਹੈ। ਜੇਕਰ ਉਸ ਨੂੰ ਚੰਗੇ ਪਾਸੇ ਮੋੜ ਦਿੱਤਾ ਜਾਵੇ, ਦਿਸ਼ਾ ਦਿੱਤੀ ਜਾਵੇ ਤਾਂ ਉਚੀ ਚੇਤਨਤਾ ਪ੍ਰਾਪਤੀ ਹੋ ਸਕਦੀ ਹੈ। ਬਹੁਤ ਸਾਰੇ ਅਗਿਆਨੀ ਸਮਝਦੇ ਹਨ ਕਿ ਕਾਮ ਬਿਰਤੀ ਨੂੰ ਦਬਾ ਕੇ ਉਸ ਦਾ ਦਮਨ ਕਰਨਾ ਹੀ ਬ੍ਰਹਮਚਰੀਆਂ ਹੈ। ਪਰ ਜਦੋਂ ਕਾਮ ਬਿਰਤੀ ਨੂੰ ਦਬਾਉਣਾ ਸ਼ੁਰੂ ਕਰ ਦਿਓ ਇਨ੍ਹਾਂ ਇਛਾਵਾਂ ਦਾ ਦਮਨ ਕਰਨਾ ਸ਼ੁਰੂ ਕਰ ਦਿਓ, ਹੁੰਦਾ ਕੀ ਹੈ, ਇਨ੍ਹਾਂ ਨੂੰ ਦਬਾਉਣ ਨਾਲ ਅਸ਼ਾਂਤੀ ਆਉਂਦੀ ਹੈ, ਨਿਰਾਸਤਾ ਹੁੰਦੀ ਹੈ, ਨਿਰਾਸ਼ਾ ਹੁੰਦੀ ਹੈ, ਇਸ ਤਰ੍ਹਾਂ ਬਹੁਤ ਦੇਰ ਤਕ ਕਰਨ ਨਾਲ ਮਨ ਦੀ ਅਵਸਥਾ ਅਸਾਧਾਰਨ ਬਣ ਜਾਂਦੀ ਹੈ।

ਜਦੋਂ ਦਮਨ ਤੇ ਦਬਾਅ ਨਾਲ ਮਨ ਤੇ ਕਾਬੂ ਪਾਇਆ ਜਾਵੇ, ਮਨੁੱਖ ਮਾਨਸਿਕ ਪੱਧਰ ਤੇ ਅਸੰਤੁਲਿਤ ਹੋ ਜਾਂਦਾ ਹੈ ਉਸ ਦਾ ਸਰੀਰਕ ਤਾਲ-ਮੇਲ ਜਾਂਦਾ ਰਹਿੰਦਾ ਹੈ। ਇਸ ਤਰ੍ਹਾਂ ਨਾਲ ਬਹੁਤ ਸਾਰੀਆਂ ਮਨੋ-ਸਰੀਰਕ ਸਮੱਸਿਆ ਪੈਦਾ ਹੋ ਸਕਦੀਆਂ ਹਨ, ਤੁਸੀਂ ਗੁੱਸੇ ਰਹਿਣ ਲਗ ਪੈਂਦੇ ਹੋ, ਅਸ਼ਾਂਤ ਨਿਰਾਸ ਰਹਿਣ ਲਗ ਪੈਂਦੇ ਹੋ, ਉਦਾਸ ਰਹਿੰਦੇ ਹੋ, ਘਮੰਡੀ ਹੋ ਜਾਂਦੇ ਹੋ, ਸਰੀਰ ਦਾ ਭਾਰ ਘਟਣ ਲਗ ਪੈਂਦਾ ਹੈ, ਮਨੁੱਖ ਯਥਾਰਥ ਤੋਂ ਦੂਰ ਹੋ ਜਾਂਦਾ ਹੈ, ਇਹੋ ਜਿਹਾ ਸਵੈ ਕੇਂਦਰਤ ਮਨੁੱਖ ਕਦੀ ਵੀ ਖੁਸ਼ ਨਹੀਂ ਹੋ ਸਕਦਾ, ਉਹ ਆਪਣੇ ਲਈ ਤੇ ਦੂਸਰਿਆਂ ਲਈ ਤਬਾਹੀ ਹੀ ਪੈਦਾ ਕਰਦਾ ਹੈ। ਵਾਸਤਵ ਵਿੱਚ ਸਭ ਤੋਂ ਉਚੀ ਜੀਵਨ ਜੀਉਣ ਦੀ ਜੁਗਤੀ ਇਸ ਕਾਮ ਬਿਰਤੀ ਨੂੰ, ਕਾਮ ਸ਼ਕਤੀ ਨੂੰ ਮੋੜ ਕੇ ਚੰਗੇ ਪਾਸੇ ਲਾਉਣਾ ਹੀ ਹੈ, ਉਚੇਰੀਆਂ ਪ੍ਰਾਪਤੀਆਂ ਕਰਨੀਆਂ ਹਨ। ਅੱਜ ਦੇ ਸਮਾਜ ਅੰਦਰ ਬਹੁਤ ਸਾਰੇ ਲੋਕ ਜਿਹੜੇ ਇਸ ਇੰਦਰੀ ਨੂੰ ਕਾਬੂ ਨਹੀਂ ਕਰਦੇ ਉਹ ਭ੍ਰਿਸ਼ਟ ਹੋ ਜਾਂਦੇ ਹਨ, ਵਿਗੜ ਜਾਂਦੇ ਹਨ, ਇਹ ਬਹੁਤ ਡੂੰਘਾ ਵਿਗਾੜ ਹੈ, ਡੂੰਘੀ ਬਿਮਾਰੀ ਹੈ। ਬ੍ਰਹਮਚਰੀਆਂ ਦੀ ਪਹਿਲੀ ਅਵਸਥਾ ਹੈ, ਇੰਦ੍ਰੀਆਂ ਤੇ ਕਾਬੂ ਪਾਉਣਾ ਕੰਟਰੋਲ ਕਰਨਾ, ਇੱਛਾ ਨੂੰ ਕਾਬੂ ਕਰਨਾ, ਜਿਹੜਾ ਅਨੰਦ, ਸ਼ਾਂਤੀ, ਸੁਖ ਆਤਮ ਸਿੱਧੀ ਤੋਂ ਪ੍ਰਾਪਤ ਹੁੰਦਾ ਹੈ ਉਹ ਹੋਰ ਕਿਸੇ ਵੀ ਖੁਸ਼ੀ ਤੋਂ ਅਯਾਸ਼ੀ, ਕਿਸੇ ਵੀ ਭੋਗ ਵਿਲਾਸ ਤੋਂ ਕਿਤੇ ਵੱਧ ਹੈ। ਜਿਹੜਾ ਜਗਿਆਸੂ ਆਤਮ ਮਾਰਗ ਤੇ ਚੱਲਣ ਲਈ ਬਚਨਬੱਧ ਹੈ ਉਹ ਇੰਦ੍ਰੀਆਂ ਦੀ ਲਾਲਸਾ ਦੀ ਰੁਕਾਵਟ ਤੇ ਕਾਬੂ ਪਾ ਹੀ ਲਵੇਗਾ, ਉਹ ਇਹ ਔਕੜ ਨੂੰ ਪਾਰ ਕਰ ਹੀ ਲਵੇਗਾ।

ਅਪਾਰਿਗਰਾਹਾ (Aparigraha) ਦੇ ਅਰਥ ਹਨ, ਆਪਣਾ ਅਧਿਕਾਰ ਨਾ ਰੱਖਣਾ, ਆਪਣੀ ਮਲਕੀਅਤ ਨਾ ਰੱਖਣੀ, ਆਪਣੇ ਕੋਲ ਕੁਝ ਜਮ੍ਹਾਂ ਨਾ ਕਰਨਾ। ਬਹੁਤ ਵਾਰੀ ਇਸ ਸ਼ਬਦ ਦੇ ਅਰਥ ਠੀਕ ਢੰਗ, ਠੀਕ ਤਰੀਕੇ ਨਹੀਂ ਲਏ ਜਾਂਦੇ, ਇਸ ਨੂੰ ਗਲਤ ਸਮਝਿਆ ਤੇ ਵਰਤਿਆ ਜਾਂਦਾ ਹੈ, ਇਸ ਦੇ ਅਰਥ ਆਤਮ ਸੰਜਮ ਆਤਮ-ਨਿਗ੍ਰਹ ਕੀਤੇ ਜਾਂਦੇ ਹਨ, ਕੋਈ ਵੀ ਕੁਝ ਵੀ ਭੌਤਿਕ ਸੰਸਾਰਕ ਚੀਜ਼ ਆਪਣੇ ਕੋਲ ਨਾ ਰੱਖੀ ਜਾਵੇ। ਜੋ ਵੀ ਲੋੜ, ਜਿੰਨੀ ਚੀਜ਼ ਦੀ ਲੋੜ, ਉਸ ਤੋਂ ਵੱਧ ਨਾ ਰੱਖਣਾ, ਇਹ ਇੱਕ ਮਨੋਬਿਰਤੀ ਬਨਾਉਣੀ ਹੈ, ਇਕ ਵਿਚਾਰ ਹੈ, ਭਾਵ ਹੈ, ਇਸ ਵਿਚਾਰ ਦਾ ਅਭਿਆਸ ਕਰਕੇ ਤੁਸੀਂ ਆਪਣੇ ਅੰਦਰ ਨੂੰ ਸੋਧਦੇ ਹੋ, ਇਹ ਕੇਵਲ ਇਕ ਦਿਖਾਵੇ ਲਈ ਹੀ ਨਹੀਂ ਹੈ। ਉਹ ਪਦਾਰਥਾਂ ਲੈਣੀਆਂ, ਇਕੱਠੀਆਂ ਕਰਨੀਆਂ, ਸਾਂਭਣੀਆਂ ਜਿਨ੍ਹਾਂ ਦੀ ਲੋੜ ਰੋਜ਼ਾਨਾ ਜੀਵਨ ਵਿੱਚ ਨਹੀਂ ਹੈ ਇਹ ਇੱਕ ਬਹੁਤ ਹੀ ਸਮਾਂ ਖਰਚ ਕਰਨ ਵਾਲੀ ਗੱਲ ਹੈ। ਦੇਖਿਆ ਜਾਵੇ ਤਾਂ ਵਸਤੂਆਂ ਇਕੱਠੀਆਂ ਕਰਨੀਆਂ, ਇੱਕ ਨਸ਼ੇਦੀ ਤਰ੍ਹਾਂ ਹੈ ਇੱਕ ਖਬਤ ਹੈ, ਮਨ ਦਾ ਦਬਾਅ ਹੈ ਇੱਕ ਅਮਲ ਦੀ ਤਰ੍ਹਾਂ ਹੈ। ਇਹੋ ਜਿਹੀ ਮਨੋਬਿਰਤੀ ਮਨੁੱਖ ਨੂੰ ਮੰਗਤਾ, ਭਿਖਾਰੀ ਬਣਾ ਦਿੰਦੀ ਹੈ। ਇੱਕ ਭਿਖਾਰੀ ਨੂੰ ਆਪਣਾ ਮੰਗਣ ਵਾਲਾ ਬਾਟਾ ਇੱਕ ਰਾਜੇ ਨੂੰ ਉਸ ਦੇ ਤਖਤ ਨਾਲੋਂ ਵੀ ਵੱਧ ਪਿਆਰਾ ਹੁੰਦਾ ਹੈ। ਇਸ ਗੱਲ ਦੇ ਖਤਰੇ ਦੋਨੋਂ ਹੀ ਹਨ, ਵਾਧੂ ਫਾਲਤੂ ਚੀਜ਼ ਨੂਮ ਰੱਖਣਾ ਦੂਸਰਾ ਉਨ੍ਹਾਂ ਨਾਲ ਪਿਆਰ ਹੋਣਾ ਉਨ੍ਹਾ ਦਾ ਲੋਭ ਹੋਣਾ। ਇਸ ਬਿਰਤੀ ਦਾ ਕੋਈ ਅੰਤ ਨਹੀਂ ਹੈ, ਜਦੋਂ ਮਨੁੱਖ ਇਹ ਆਦਤ ਬਣਾ ਲੈਂਦਾ ਹੈ, ਫੇਰ ਇਸ ਦਾ ਅੰਤ ਕੋਈ ਨਹੀਂ, ਫੇਰ ਤਾਂ ਹੋਰ, ਹੋਰ ਹੀ ਲੱਗੀ ਰਹਿੰਦੀ ਹੈ। ਅੱਜ ਦਾ ਸਮਾਜ ਇਸੇ ਗੱਲ ਵਲ ਲੱਗਾ ਹੋਇਆ ਹੈ ਉਹ ਚੀਜ਼ਾਂ ਜੋੜ ਰਿਹਾ ਹੈ ਜਿਨ੍ਹਾਂ ਦਾ ਫਾਇਦਾ ਹੈ, ਨਾ ਕੋਈ ਲੋੜ ਹੈ, ਨਾ ਹੀ ਉਹ ਨਿਜੀ ਜੀਵਨ ਲਈ ਸਹਾਇਕ ਹਨ। ਜਿਵੇਂ ਕਿ ਬਹੁਤ ਸਾਰੇ ਘਰ ਹੋਣੇ, ਬਹੁਤ ਪੈਸਾ ਤੇ ਹੋਰ ਬਹੁਤ ਸਾਰੀਆਂ ਚੀਜ਼ਾਂ। ਜਿਨ੍ਹਾਂ ਵੱਧ ਤੁਸੀਂ ਇਕੱਠਾ ਕਰਦੇ ਹੋ

ਓਨੇ ਹੀ ਵੱਧ ਤੁਸੀਂ ਉਸ ਨਾਲ ਲੋਭ ਕਰਦੇ ਹੋ, ਮੋਹ ਰਖਦੇ ਹੋ, ਮੋਹ ਹੀ ਵਾਸਤਵ ਵਿੱਚ ਸੰਤਾਪ ਹੈ। ਜੇਕਰ ਅਪਾਰਿਗਰਾਹਾ ਦਾ ਅਭਿਆਸ ਠੀਕ ਤਰ੍ਹਾਂ ਕੀਤਾ ਜਾਵੇ, ਸੁਹਿਰਦੇ ਹੋ ਕੇ ਕੀਤਾ ਜਾਵੇ ਇਸ ਨਾਲ ਮਾਨਸਿਕ ਸ਼ਾਂਤੀ ਪ੍ਰਾਪਤ ਹੁੰਦੀ ਹੈ।

## ਨਿਯਮ

ਹਰ ਮਨੁੱਖ ਦੇ ਜੀਵਨ ਦੇ ਦੋ ਪਹਿਲੂ ਹੁੰਦੇ ਜਾਂ ਕਹਿ ਲਓ ਦੋ ਪਾਸੇ ਹੁੰਦੇ ਹਨ, ਅੰਦਰ ਦਾ ਪਾਸਾ ਤੇ ਬਾਹਰ ਦਾ ਪਾਸਾ ਤੇ ਬਾਹਰ ਦਾ ਪਾਸਾ। ਯਮ ਜਿਹੜੇ ਅਸੀਂ ਉਪਰ ਦਸ ਆਏ ਹਾਂ ਇਹ ਸਾਡਾ ਬਾਹਰੀ ਜੀਵਨ ਜੀਉਣ ਵਿੱਚ ਸਹਾਇਕ ਹੁੰਦੇ ਹਨ, ਬਾਹਰੀ ਖੁਸ਼ੀ ਪ੍ਰਦਾਨ ਕਰਦੇ ਹਨ। ਖੋਜ ਨਿਯਮ ਜਿਹੜੇ ਅਸੀਂ ਦੇਖਣ ਜਾ ਰਹੇ ਹਾਂ ਇਹ ਸਾਡੀ ਸਵੈ ਸਚੇਤਨਤਾ ਤੇ ਸਵੈ ਕਾਬੂ ਕੰਟਰੋਲ ਦਾ ਵਿਕਾਸ ਕਰਦਾ ਹੈ ਇਹ ਦੋ ਤਰ੍ਹਾਂ ਦੀ ਪ੍ਰਤੀਬੱਧਤਾ ਜਾ ਕਹਿ ਲਓ ਵਚਨਬੱਧਤਾ, ਜਗਿਆਸੂ ਨੂੰ ਸਮਾਧੀ ਲਈ ਤਿਆਰ ਕਰਦੀ ਹੈ ਜੋ ਕਿ ਰਾਜ ਯੋਗ ਦੀ ਸਭ ਤੋਂ ਉਚੀ ਅਵਸਥਾ ਹੈ। ਖੋਜ ਨਿਯਮ ਜਾਂ ਕਹਿ ਲਵੋ ਧਾਰਮਿਕ ਰੀਤੀਆਂ, ਮਨੁੱਖ ਨੂੰ ਆਪਣੇ ਆਪ ਨੂੰ ਹਰ ਪੱਧਰ ਤੇ ਜਾਨਣ ਲਈ ਸਹਾਇਕ ਹੁੰਦੀਆਂ ਹਨ, ਪੰਜ ਨਿਯਮ ਹਨ, ਸੌਚ ਜਿਸ ਨੂੰ ਅਸੀਂ ਸੁੱਚ ਕਹਿੰਦੇ ਹਾਂ, ਪਵਿੱਤਰਤਾ, ਸੰਤੋਖ, ਤਪਸ ਭਾਵ ਆਪਣੇ ਆਪ ਤੇ ਉਹ ਅਭਿਆਸ ਕਰਨ ਨਾਲ ਜਿਸ ਨਾਲ ਸਰੀਰ, ਮਨ ਤੇ ਇੰਦ੍ਰੀਆਂ ਬਿਲਕੁਲ ਸਿੱਧ ਹੋ ਜਾਣ ਨਿਪੁੰਨ ਹੋ ਜਾਣ। ਤੀਸਰਾ ਹੈ ਸਵਾਅਧਿਆਇ ਭਾਵ ਸਵੈ ਨੂੰ ਜਾਨਣਾ, ਜੀਵਨ ਨੂੰ ਜਾਨਣਾ, ਰਿਸ਼ੀਆਂ-ਮੁਨੀਆਂ ਮਹਾਂਪੁਰਖਾਂ ਨੂੰ ਜਾਨਣਾ, ਉਨ੍ਹਾਂ ਬਾਰੇ ਜਾਨਣਾ ਜਿਸ ਨਾਲ ਅੰਤਮ ਸੱਚ ਨੂੰ ਸਮਝਿਆ ਜਾਵੇ, ਜਾਣਿਆ ਜਾਵੇ ਅੰਤ ਵਿੱਚ ਹੈ ਈਸ਼ਵਰ ਪਰਾਧੀਨਤਾ, ਆਤਮ ਸਮਰਪਣ ਜਿਸਨੂੰ ਅਸੀਂ ਕਹਿੰਦੇ ਹਾਂ, ਜੀਵਨ ਦੇ ਉਦੇਸ਼ ਅੱਗੇ ਆਤਮ ਸਮਰਪਣ ਕਰਨਾ, ਸਤਿ ਅੱਗੇ ਸਮਰਪਣ ਇਨ੍ਹਾਂ ਨਿਯਮਾਂ ਨੂੰ ਚੰਗੀ ਤਰ੍ਹਾਂ ਨਾਲ ਤਨ, ਮਨ, ਧਨ ਨਾਲ ਨਿਭਾਉਂਦੇ ਹੋਏ ਅੰਤ ਵਿੱਚ ਜਗਿਆਸੂ, ਮਨ ਦੀ ਸ਼ਾਂਤੀ, ਸ਼ੁਧਤਾ ਤੇ ਸਮਾਨਤਾ ਪ੍ਰਾਪਤ ਕਰ ਲੈਂਦਾ ਹੈ।

ਸੰਤੋਖ ਜਿਸ ਨੂੰ ਅਸੀਂ ਧੀਰਜ ਤ੍ਰਿਪਤੀ ਵੀ ਕਹਿੰਦੇ ਹਾਂ ਇਹ ਮਨ ਦੀ ਅਵਸਥਾ ਹੈ, ਇਹ ਕਿਸੇ ਵੀ ਬਾਹਰੀ, ਸੰਸਾਰਕ ਵਸਤ ਦੇ ਅਧੀਨ ਨਹੀਂ, ਨਾ ਪੈਸਾ, ਨਾ ਸੰਸਾਰਕ ਵਸਤਾਂ, ਇਹੋ ਜਿਹੀ ਕਿਸੇ ਵੀ ਚੀਜ਼ ਦੇ ਅਧੀਨ ਨਹੀਂ। ਮਿਸਾਲ ਵਜੋਂ ਇੱਕ ਮੰਗਤਾਂ ਵੀ ਪੂਰਣ ਰੂਪ ਵਿੱਚ ਸੰਤੁਸ਼ਟ ਸੰਤੋਖੀ ਹੋ ਸਕਦਾ ਹੈ। ਵਾਸਤਵ ਵਿੱਚ ਕਈ ਤਿਆਗੀ ਰਾਜਿਆਂ ਨਾਲੋਂ, ਲੀਡਰਾਂ ਨਾਲੋਂ ਕਿਤੇ ਵੱਧ ਸੰਤੁਸ਼ਟ ਦੇਖੇ ਗਏ। ਮਨੁੱਖ ਦੀਆਂ ਇਛਾਵਾਂ ਕਦੀ ਵੀ ਪੂਰੀਆਂ ਨਹੀਂ ਹੁੰਦੀਆਂ, ਸੰਸਾਰਕ ਵਸਤਾਂ ਸਦਾ ਹੀ ਲੁਭਾਇਮਾਨ ਕਰਦੀਆਂ ਰਹਿੰਦੀਆਂ ਹਨ। ਜੇਕਰ ਕੋਈ ਇੱਛਾ ਪੂਰੀ ਹੋ ਵੀ ਜਾਵੇ, ਦੂਸਰੀ ਜਾਗ ਪੈਂਦੀ ਹੈ, ਨਵੀਂ ਪੈਦਾ ਹੋ ਜਾਂਦੀ ਹੈ, ਇਹ ਸੰਸਾਰਕ ਇਛਾਵਾਂ ਮਨ ਵੀ ਅਸ਼ਾਂਤ ਕਰਕੇ ਰਖਦੀਆਂ ਹਨ। ਇਸ ਤਰ੍ਹਾਂ ਤਾਂ ਮਨ ਕਦੀ ਵੀ ਸ਼ਾਂਤ ਨਹੀਂ ਹੋ ਸਕਦਾ, ਕਦੀ ਵੀ ਸਥਿਰ ਨਹੀਂ ਹੋ ਸਕਦਾ। ਜੇਕਰ ਤੁਸੀਂ ਆਪਣੇ ਅੰਦਰ ਸੰਤੋਖ ਪੈਦਾ ਕਰ ਲਵੋ ਤਾਂ ਤੁਸੀਂ ਸ਼ਾਂਤ ਰਹਿ ਸਕਦੇ ਹੋ, ਸਥਿਰ ਹੋ ਸਕਦੇ ਹੋ, ਭਾਵੇਂ ਬਾਹਰ ਕੁਝ ਵੀ ਕਿਉਂ ਨਾ ਹੋ ਰਿਹਾ ਹੋਵੇ, ਤੁਸੀਂ ਸ਼ਾਂਤੀ ਨਾਲ ਸਥਿਰ ਰਹਿ ਸਕਦੇ ਹੋ। ਸੰਤੋਖ ਨੂੰ ਠੀਕ ਤਰ੍ਹਾਂ ਸਮਝਣਾ ਚਾਹੀਦਾ ਹੈ, ਸੰਤੋਖ ਨੂੰ ਸਥਿਲ ਨਹੀਂ ਸਮਝਣਾ ਚਾਹੀਦਾ, ਆਲਸ ਸੁਸਤੀ ਨਹੀਂ ਸਮਝਣਾ ਚਾਹੀਦਾ। ਜਗਿਆਸੂ ਨੂੰ ਸੁਸਤ ਨਹੀਂ ਹੋ ਜਾਣਾ ਚਾਹੀਦਾ, ਸਵੈ ਸੋਧਣ ਵਿੱਚ ਢਿੱਲੇ ਨਹੀਂ ਪੈ ਜਾਣਾ ਚਾਹੀਦਾ। ਅਸੰਤੁਸ਼ਟ ਮਨੁੱਖ ਸੁਸਤ ਹੋ ਜਾਂਦਾ ਹੈ, ਮਤਹੀਣ ਹੋ ਜਾਂਦਾ ਹੈ, ਫਿੱਕਾ ਪੈ ਜਾਂਦਾ ਹੈ। ਸੰਤੁਸ਼ਟ ਮਨੁੱਖ ਉਹ ਸਭ ਕੁਝ ਡੀਊਟੀ ਜਾਣ ਕੇ ਕਰਦਾ ਹੈ, ਸਾਰਿਆਂ ਲਈ ਉਪਯੋਗੀ ਸਿੱਧ ਹੁੰਦਾ ਹੈ ਜਿਹੜਾ ਮਨੁੱਖ ਸੰਤੁਸ਼ਟ ਨਹੀਂ, ਉਹ ਕਦੀ ਵੀ ਉਪਯੋਗੀ ਨਹੀਂ ਹੋ ਸਕਦਾ। ਇਹ ਠੀਕ ਹੈ ਕਿ ਮਨੁੱਖ ਨੂੰ ਉਦੋਂ ਤਕ ਆਪਣੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ, ਜਦੋਂ ਤਕ ਉਸ ਦੇ ਉਦੇਸ਼ ਦੀ ਪ੍ਰਾਪਤੀ ਨਾ ਹੋ ਜਾਵੇ, ਪਰ ਇਹ ਵੀ ਜ਼ਰੂਰੀ ਹੈ ਕਿ ਉਸ ਨੂੰ ਹਰ ਹਾਲ ਵਿੱਚ ਸੰਤੁਸ਼ਟ ਰਹਿਣਾ ਚਾਹੀਦਾ ਹੈ। ਜੇਕਰ ਤੁਸੀਂ ਉਦੇਸ਼ ਪ੍ਰਾਪਤੀ ਲਈ ਪੂਰਾ-ਪੂਰਾ ਜਤਨ ਕੀਤਾ ਹੈ, ਪੂਰਨ ਰੂਪ ਨਾਲ ਲੱਗੇ ਰਹੇ ਹੋ ਪਰ ਤੁਹਾਨੂੰ ਪ੍ਰਾਪਤੀ ਨਹੀਂ ਹੋਈ, ਸਫਲਤਾ ਨਹੀਂ ਹੋਈ, ਤਾਂ ਵੀ ਸੰਤੁਸ਼ਟ ਰਹਿਣਾ ਚਾਹੀਦਾ ਹੈ ਭਾਵ ਮਨੁੱਖ ਨੂੰ ਹਰ ਹਾਲ ਵਿੱਚ ਹੀ ਸੰਤੁਸ਼ਟ ਰਹਿਣਾ ਚਾਹੀਦਾ ਹੈ। ਮਨੁੱਖ ਦਾ ਸੁਭਾਅ ਹੈ ਕਿ ਮਨੁੱਖ ਕਿਸੇ ਉਦੇਸ਼ ਪ੍ਰਾਪਤੀ ਲਈ ਹੀ ਕੰਮ ਕਰਦਾ ਹੈ, ਬਹੁਤ ਵਾਰੀ ਪੂਰੀ ਤਰ੍ਹਾਂ ਯਤਨਸ਼ੀਲ ਹੋਣ ਤੋਂ ਬਾਅਦ ਵੀ ਗੋਲ ਪ੍ਰਾਪਤੀ ਨਹੀਂ ਹੁੰਦੀ। ਇਨ੍ਹਾਂ ਹਾਲਾਤਾਂ ਵਿੱਚ ਫੇਰ ਮਨੁੱਖ ਅਸੰਤੁਸ਼ਟ ਹੋ ਜਾਂਦਾ ਹੈ, ਮਨ ਅਸ਼ਾਂਤ ਹੋ ਜਾਂਦਾ ਹੈ। ਵਾਸਤਵ ਵਿੱਚ ਸੰਤੋਖ ਬਹੁਤ ਹੀ ਵੱਡਾ ਗੁਣ ਹੈ ਜਿਹੜਾ ਤੁਸੀਂ ਆਪਣੇ ਅੰਦਰ ਲਿਆ ਸਕਦੇ ਹੋ, ਪੈਦਾ ਕਰ ਸਕਦੇ ਹੋ, ਕਰਨਾ ਵੀ ਚਾਹੀਦਾ ਹੈ। ਜਦੋਂ ਤੁਸੀਂ ਆਪਣੀ ਡੀਊਟੀ ਚੰਗੀ ਤਰ੍ਹਾਂ ਕਰਦੇ ਰਹੋ, ਸੁਹਿਰਦ ਹੋ ਕੇ ਸੱਚੇ ਮਨ ਨਾਲ ਡੀਊਟੀ ਕਰਦੇ ਰਹੋ, ਨਿਰਸੁਆਰਥੀ ਹੋ ਕੇ ਡੀਊਟੀ ਕਰੋ, ਕਿਸੇ ਵੀ ਫਲ ਦੀ ਇੱਛਾ ਨਾ ਰੱਖੋ, ਇਸ ਤਰ੍ਹਾਂ ਕਰਨ ਨਾਲ ਸੰਤੋਖ ਆ ਹੀ ਜਾਂਦਾ ਹੈ। ਸੰਤੋਖ ਸਭ ਤੋਂ ਉਤਮ ਵਸਤ ਹੈ, ਧਨ ਹੈ। ਜਦੋਂ ਵਿਦਿਆਰਥੀ, ਜਗਿਆਸੂ ਨੂੰ ਕੋਈ ਤਰੱਕੀ ਦੇ ਚਿੰਨ, ਕਿਸੇ ਤਰ੍ਹਾਂ ਦੀ ਪ੍ਰਾਪਤੀ ਦੇ ਚਿੰਨ ਨਹੀਂ ਦਿਸਦੇ ਤਾਂ ਉਹ ਨਿਰਾਸ ਹੋ ਜਾਂਦਾ ਹੈ, ਉਸ ਦੇ ਭਰਮ ਟੁੱਟ ਜਾਂਦੇ ਹਨ। ਸੰਤੋਖ ਇੱਕ ਬਹੁਤ ਵੱਡੇ ਗੁਣ ਦੇ ਨਾਲ ਇੱਕ ਬਹੁਤ ਵੱਡਾ ਧਨ ਵੀ ਹੈ, ਸੰਤੋਖੀ ਕਦੀ ਵੀ ਚਿੰਤਾ ਗ੍ਰਸਤ ਨਹੀਂ ਹੁੰਦਾ, ਕਦੇ ਵੀ ਕਾਹਲਾ ਨਹੀਂ ਪੈਂਦਾ।

ਤਪਸ! ਬਹੁਤ ਵਾਰੀ ਗਲਤ ਵਰਤਿਆ ਜਾਂਦਾ ਹੈ, ਗਲਤ ਸਮਝਿਆ ਜਾਂਦਾ ਹੈ ਇਸ ਨੂੰ ਇੰਦਰੀ ਸੰਜਮ ਲਿਆ ਜਾਂਦਾ ਹੈ, ਸਰੀਰਕ ਕਸ਼ਟ ਲਿਆ ਜਾਂਦਾ ਹੈ, ਕਿੱਲਾਂ ਦੀ ਸੇਜਾ 'ਤੇ ਸੌਣਾ ਆਦਿ ਲਿਆ ਜਾਂਦਾ ਹੈ, ਇਹ ਤਾਂ ਤਸੀਹੇ ਹਨ, ਕੋਈ ਤਪਸ਼ ਨਹੀਂ। ਗੀਤਾ ਅੰਦਰ ਕ੍ਰਿਸ਼ਨ ਜੀ ਦਸਦੇ ਹਨ, ਯੋਗ ਉਨ੍ਹਾਂ ਲਈ ਜਿਹੜੇ ਤਸੀਹੇ ਦਿੰਦੇ ਹਨ, ਜਿਹੜੇ ਸਰੀਰ ਨੂੰ ਤੰਗ ਕਰਦੇ ਹਨ। ਵਾਸਤਵ ਵਿੱਚ ਤਪਸ਼ ਤੋਂ ਭਾਵ ਹੈ ਉਹ ਚੀਜ਼ ਉਹ ਤਰੀਕੇ ਜਿਸ ਨਾਲ ਇਲਾਹੀ ਅਗਨੀ ਪੈਦਾ ਹੋਵੇ। ਇਹ ਅਗਨੀ ਉਨ੍ਹਾਂ ਦੇ ਅੰਦਰ ਪੈਦਾ ਹੁੰਦੀ ਹੈ, ਜਿਹੜੇ ਆਤਮਕ ਪੱਖੋਂ ਭਰਪੂਰ ਹੁੰਦੇ ਹਨ ਜਿਨ੍ਹਾਂ ਦੇ ਅੰਦਰ ਇਛਾਵਾਂ ਨੂੰ ਫੂਕ ਦੇਣ ਦੀ ਲਗਨ ਹੁੰਦੀ ਹੈ ਉਤਸ਼ਾਹ ਹੁੰਦਾ ਹੈ, ਤਾਂ ਜੋ ਇਛਾਵਾਂ ਨੂੰ ਫੂਕ ਕੇ ਉਹ ਸਮਾਧੀ ਪ੍ਰਾਪਤ ਕਰ ਸਕਣ। ਜਿਹੜੇ ਕਰਮ ਇਨ੍ਹਾਂ ਅਧਿਆਤਮਕ, ਆਤਮ ਵਿਕਾਸ ਲਈ ਸਹਾਇਕ ਹੁੰਦੇ ਹਨ, ਉਹ ਹਨ ਸਾਦਾ, ਸਾਧਾਰਣ ਜੀਵਨ, ਕਾਮ ਰਹਿਤ ਨਿਯਮਤ ਤਰੀਕੇ ਨਾਲ ਥੋੜ੍ਹਾ ਖਾਣਾ, ਹਰ ਵੇਲੇ ਨਾਮ ਨਾਲ ਜੁੜੇ ਰਹਿਣਾ, ਹਰੇਕ ਦੀ ਸਹਾਇਤਾ ਕਰਨੀ ਜੇ ਸੇਵਾ ਦੀ ਲੋੜ ਹੋਵੇ ਤਾਂ ਸੇਵਾ ਕਰਨੀ। ਵਾਸਤਵ ਵਿੱਚ ਮਨ ਦਾ ਪ੍ਰਗਟਾਵਾ ਇੰਦ੍ਰੀਆਂ ਰਾਹੀਂ ਹੀ ਹੁੰਦਾ ਹੈ। ਸੁਨਣਾ, ਸੁਆਦ, ਸਪਰਸ਼, ਸੁੰਘਣਾ, ਦੇਖਣਾ, ਇਨ੍ਹਾਂ ਰਾਹੀਂ ਹੀ ਅਸੀਂ ਸੰਸਾਰ ਦਾ ਗਿਆਨ ਪ੍ਰਾਪਤ ਕਰਦੇ ਹਾਂ ਇਨ੍ਹਾਂ ਦੇ ਅੰਗ ਹਨ, ਮੂੰਹ, ਹੱਥ, ਪੈਰ, ਮਲ ਮੂਤਰ ਦੇ ਅੰਗ। ਇਨ੍ਹਾਂ ਰਾਹੀਂ ਹੀ ਮਨ ਦਾ ਪ੍ਰਗਟਾਵਾ ਹੁੰਦਾ ਹੈ। ਜੇਕਰ ਇਨ੍ਹਾਂ ਦੀ ਸਿੱਖਿਆ ਨਾ ਕੀਤੀ ਜਾਵੇ ਇਨ੍ਹਾਂ ਨੂੰ ਸੋਧਿਆ ਨਾ ਜਾਵੇ ਤੁਸੀਂ ਦੂਸਰਿਆਂ ਨਾਲ ਚੰਗੀ ਤਰ੍ਹਾਂ ਨਾਲ ਗਿਆਨ ਸੰਚਾਰ ਨਹੀਂ

ਕਰ ਸਕਦੇ। ਤਪਸ ਨਾਲ ਪੂਰੀ ਤਰ੍ਹਾਂ ਨਾਲ ਗਿਆਨ ਸੰਚਾਰ ਕਰਕੇ ਤੁਸੀਂ ਆਪਣੇ ਤੇ ਕਾਬੂ ਪਾ ਸਕਦੇ ਹੋ, ਆਪਣੀਆਂ ਇੰਦਰੀਆਂ ਤੇ ਪ੍ਰਤੱਖ ਗਿਆਨ ਤੇ ਕਾਬੂ ਪਾ ਸਕਦੇ ਹੋ, ਆਪਣੇ ਭਾਵ ਵਿਅੰਜਨ ਦੇ ਕਾਬੂ ਪਾ ਸਕਦੇ ਹੋ ਤਾਂ ਜੋ ਇੰਦ੍ਰੀਆਂ ਦਾ ਬਾਹਰੀ ਪ੍ਰਭਾਵ ਪੂਰੀ ਤਰ੍ਹਾਂ ਨਾਲ ਕਾਬੂ ਵਿੱਚ ਰਹੇ, ਕੰਟਰੋਲ ਵਿੱਚ ਰਹੇ, ਕਿਤੇ ਬੇਕਾਬੂ ਨਾ ਹੋ ਜਾਵੇ। ਜੇਕਰ ਇੰਦ੍ਰੀਆਂ ਨਿਯਮਬੱਧ ਨਾ ਹੋਣ ਕੰਟਰੋਲ ਵਿੱਚ ਨਾ ਹੋਣ ਤਾਂ ਮਨ ਅਸ਼ਾਂਤ ਹੀ ਰਹਿੰਦਾ ਹੈ ਪਰ ਤਪਸ਼ ਨਾਲ ਇੰਦ੍ਰੀਆਂ ਸੋਧੀਆਂ ਜਾਂਦੀਆਂ ਹਨ। ਠੀਕ ਤਰ੍ਹਾਂ ਨਾਲ ਕੰਮ ਕਰਦੀਆਂ ਹਨ। ਤਪਸ ਨਾਲ ਮਨ ਇੱਕਤਰ ਰਹਿੰਦਾ ਹੈ, ਸ਼ਾਂਤ ਰਹਿੰਦਾ ਹੈ, ਬਾਹਰੀ ਚੀਜ਼ਾਂ ਦੀ ਖਿੱਚ ਤੋਂ ਬਚਿਆ ਰਹਿੰਦਾ ਹੈ। ਇਹੋ ਜਿਹਾ ਮਨ ਫੇਰ ਮਨ ਦੀਆਂ ਡੂੰਘਾਈਆਂ ਤਕ ਪਹੁੰਚ ਜਾਂਦਾ ਹੈ ਫੇਰ ਉਹ ਏਧਰ ਉਧਰ ਭਟਕਦਾ ਨਹੀਂ, ਸਰੀਰ ਨੂੰ ਤਸੀਹੇ ਦੇਣੇ, ਆਪਣੇ ਆਪ ਨੂੰ ਦੁਖ ਦੇਣ ਦਾ ਕੋਈ ਅਰਥ ਨਹੀਂ, ਇਹ ਤਪਸ਼ ਨਹੀਂ ਹੈ।

ਸਵਾਧਿਆਏ - ਵਾਸਤਵ ਵਿੱਚ ਸਵਾਧਿਆਏ ਉਹ ਗਿਆਨ ਹੈ ਜਿਸ ਨਾਲ ਆਤਮ ਸਿੱਧੀ ਦੀ ਪ੍ਰਾਪਤੀ ਹੁੰਦੀ ਹੈ। ਇਸ ਦਾ ਗਿਆਨ ਦੋ ਤਰ੍ਹਾਂ ਹੁੰਦਾ ਹੈ ਇਹ ਗਿਆਨ ਕੇਵਲ ਰਿਸ਼ੀਆਂ ਮੁਨੀਆਂ ਦੇ ਪ੍ਰਵਚਨ ਪੜ੍ਹ ਕੇ ਜਾਂ ਗ੍ਰੰਥ ਪੜ੍ਹ ਕੇ ਨਹੀਂ ਹੁੰਦਾ। ਮਹਾਂਪੁਰਖਾਂ ਦੇ ਰਿਸ਼ੀਆਂ-ਮੁਨੀਆਂ ਦੇ ਬਚਨ ਤੁਹਾਨੂੰ ਪ੍ਰੇਰਨਾ ਜ਼ਰੂਰ ਦਿੰਦੇ ਹਨ, ਪ੍ਰੋਤਸ਼ਾਹਿਤ ਕਰਦੇ ਹਨ। ਜਗਿਆਸੂ ਨੂੰ ਇਨ੍ਹਾਂ ਬਚਨਾਂ ਨਾਲ ਬਹੁਤ ਹੌਂਸਲਾ ਬੱਝਦਾ ਹੈ ਉਸ ਦੇ ਅਭਿਆਸ ਵਿੱਚ ਵਾਧਾ ਹੁੰਦਾ ਹੈ। ਜਿਹੜੀ ਮੂਲ ਰੂਪ ਵਿਚ ਕਰਨ ਵਾਲੀ ਗੱਲ ਹੈ, ਉਹ ਹੈ ਆਪਣੇ ਵਿਚਾਰ, ਭਾਵਨਾਵਾਂ, ਸੰਵੇਗਾਂ, ਕੰਮਾਂ ਨੂੰ ਆਪਣੀ ਕ੍ਰਿਆ ਨੂੰ ਜਾਂਚਣਾ ਦੇਖਣਾ। ਗ੍ਰੰਥ ਤੇ ਹੋਰ ਪੁਸਤਕਾਂ ਬਹੁਤ ਲਾਭਕਾਰੀ ਹਨ, ਵਿਸ਼ੇਸ਼ ਤੌਰ 'ਤੇ ਜਦੋਂ ਤੁਸੀਂ ਮਹਾਂਪੁਰਖਾਂ ਦੇ ਆਪਣੇ ਅਨੁਭਵ ਪੜ੍ਹਦੇ ਹੋ, ਜਿਹੜੀਆਂ ਔਕੜਾਂ ਉਨ੍ਹਾਂ ਨੂੰ ਆਈਆਂ, ਉਨ੍ਹਾਂ ਨੇ ਕਿਵੇਂ ਉਨ੍ਹਾਂ ਨੂੰ ਪਾਰ ਕੀਤਾ, ਕਿਵੇਂ ਉਨ੍ਹਾਂ ਵਿਚੋਂ ਲੰਘੇ। ਇਨ੍ਹਾਂ ਨੂੰ ਪੜ੍ਹ ਕੇ ਜਗਿਆਸੂ ਨੂੰ ਕੇਵਲ ਹੌਂਸਲਾ ਹੀ ਨਹੀਂ ਮਿਲਦਾ, ਉਸ ਨੂੰ ਔਕੜਾਂ ਦਾ ਸਾਮ੍ਹਣਾ ਕਰਨਾ ਦਾ ਵੀ ਪਤਾ ਲਗਦਾ ਹੈ। ਗ੍ਰੰਥਾਂ ਨੂੰ ਕੇਵਲ ਪੜ੍ਹ ਲੈਣਾ ਤਾਂ ਕੇਵਲ ਇੱਕ ਸੂਚਨਾ ਲੈਣ ਦੀ ਤਰ੍ਹਾਂ ਹੈ ਇਹ ਕੋਈ ਗਿਆਨ ਨਹੀਂ ਹੈ, ਜਾਨਣ ਦਾ ਇਹ ਭਾਗ ਹੈ। ਬੁੱਧੀ ਦੇ ਪੱਧਰ ਤੇ ਅਸੀਂ ਬਹੁਤ ਕੁਝ ਜਾਣ ਲੈਂਦੇ ਹਾਂ, ਫੇਰ ਵੀ ਸਾਡਾ ਅਗਿਆਨ ਦੂਰ ਨਹੀਂ ਹੁੰਦਾ, ਆਪਣੇ ਆਪ ਪੜ੍ਹ ਕੇ, ਅਨੁਭਵ ਕਰਕੇ, ਅੰਦਰ ਬਾਹਰ ਦਾ ਅਭਿਆਸ ਕਰਕੇ, ਸਾਨੂੰ ਇਹ ਪਤਾ ਲਗ ਜਾਂਦਾ ਹੈ ਕਿ ਅਗਿਆਨ ਕਿਸ ਤਰ੍ਹਾਂ ਨਾਲ ਦੂਰ ਕੀਤਾ ਜਾ ਸਕਦਾ ਹੈ। ਵੱਡੇ-ਵੱਡੇ ਰਿਸ਼ੀ-ਮੁਨੀ ਮਹਾਂਪੁਰਖ ਆਪਣੇ ਆਪ ਤੇ ਬੀਤਿਆ ਆਪਣੇ ਆਪ ਨਾਲ ਹੋਇਆ ਅਨੁਭਵ ਦਸਦੇ ਹਨ ਇਸ ਤਰ੍ਹਾਂ ਦੇ ਅਨੁਭਵ ਦੀ ਵਿਵੇਕਾਤਮਕ ਪ੍ਰਵਾਨਗੀ, ਅਧਿਆਤਮਕ ਸੱਤ ਨੂੰ ਜਾਣ ਲੈਣ ਨਾਲ ਤੁਹਾਡੀ ਅੰਤਰਦ੍ਰਿਸ਼ਟੀ ਦਾ ਸਰੋਤ ਬਣ ਜਾਂਦੀ ਹੈ ਤੁਹਾਨੂੰ ਉੱਚੀਆਂ ਅਵਸਥਾਵਾਂ ਤੇ ਲੈ ਜਾਂਦੀ ਹੈ। ਉੱਤਮ ਗਿਆਨ ਦਾ ਭੰਡਾਰ ਖੁੱਲ੍ਹ ਜਾਂਦਾ ਹੈ, ਜੀਵਨ ਮਨੋਰਥ ਸਾਮ੍ਹਣੇ ਆ ਜਾਂਦਾ ਹੈ, ਜੀਵਨ ਕੀ ਹੈ ਇਸ ਦਾ ਗਿਆਨ ਹੋ ਜਾਂਦਾ ਹੈ। ਆਪਣੇ ਅੰਦਰ ਦਾ ਪਤਾ ਲਗ ਜਾਂਦਾ ਹੈ ਓਦੋਂ ਹੀ ਸਵੈ ਦਾ ਆਪੇ ਦਾ ਆਤਮਾ ਦਾ ਗਿਆਨ ਹੁੰਦਾ ਹੈ।

**ਈਸ਼ਵਰ ਪਰਾਧੀਨ** - ਸਤਿ ਅੱਗੇ, ਪ੍ਰਮਾਤਮਾ ਅੱਗੇ ਆਪਾ ਸਮਰਪਣ ਕਰਨਾ, ਇਹ ਉਦੋਂ ਹੀ ਹੋ ਸਕਦਾ ਹੈ ਜਦੋਂ ਤੁਹਾਡਾ ਅਟੁੱਟ ਵਿਸ਼ਵਾਸ਼ ਹੋਵੇ, ਪੂਰਨ ਸ਼ਰਧਾ ਹੋਵੇ। ਪੂਰਨ ਸਮਰਪਣ ਤਾਂ ਹੀ ਹੁੰਦਾ ਹੈ ਜਦੋਂ ਤੁਸੀਂ ਲਗਾਤਾਰ ਅਭਿਆਸ ਕਰਦੇ ਹੋ, ਪੂਰੀ ਤਰ੍ਹਾਂ ਨਿਸ਼ਕਪਟ ਹੋਵੇ, ਸੱਚੇ ਦਿਲ ਨਾਲ ਅਭਿਆਸ ਕਰਦੇ ਹੋ, ਸ਼ਰਧਾ ਨਾਲ ਕਰਦੇ ਹੋ। ਈਸ਼ਵਰ ਸਾਡੀ ਉਸ ਚੇਤਨਤਾ ਦਾ ਕੇਂਦਰ ਹੈ, ਕੇਂਦਰ ਬਿੰਦੂ ਹੈ ਜਿਹੜਾ ਜੀਵਨ ਦਾ ਸੁਆਮੀ ਹੈ, ਚਾਲਕ ਹੈ, ਉਸ ਦਾ ਵਾਸਾ ਸਰੀਰ ਤੋਂ ਅੱਗੇ ਹੈ, ਪਰ੍ਹੇ ਹੈ, ਇੰਦਰੀਆਂ, ਸੁਆਸ, ਮਨ, ਇਹ ਸਭ ਕੁਝ ਸਾਡੇ ਅੰਦਰ ਦੇ ਖਾਨ, ਡੂੰਘਾ ਦਬਿਆ ਪਿਆ ਹੈ, ਸਾਡੀ ਹੋਂਦ ਦੇ ਥੱਲੇ ਦਬਿਆ ਪਿਆ ਹੈ, ਅਸੀਂ ਤਾਂ ਕੇਵਲ ਬਾਹਰੀ ਚੀਜ਼ਾਂ ਨੂੰ ਹੀ ਦੇਖਣ ਲਈ, ਜਾਂਚਣ ਲਈ ਪੜਤਾਲ ਕਰਨ ਲਈ ਸਿਖਿਆ ਲੈਂਦੇ ਹਾਂ, ਪਰ ਅਸੀਂ ਅੰਦਰ ਦੇ ਜੀਵਨ ਦੀਆਂ ਸੀਮਾਵਾਂ ਨੂੰ ਜਾਨਣ ਦਾ ਅਭਿਆਸ ਸਿੱਖਿਆ ਹੀ ਨਹੀਂ। ਈਸ਼ਵਰ ਸਾਡੀ ਆਤਮਾ ਹੈ। ਜਦੋਂ ਹਉਮੈ ਸ਼ੁੱਧ ਹੋ ਜਾਂਦੀ ਹੈ, ਜਦੋਂ ਸਤਿ ਦਾ ਗਿਆਨ ਹੋ ਜਾਂਦਾ ਹੈ, ਫੇਰ ਸਮਰਪਣ ਸੁਤੇ ਹੀ ਹੋ ਜਾਂਦਾ ਹੈ, ਜਦੋਂ ਆਤਮਾ, ਸਰੀਰ, ਇੰਦ੍ਰੀਆਂ, ਸੁਆਸ, ਮਨ ਚੇਤਨਤਾ ਕੇਂਦਰ ਦੇ ਸਾਧਨ ਬਣ ਜਾਂਦੇ ਹਨ ਭਾਵ ਈਸ਼ਵਰ ਪ੍ਰਾਪਤੀ ਦੇ ਸਾਧਨ ਬਣ ਜਾਂਦੇ ਹਨ ਉਸ ਤੋਂ ਉਪਰੰਤ ਆਤਮ ਸਮਰਪਣ ਪ੍ਰਾਪਤ ਹੋ ਜਾਂਦਾ ਹੈ। ਆਤਮ ਸਮਰਪਣ ਕਰਕੇ ਪ੍ਰਾਪਤੀ ਕਰਨਾ, ਸਭ ਤੋਂ ਉਤਮ ਉਚਾ ਮਾਰਗ ਹੈ, ਉਹ ਕਿੰਨੇ ਵਡਭਾਗੇ ਹਨ ਜਿਨ੍ਹਾਂ ਨੇ ਆਪਾ ਸਮਰਪਣ ਕਰ ਦਿੱਤਾ ਹੈ, ਆਪਣੇ ਆਪ ਨੂੰ ਈਸ਼ਵਰ ਚਰਨਾਂ ਵਿੱਚ ਭੇਟ ਕਰ ਦਿੱਤਾ ਹੈ।

ਆਤਮ ਸਮਰਪਣ ਯੋਗ ਵਿੱਚ ਸਭ ਤੋਂ ਉਤਮ ਗਿਣਿਆ ਜਾਂਦਾ ਹੈ। ਇਸ ਮਾਰਗ ਤੇ ਯੋਗ ਦੇ ਹੋਰ ਅਭਿਆਸ - ਮੈਡੀਟੇਸ਼ਨ, ਧਿਆਨ ਲਗਾਉਣਾ ਆਦਿ ਇਸ ਵਿੱਚ ਨਹੀਂ ਲੋੜ। ਆਤਮ ਸਮਰਪਣ ਯੋਗ ਕ੍ਰਿਸ਼ਨ ਜੀ ਨੇ ਗੀਤਾ ਦੇ ਅਠਾਰ੍ਹਵੇਂ ਅਧਿਆਇ ਵਿਚ ਖੋਲ੍ਹ ਕੇ ਦੱਸਿਆ ਹੈ, ਉਸ ਦੀ ਵਿਆਖਿਆ ਕੀਤੀ ਹੈ। ਇਸ ਮਾਰਗ ਤੇ ਜਗਿਆਸੂ ਕੋਲ ਜੋ ਵੀ ਹੈ ਉਹ ਪ੍ਰਭੂ ਨੂੰ ਸਮਰਪਣ ਕਰ ਦਿੰਦਾ ਹੈ। ਤਨ, ਮਨ, ਧਨ, ਬੁੱਧੀ, ਹਉਮੈ, ਸਭ ਪ੍ਰਭੂ ਚਰਨਾਂ ਵਿੱਚ ਸਮਰਪਣ ਕਰਕੇ, ਸਤਿ ਤੇ ਪ੍ਰਭੂ ਕ੍ਰਿਪਾ ਦਾ ਪਾਤਰ ਬਣ ਜਾਂਦਾ ਹੈ। ਦੋ ਤਰ੍ਹਾਂ ਦੇ ਕਰਮ, ਦੋ ਗੁਣ ਜਗਿਆਸੂ ਨੂੰ ਆਤਮ ਸਮਰਪਣ ਕਰਨ ਵਿੱਚ ਸਹਾਇਕ ਹੁੰਦੇ ਹਨ, ਭਰੋਸਾ ਸ਼ਰਧਾ ਤੇ ਨਿਸ਼ਕਪਟ ਤੇ ਸੱਚਾ ਮਨ। ਭਰੋਸਾ, ਵਾਸਤਵ ਵਿੱਚ ਇਹ ਮੰਨ ਕੇ ਚਲਣਾ ਹੈ, ਇਹ ਦਰਸਾਉਣਾ ਹੈ ਕਿ ਕੋਈ ਗੱਲ ਕੋਈ ਵੀ ਕੰਮ ਉਦੋਂ ਤਕ ਨਹੀਂ ਹੋਵੇਗਾ ਜਦੋਂ ਤਕ ਅੰਤਰ ਆਤਮਾ ਉਸ ਨੂੰ ਕਰਨ ਦੀ ਆਗਿਆ ਨਹੀਂ ਦਿੰਦੀ। ਮਨ ਦੀਆਂ ਸਾਰੀਆਂ ਗਤੀਵਿਧੀਆਂ ਨੂੰ ਚਲਾਉਣ ਲਈ ਸਰਲਤਾ ਦੀ ਲੋੜ ਹੈ, ਨਿਸ਼ਕਪਟਤਾ ਦੀ ਲੋੜ ਹੈ, ਇਸੇ ਤਰ੍ਹਾਂ ਹੀ ਸਰੀਰ ਨੂੰ ਉੱਚਾ ਚੁੱਕਣਾ ਕਰਨੀ ਤੇ ਸੋਚਣੀ ਨੂੰ ਉੱਤੇ ਲੈ ਜਾਣ ਲਈ ਸਰਲਤਾ ਦੀ ਲੋੜ ਹੈ, ਉਥੇ ਤਕ ਉੱਚੀ ਸੋਚਣੀ, ਕਥਨੀ ਤੇ ਕਰਨੀ ਨੂੰ ਲੈ ਜਾਣਾ, ਜਿਥੇ ਆਪਾ ਖਤਮ ਹੋ ਜਾਵੇ ਦੋ ਦੀ ਭਾਵਨਾ ਖਤਮ ਹੋ ਜਾਵੇ।

***ਕਬੀਰ ਤੂੰ ਤੂੰ ਕਰਤਾ ਤੂ ਹੂਆ***
***ਮੁਝ ਮਹਿ ਰਹਾ ਨ ਹੂੰ ॥***
***ਜਬ ਆਪਾ ਪਰ ਕਾ ਮਿਟਿ ਗਇਆ***
***ਜਤ ਦੇਖਉ ਤਤ ਤੂ ॥ ਅੰਗ - ੧੩੭੫***

ਸਰਲਤਾ, ਸੁਹਿਰਦਤਾ ਉਹ ਗੁਣ ਹੈ ਜਿਹੜਾ ਜਗਿਆਸੂ ਨੂੰ ਪੂਰਾ ਜਤਨ ਲਗਾ ਕੇ ਆਪਣੇ ਅੰਦਰ ਪੈਦਾ ਕਰਨਾ ਚਾਹੀਦਾ ਹੈ। ਜਿਹੜੇ ਬਿਲਕੁਲ ਕਿਸੇ ਸੰਕੋਚ ਦੇ ਆਪਣੇ ਆਪ ਨੂੰ ਸਮਰਪਣ ਕਰ ਦਿੰਦੇ ਹਨ ਉਨ੍ਹਾਂ ਨੂੰ ਸੁਤੇ ਹੀ ਆਤਮ ਪ੍ਰਗਾਸ ਹੋ ਜਾਂਦਾ ਹੈ। ਆਤਮ ਸਮਰਪਣ ਦੀ ਇੱਛਾ ਰਖਣੀ ਜਾਂ ਕੇਵਲ ਆਤਮ ਸਮਰਪਣ ਦੀ ਮਨੋਬਿਰਤੀ ਰੱਖਣੀ ਇਸ ਮਾਰਗ ਤੇ ਚੱਲਣ ਲਈ ਉਪਯੋਗੀ ਨਹੀਂ ਹੈ, ਸਹਾਇਕ ਨਹੀਂ ਹੈ। ਜਦੋਂ ਪੂਰਣ ਸਮਰਪਣ

ਹੋ ਜਾਂਦਾ ਹੈ, ਸਾਰਾ ਵਿਅਕਤੀਤਵ ਹੀ ਬਦਲ ਜਾਂਦਾ ਹੈ। ਰੂਪ ਪਰਵ੍ਰਿਤ ਹੋ ਜਾਂਦਾ ਹੈ। ਪੂਰਣ ਸਮਰਪਣ ਤੋਂ ਬਿਨਾਂ ਰੱਬੀ, ਇਲਾਹੀ ਪ੍ਰਾਪਤੀ ਨਹੀਂ ਹੋ ਸਕਦੀ, ਸੰਭਵ ਨਹੀਂ। ਆਤਮ ਸਮਰਪਣ ਦੇ ਮਾਰਗ ਤੇ ਜਗਿਆਸੂ ਆਪਣੇ ਆਪ ਨੂੰ ਪੂਰੀ ਤਰ੍ਹਾਂ ਖੋਲ੍ਹ ਕੇ ਦੇਵਤਵ ਜਾਂ ਕਹਿ ਲਓ ਈਸ਼ਵਰਤਾ ਦੇ ਅੱਗੇ ਰੱਖ ਦਿੰਦਾ ਹੈ, ਫੇਰ ਪੂਰੀ ਤਰ੍ਹਾਂ ਨਾਲ ਸੋਚਣੀ, ਕਥਨੀ ਕਰਨੀ ਰਾਹੀਂ ਇਲਾਹੀ ਕ੍ਰਿਪਾ ਨੂੰ ਆਪਣੇ ਅੰਦਰ ਰਚਾਉਂਦਾ ਰਹਿੰਦਾ ਹੈ। ਪ੍ਰਭੂ ਕ੍ਰਿਪਾ ਪ੍ਰਭੂ ਪ੍ਰਸ਼ਾਦ ਤਾਂ ਸਦੈਵੀ ਹਨ, ਪੜਦਾ ਤਾਂ ਕੇਵਲ ਹਉਮੈ ਦਾ ਹੈ ਜਿਹੜੀ ਪ੍ਰਭੂ ਮਿਲਾਪ ਆਤਮਾ ਪ੍ਰਮਾਤਮਾ ਦਾ ਮਿਲਾਪ ਨਹੀਂ ਹੋਣ ਦਿੰਦੀ।

***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ ॥ ਅੰਗ- ੧੨੬੩***

ਅਗਿਆਨ ਦਾ ਹਉਮੈ ਦਾ ਪੜਦਾ ਹੀ ਪ੍ਰਭੂ ਮਿਲਾਪ ਵਿੱਚ ਬਾਧਾ ਹੈ, ਅਗਿਆਨ ਹੀ ਸੰਸਾਰ ਵਿੱਚ ਵਿਚਰਨ ਲਈ ਮਾਇਆ ਦਾ ਰੂਪ ਧਾਰ ਕੇ ਇੰਦ੍ਰੀਆਂ ਦੇ ਭੋਗ ਭੋਗਣ ਵਿੱਚ ਰੁਝਾ ਦਿੰਦਾ ਹੈ। ਮਨ ਦੇ ਆਪਣੇ ਵਿਚਾਰ ਹਨ ਮਨ ਦੀ ਆਪਣੀ ਧਾਰਨਾ ਹੈ, ਉਹ ਤਾਂ ਉਨ੍ਹਾਂ ਵਿੱਚ ਹੀ ਫਸਿਆ ਰਹਿੰਦਾ ਹੈ। ਮਨ ਦਾ ਇੱਕ ਸੁਭਾਅ ਬਣ ਜਾਂਦਾ ਹੈ ਤੇ ਇਹ ਉਸੇ ਦੇ ਗੇੜੇ ਕੱਢਦਾ ਰਹਿੰਦਾ ਹੈ, ਹਉਮੈ ਹੀ ਜੀਵਨ ਨੂੰ ਕੰਟਰੋਲ ਕਰਦੀ ਹੈ, ਹਉਮੈ ਦੀ ਜੜ੍ਹ ਅਗਿਆਨ ਹੈ, ਮਨੁੱਖ ਹਉਮੈ ਦਾ ਜੀਵਨ ਜੀਉਂਦਾ ਹੈ।

***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ ॥ ਅੰਗ- ੧੨੬੩***
***ਹਉਮੈ ਏਹਾ ਜਾਤਿ ਹੈ***
***ਹਉਮੈ ਕਰਮ ਕਮਾਹਿ ॥***
***ਹਉਮੈ ਏਈ ਬੰਧਨਾ***
***ਫਿਰਿ ਫਿਰਿ ਜੋਨੀ ਪਾਹਿ ॥ ਅੰਗ - ੪੬੬***

ਜਦੋਂ ਤਕ ਮਨੁੱਖ ਦੇ ਅੰਦਰ ਇਸ ਨੂੰ ਲੰਘਣ ਦੀ ਪ੍ਰਬਲ ਇੱਛਾ ਨਾ ਹੋਵੇ, ਇਸ ਤੋਂ ਅੱਗੇ ਜਾਣ ਦਾ ਪੂਰਨ ਵਿਸ਼ਵਾਸ਼ ਨਾ ਹੋਵੇ, ਉਦੋਂ ਤਕ ਆਤਮ ਸਮਰਪਣ ਸੰਭਵ ਨਹੀਂ ਹੈ। ਸਮਰਪਣ ਤਾਂ ਨਿਰਪੇਖ ਹੋਣਾ ਚਾਹੀਦਾ ਹੈ, ਸੁਤੰਤਰ ਬਿਨਾਂ ਕਿਸੇ ਸ਼ਰਤ ਦੇ ਹੋਣਾ ਚਾਹੀਦਾ ਹੈ। ਆਤਮ ਸਮਰਪਣ ਵਾਸਤਵ ਵਿਚ ਪ੍ਰਭੂ ਨੂੰ ਖੁਲ੍ਹੇ ਦਿਲ ਨਾਲ ਪੂਰਣ ਰੂਪ ਵਿੱਚ ਮੰਨਣਾ ਹੈ, ਪਰਵਾਨ ਕਰਨਾ ਹੈ। ਆਤਮ ਸਮਰਪਣ ਮਾਰਗ ਸਭ ਤੋਂ ਛੋਟਾ ਮਾਰਗ ਹੈ, ਸਭ ਤੋਂ ਔਖਾ ਮਾਰਗ ਹੈ ਤੇ ਸਭ ਤੋਂ ਸੌਖਾ -

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥***
***ਈਘੈ ਨਿਰਗੁਨ ਊਘੈ ਸਰਗੁਨ***
***ਕੇਲ ਕਰਤ ਬਿਚਿ ਸੁਆਮੀ ਮੇਰਾ॥ ਅੰਗ-੮੨੭***

ਇਸ ਨੂੰ ਅੰਦਰ ਵਰਤ ਕੇ ਜੀਵਨ ਵਿੱਚ ਉਤਾਰਨਾ ਤੇ ਉਸ ਅਨੁਸਾਰ ਜੀਵਨ ਜੀਉਣਾ ਹੈ, ਸਮਰਪਣ ਦਾ ਮਾਰਗ ਹੈ। ਈਸ਼ ਉਪਨਿਸ਼ਦ ਦਸਦਾ ਹੈ, 'ਤੇਨਾ ਤਕਤੁਨਾ' Tena tyaktena ਇਹ ਹੀ ਆਤਮ ਸਮਰਪਣ ਦਾ ਅਭਿਆਸ ਹੈ, ਆਪ ਕਰਨ ਕਰਕੇ, ਸਾਰੇ ਕਰਮਾਂ ਦਾ ਫਲ ਪ੍ਰਭੂ ਨੂੰ ਅਰਪਣ ਕਰ ਦੇਣਾ ਹੀ ਪੂਰਨ ਸਮਰਪਣ ਹੈ, ਇਸੇ ਨੂੰ ਹੀ ਆਤਮ ਸਮਰਪਣ ਕਹਿੰਦੇ ਹਨ।

♠♠♠♠♠

(ਪੰਨਾ 50 ਦੀ ਬਾਕੀ)

ਜੀ ਨੇ ਉੱਤਰ ਦਿੱਤਾ ਕਿ ਮੈਂ ਕੋਈ ਵੇਦ ਸ਼ਾਸਤਰ ਆਦਿ ਨਹੀਂ ਪੜ੍ਹੇ। ਉੱਥੇ ਸਭਾ ਵਿੱਚ ਕਿਵੇਂ ਉੱਤਰ ਦਿਆਂਗਾ। ਗੁਰੂ ਜੀ ਬੋਲੇ ਜੇਠਾ ਜੀ! ਤੁਸੀਂ ਡਰੋ ਨਾ। ਜਦ ਬਾਦਸ਼ਾਹ ਕੋਈ ਪ੍ਰਸ਼ਨ ਪੁੱਛਣਗੇ ਤਾਂ ਤੁਸਾਂ ਸਾਡਾ ਧਿਆਨ ਧਰ ਕੇ ਆਪਣੀ ਸੱਜੀ ਬਾਂਹ ਵਲ ਵੇਖਣਾ, ਤੁਹਾਨੂੰ ਸਭ ਵੇਦਾਂ ਦਾ ਗਿਆਨ ਹੋ ਜਾਵੇਗਾ। ਗੁਰੂ ਜੀ ਦੇ ਬਚਨ ਸੁਣ ਕੇ ਸ੍ਰੀ ਜੇਠਾ ਜੀ ਲਾਹੌਰ ਪਹੁੰਚ ਗਏ। ਹੁਣ ਉਸ ਦੇ ਦਿਲ ਵਿੱਚ ਬੜਾ ਭਰੋਸਾ ਸੀ।

ਅਗਲੇ ਦਿਨ ਜੇਠਾ ਜੀ ਬਾਦਸ਼ਾਹ ਨੂੰ ਮਿਲੇ ਤਾਂ ਬਾਤਸ਼ਾਹ ਨੇ ਪੰਡਤਾਂ ਤੇ ਖੱਤਰੀਆਂ ਨੂੰ ਬੁਲਾਇਆ। ਬਾਦਸ਼ਾਹ ਅਕਬਰ ਨੇ ਖੱਤਰੀਆਂ ਤੇ ਪੰਡਤਾਂ ਨੂੰ ਪੁੱਛਿਆ ਕਿ ਗੁਰੂ ਜੀ ਵਿਰੁੱਧ ਤੁਹਾਨੂੰ ਕੀ ਸ਼ਿਕਾਇਤ ਹੈ? ਉਹਨ੍ਹਾਂ ਨੇ ਕਿਹਾ ਕਿ ਹਜ਼ੂਰ! ਇਨ੍ਹਾਂ ਨਵਾਂ ਮਤ ਚਲਾਇਆ ਹੈ ਅਤੇ ਹਿੰਦੂ ਮਤ ਦਾ ਜੋ ਮਹਾਂਮੰਤਰ ਗਾਇਤ੍ਰੀ ਹੈ ਉਹ ਵੀ ਨਹੀਂ ਜਾਣਦੇ ਤੇ ਨਾਂ ਹੀ ਜਪਦੇ ਹਨ। ਇਨ੍ਹਾਂ ਨੇ ਆਪਣਾ ਵਖਰਾ ਹੀ ਧਰਮ ਬਣਾ ਲਿਆ ਹੈ ਅਤੇ ਚਾਰੇ ਵਰਨ ਖਤਮ ਕਰ ਦਿੱਤੇ ਹਨ।

ਸ਼ਿਕਾਇਤੀਆਂ ਦੀਆਂ ਗੱਲਾਂ ਸੁਣ ਕੇ ਬਾਦਸ਼ਾਹ ਨੇ ਕਿਹਾ ਕਿ ਤੁਸੀਂ ਉੱਤਰ ਦਿਉ, ਹਿੰਦੂ ਹੋ ਕੇ ਗਾਇਤ੍ਰੀ ਕਿਉਂ ਨਹੀਂ ਪੜ੍ਹਦੇ। ਤਾਂ ਜੇਠਾ ਜੀ ਨੇ ਗੁਰੂ ਜੀ ਵਲ ਧਿਆਨ ਧਰ ਕੇ ਸੱਜੀ ਬਾਂਹ ਵਲ ਵੇਖਿਆ ਤਾਂ ਜੇਠਾ ਜੀ ਨੂੰ ਸਭ ਹਿੰਦੂ ਸ਼ਾਸਤਰ ਅਤੇ ਗਾਇਤ੍ਰੀ ਯਾਦ ਹੋ ਗਈ ਜਿਵੇਂ ਪਹਿਲਾਂ ਹੀ ਪੜ੍ਹੇ ਤੇ ਵੀਚਾਰੇ ਹੁੰਦੇ ਹਨ। ਫਿਰ ਜੇਠਾ ਜੀ ਨੇ ਓਅੰਕਾਰ ਦਾ ਉਚਾਰਨ ਕੀਤਾ ਅਤੇ ਗਾਇਤ੍ਰੀ ਦਾ ਪਾਠ ਉੱਚੀ ਆਵਾਜ਼ ਵਿੱਚ ਕੀਤਾ। ਜਦੋਂ ਜੇਠਾ ਜੀ ਨੇ ਗਾਇਤ੍ਰੀ ਦੇ ਸੁੰਦਰ ਅਰਥ ਕਰਕੇ ਸੁਣਾਏ ਤਾਂ ਸਾਰੇ ਬੜੇ ਹੈਰਾਨ ਹੋਏ। ਹੁਣ ਸ਼ਿਕਾਇਤੀਆਂ ਦੇ ਮੂੰਹ ਬੰਦ ਹੋ ਗਏ ਤੇ ਉਹ ਉਠ ਕੇ ਘਰਾਂ ਨੂੰ ਚਲੇ ਗਏ। ਬਾਦਸ਼ਾਹ ਅਕਬਰ ਬੜਾ ਖੁਸ਼ ਹੋਇਆ ਅਤੇ ਉਸ ਨੇ ਜੇਠਾ ਜੀ ਨੂੰ ਸਿਰਪਾਉ ਦੇ ਕੇ ਸਨਮਾਨਤ ਕੀਤਾ।

(ਚਲੀ ਪੀੜੀ ਸੋਢੀਆਂ ਰੂਪ ਵਿਖਾਵਣ ਵਾਰੋ ਵਾਰੀ)

ਜਦੋਂ ਗੱਦੀ ਦੇਣ ਦੀ ਗੱਲ ਆਈ ਤਾਂ ਬੀਬੀ ਭਾਨੀ ਜੀ ਦੀ ਪਤੀਵਰਤਾ ਸ਼ਕਤੀ ਅਤੇ ਗੁਰੂ ਜੀ ਨਾਲ ਪ੍ਰੇਮ ਤੇ ਸੇਵਾ ਨੇ ਕੰਮ ਕੀਤਾ। ਗੁਰੂ ਅਮਰਦਾਸ ਜੀ ਨੇ ਥੜ੍ਹੇ ਵੀ ਬਣਵਾਏ, ਜਿਸ ਵਿਚੋਂ ਜੇਠਾ ਜੀ ਪਾਸ ਹੋਏ। ਆਖਰ ਗੁਰੂ ਜੀ ਅਮਰਦਾਸ ਜੀ ਨੇ ਜੇਠਾ ਜੀ ਨੂੰ ਗੱਦੀ ਦਿੱਤੀ ਤੇ ਨਾਲ ਹੀ ਆਪਣੀ ਉਮਰ (੬ ਸਾਲ ੧੧ ਮਹੀਨੇ ੭ ਦਿਨ) ਵੀ ਦਿੱਤੀ। ਕਿਉਂਕਿ ਜੇਠਾ ਜੀ ਦੀ ਉਮਰ ਖਤਮ ਸੀ।

ਅੱਗੋਂ ਜਿੰਨੇ ਵੀ ਗੁਰੂ ਚੌਥੀ ਪਾਤਸ਼ਾਹੀ ਤੋਂ ਲੈ ਕੇ ਦਸਵੀਂ ਪਾਤਸ਼ਾਹੀ ਤਕ ਸਭ ਸੋਢੀ ਸਨ। ਇਹ ਵਰ ਬੀਬੀ ਭਾਨੀ ਜੀ ਨੇ ਹੀ ਮੰਗਿਆ ਸੀ ਜੋ ਗੁਰੂ ਅਮਰਦਾਸ ਜੀ ਨੇ ਪੂਰਾ ਕੀਤਾ।

ਮੈਂ ਬੀਬੀ ਭਾਨੀ ਜੀ ਨੂੰ ਕੋਟਨ ਕੋਟ ਨਮਸ਼ਕਾਰ ਕਰਦਾ ਹਾਂ।

♠♠♠♠♠

# ਸੁਰਤਿ ਸਬਦਿ ਮਾਰਗ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ ਪੰਨਾ - 17)*

ਮਹਾਰਾਜ ਕਹਿੰਦੇ, "ਗੱਲ ਕਾਹਦੀ ਹੈ ਪ੍ਰੇਮੀਓਂ, ਇਹ ਜਿਹੜੇ ਰੋ-ਰੋ ਕੇ ਕੀਰਤਨ ਕਰਦੇ ਸੀ, ਇਨ੍ਹਾਂ ਦੇ ਘਰ ਪੋਟਲੀ ਪਈ ਹੈ। ਜਾਓ, ਜਾ ਕੇ ਚੁੱਕ ਲਿਆਓ, ਬੰਦੇ ਨੂੰ ਲੈ ਜਾਓ ਇਕ ਨੂੰ ਨਾਲ।"

ਨਾਲ ਲੈ ਗਏ। ਕਹਿੰਦੇ, "ਦੱਸ ਕਿੱਥੇ ਹੈ?" ਕੱਢ ਕੇ ਦਿਤੀ। ਆ ਕੇ ਚਰਨਾਂ ਤੇ ਢਹਿ ਪਏ। ਮਹਾਰਾਜ ਕਹਿੰਦੇ, "ਇਹ ਕੰਮ ਕਰਦੇ ਹੋ? ਨਾਲੇ ਤਾਂ ਰੋ-ਰੋ ਕੇ ਕੀਰਤਨ ਕਰਦੇ ਹੋ, ਸੰਗਤਾਂ ਨੂੰ ਵੀ ਰੁਆ ਦਿਤਾ। ਤੁਸੀਂ ਆਸਾ ਦੀ ਵਾਰ ਨਹੀਂ ਪੜ੍ਹਦੇ?"

***ਜਿਨਾ ਅੰਤਰਿ ਕਪਟੁ ਵਿਕਾਰੁ ਹੈ***
***ਤਿਨਾ ਰੋਇ ਕਿਆ ਕੀਜੈ॥ ਅੰਗ - ੪੫੦***

ਕੀ ਬਣਦਾ ਹੈ ਰੋਏ ਤੇ, ਅੰਦਰ ਤਾਂ ਕਪਟ ਵਿਕਾਰ ਭਰਿਆ ਪਿਆ ਹੈ -

***ਹਰਿ ਕਰਤਾ ਸਭੁ ਕਿਛੁ ਜਾਣਦਾ***
***ਸਿਰਿ ਰੋਗ ਹਥੁ ਦੀਜੈ ॥***
***ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ***
***ਹਰਿ ਭਗਤਿ ਹਰਿ ਲੀਜੈ ॥ ਅੰਗ - ੪੫੦***

ਏਥੇ ਤਾਂ ਹਿਰਦੇ ਦੀ ਸ਼ੁੱਧੀ ਦੀ ਲੋੜ ਹੈ ਪਹਿਲਾਂ। ਇਨ੍ਹਾਂ ਚੀਜ਼ਾਂ ਤੋਂ ਸਾਰੀਆਂ ਤੋਂ ਬਚੋ, ਜੇ ਪਾਰ ਲੰਘਣੈ; ਨਹੀਂ ਲੰਘ ਨਹੀਂ ਸਕਦਾ -

***ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ***
***ਹਿਰਦਾ ਸੁਧੁ ਨ ਹੋਈ॥ ਅੰਗ - ੭੩੨***

ਕੌੜਾ ਬੋਲਦਾ ਹੈ, ਫਿੱਕਾ ਬੋਲਦਾ ਹੈ। ਇਕ ਤਾਂ ਨਹੀਂ ਦੋਸ਼ ਹੈ, ਬੇਅੰਤ ਦੋਸ਼ ਨੇ -

***ਅਨਦਿਨੁ ਕਰਮ ਕਰਹਿ ਬਹੁਤੇਰੇ***
***ਸੁਪਨੈ ਸੁਖੁ ਨ ਹੋਈ ॥ ੧ ॥***
***ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥***
***ਕੋਰੈ ਰੰਗੁ ਕਦੇ ਨ ਚੜੈ***
***ਜੇ ਲੋਚੈ ਸਭੁ ਕੋਈ ॥***
***ਜਪੁ ਤਪ ਸੰਜਮ ਵਰਤ ਕਰੇ***
***ਪੂਜਾ ਮਨਮੁਖ ਰੋਗੁ ਨ ਜਾਈ ॥ ਅੰਗ- ੭੩੨***

ਚਲਦਾ ਮਨ ਦੇ ਪਿੱਛੇ ਹੈ -

***ਅੰਤਰਿ ਰੋਗੁ ਮਹਾ ਅਭਿਮਾਨਾ***
***ਦੂਜੈ ਭਾਇ ਖੁਆਈ॥ ਅੰਗ - ੭੩੨***

ਅੰਦਰ ਅਭਿਮਾਨ ਦਾ ਰੋਗੁ ਲਗਿਆ ਹੋਇਆ ਹੈ ਤੇ ਦ੍ਵੈਤ ਵਿਚ ਰਹਿੰਦਾ ਹੈ -

***ਬਾਹਰਿ ਭੇਖ ਬਹੁਤੁ ਚਤੁਰਾਈ***
***ਮਨੂਆ ਦਹ ਦਿਸਿ ਧਾਵੈ॥ ਅੰਗ - ੭੩੨***

ਬਾਹਰ ਤਾਂ ਬਹੁਤ ਸੋਹਣਾ ਭੇਖ ਕਰ ਲਿਆ, ਵਧੀਆ ਤੋਂ ਵਧੀਆ ਭੇਖ ਕਰ ਲਿਆ ਕਿ ਦੇਖਣ ਵਾਲਾ ਇਕ ਵਾਰੀ ਤਾਂ ਭੇਖ ਵਿਚ ਭੁੱਲ ਜਾਵੇ। ਬੜੀ ਚਤੁਰਾਈ ਹੈ, ਗੱਲਬਾਤ ਦੇ ਵਿਚ ਬੜੀ ਹੁਸ਼ਿਆਰੀ ਹੈ, ***'ਮਨੂਆ ਦਹਦਿਸਿ ਧਾਵੈ॥'*** ਮਨ ਦੌੜਦਾ ਫਿਰਦਾ ਹੈ।

***ਹਉਮੈ ਬਿਆਪਿਆ ਸਬਦੁ ਨ ਚੀਨੈ***
***ਫਿਰਿ ਫਿਰਿ ਜੂਨੀ ਆਵੈ॥ ਅੰਗ - ੭੩੨***

ਤੇ ਸ਼ਬਦ ਨੂੰ ਚੀਨਦਾ ਨਹੀਂ ਹੈ, ਨਾਮ ਦੇ ਨਾਲ ਸੁਰਤਿ ਨਹੀਂ ਲਗਦੀ। ਮਹਾਰਾਜ ਕਹਿੰਦੇ, ਫੇਰ ਬਾਰ-ਬਾਰ ਆਉਂਦਾ ਹੈ; ਜੰਮਦਾ ਮਰਦਾ ਹੈ, ਜੰਮਦਾ ਮਰਦਾ ਹੈ। ਸੋ ਮਹਾਰਾਜ ਸਮਝਾਉਂਦੇ ਨੇ ਮਾਤਾ ਜੀ ਨੂੰ ਕਿ ਨਾਮ ਦੇ ਅੰਦਰ ਜਦ ਤਕ ਪੂਰਾ ਨਹੀਂ ਮਿਲਦਾ, ਓਨੀ ਦੇਰ ਤੱਕ ਜੇ ਨਾਮ ਦੀ ਗੱਲ ਕਰੋ ਤਾਂ ਕਿਸੇ ਦੇ ਪੱਲੇ ਨਹੀਂ ਪੈਂਦੀ ਕਿਉਂਕਿ ਸੰਸਾਰ ਨੇ ਅਜੇ ਸਮਝਿਆ ਨਹੀਂ ਕਿ-

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਅੰਗ - ੮੧***

ਜੇ ਐਨੀ ਹੀ ਗੱਲ ਪੈ ਜਾਵੇ ਹਿਰਦੇ ਦੇ ਅੰਦਰ ਤਾਂ ਫੇਰ ਕਿਹੜਾ ਹੈ ਜਿਹੜਾ ਐਡੀ ਅਮੋਲ ਚੀਜ਼ ਨੂੰ ਭੁੱਲੇ। ਸੋ ਉਹਦੇ ਵਾਸਤੇ ਤਾਂ ਗੁਣ ਹੋਣੇ ਚਾਹੀਦੇ ਨੇ -

***ਧਾਰਨਾ - ਜਿਥੇ ਮਿਲੇ ਨਾ ਸੋਦਾਗਰ ਪੂਰਾ,***
***ਗਠੜੀ ਨ ਖੋਲ੍ਹੀ ਨਾਮ ਦੀ - ੨, ੨.***
***ਰਾਮ ਪਦਾਰਥੁ ਪਾਇ ਕੈ***
***ਕਬੀਰਾ ਗਾਂਠਿ ਨ ਖੋਲ੍ਹ॥***
***ਨਹੀ ਪਟਣੁ ਨਹੀ ਪਾਰਖੂ***
***ਨਹੀ ਗਾਹਕੁ ਨਹੀ ਮੋਲੁ॥ ਅੰਗ - ੧੩੬੫***
***ਕਬੀਰ ਰਾਮ ਰਤਨੁ ਮੁਖੁ ਕੋਥਰੀ***
***ਪਾਰਖ ਆਗੈ ਖੋਲਿ॥***
***ਕੋਈ ਆਇ ਮਿਲੈਗੋ***
***ਗਾਹਕੀ ਲੇਗੋ ਮਹਗੇ ਮੋਲਿ॥ ਅੰਗ - ੧੩੭੬***

ਕੋਈ ਆ ਜਾਏਗਾ, ਕਦੇ ਆ ਜਾਏਗਾ; ਉਹਨੇ ਫੇਰ ਸੀਸ ਦੇ ਕੇ ਲੈ ਲੈਣਾ ਹੈ। ਗਾਹਕ ਹੀ ਨਹੀਂ ਹੈ ਕੋਈ ਨਾਮ ਦਾ, ਚੁੱਕੀ ਫਿਰੋ ਨਾਸਤਕਾਂ ਕੋਲ।

ਇਕ ਪੰਡਤ ਜੀ ਬੜੇ ਵਿਦਵਾਨ ਸੀ - ਕਥਾ ਕਰਿਆ ਕਰਦੇ ਸੀ - ਮਹਾਂਭਾਰਤ ਦੀ ਕਥਾ ਸੁਣਾਉਣੀ ਲੇਕਿਨ ਲਾਲਚ ਸੀ ਮਨ ਦੇ ਅੰਦਰ। ਕੋਈ ਅਮੀਰ ਬੰਦਾ ਦੇਖਣਾ, ਫੇਰ ਕਹਿਣਾ ਕਿ ਇਹਨੂੰ ਕਥਾ ਸੁਣਾਈਏ, ਇਹ ਚੰਗੀ ਭੇਟਾ ਚਾੜ੍ਹੇਗਾ। ਕੁਦਰਤੀ ਹੁੰਦਾ ਹੈ ਲਾਲਚ। ਸੋ ਉਨ੍ਹਾਂ ਨੇ ਇਕ ਸ਼ਹਿਰ ਦੇ ਅੰਦਰ ਇਕ ਚੰਗਾ ਸੇਠ ਜਿਹੜਾ ਸਾਰਿਆਂ ਨਾਲੋਂ ਵੱਡਾ ਸੀ, ਉਹਨੂੰ ਕਿਹਾ ਕਿ ਸੇਠ ਜੀ! ਜੇ ਕਹੋ ਤਾਂ ਕਥਾ ਸੁਣਾਈਏ - ਮਹਾਂਭਾਰਤ ਦੀ ਕਥਾ? ਕਹਿਣ ਲੱਗੇ, ਵਾਹ ਪੰਡਤ ਜੀ ਵਾਹ, ਅਸੀਂ ਤਾਂ ਉਡੀਕਦੇ ਸੀ

ਕਿ ਕੋਈ ਵਿਦਵਾਨ ਆਵੇ, ਸਾਡਾ ਟਾਈਮ ਵੀ ਲੰਘੇ ਤੇ ਕਥਾ ਵੀ ਸੁਣੀਏ। ਪੰਡਤ ਜੀ ਨੇ ਕਥਾ ਸ਼ੁਰੂ ਕਰ ਦਿਤੀ ਤੇ ਨਾਲੇ ਕਹਿਣ ਲੱਗੇ ਕਿ ਦੇਖੋ, ਧਿਆਨ ਨਾਲ ਸੁਣਿਓ ਤੇ ਜਿਹੜੇ ਬਚਨ ਆਉਂਦੇ ਨੇ, ਇਹ ਮੰਨਣ ਦਾ ਯਤਨ ਕਰਿਓ।

ਕਹਿੰਦੇ, ਫਿਕਰ ਨਾ ਕਰੋ ਪੰਡਤ ਜੀ, ਅਸੀਂ ਪੂਰੀ ਤਰ੍ਹਾਂ ਮੰਨਾਂਗੇ। ਉਸ ਵੇਲੇ ਜਦੋਂ ਕਥਾ ਦਾ ਮੱਧ ਦਾ ਭੋਗ ਪਾਇਆ, ਪੰਡਤ ਜੀ ਦੇਖਦੇ ਨੇ ਕਿ ਇਨ੍ਹਾਂ ਨੇ ਤਾਂ ਇਕ ਕੌਡੀ ਵੀ ਨਹੀਂ ਚਾੜ੍ਹੀ ਕਿਸੇ ਨੇ, ਇਹ ਕਿਹੋ ਜਿਹੇ ਲੋਕ ਨੇ। ਹੋਰ ਥਾਵਾਂ ਤੇ ਮੈਂ ਭੋਗ ਪਾਉਂਦਾ - ਬਸਤਰ ਚਾੜ੍ਹਦੇ ਨੇ, ਰਾਸ਼ਨ ਚਾੜ੍ਹਦੇ ਨੇ; ਘਰ ਦੇ ਆਉਂਦਾਂ ਫੇਰ ਮੈਂ; ਪੈਸੇ ਦਿੰਦੇ ਨੇ, ਗਹਿਣੇ ਦਿੰਦੇ ਨੇ, ਹੋਰ ਬੜਾ ਕੁਛ ਦਿੰਦੇ ਨੇ; ਇਨ੍ਹਾਂ ਨੇ ਤਾਂ ਕੁਛ ਵੀ ਨਹੀਂ ਕਰਿਆ। ਕਹਿੰਦਾ, ਚਲੋ, ਸੇਠ ਸਿਆਣਾ ਹੈ, ਇਕੋ ਵਾਰੀ ਦੇ ਦਏਗਾ ਸਭ ਕੁਛ। ਫੇਰ ਕਥਾ ਕਰਦੇ ਰਹੇ, ਅਖੀਰ ਭੋਗ ਪਾ ਦਿਤਾ। ਉਨ੍ਹਾਂ ਨੇ ਭੋਗ ਤੇ ਵੀ ਕੁਛ ਨਾ ਚਾੜ੍ਹਿਆ। ਪੰਡਤ ਜੀ ਬੜੇ ਨਿਰਾਸ਼ ਹੋਏ ਤੇ ਨਾਲ ਬਚਨ ਬੜੇ ਪਿਆਰ ਦੇ ਕਰ ਚੁੱਕੇ ਸੀ ਤੇ ਉਨ੍ਹਾਂ ਨੇ ਕਿਹਾ ਕਿ ਜੇ ਮੈਂ ਹੁਣ ਕਹਿੰਦਾ ਹਾਂ ਤਾਂ ਸਾਰੀ ਸੰਗਤਿ ਬੈਠੀ ਹੈ, ਇਨ੍ਹਾਂ ਦੇ ਮਨ ਵਿਚ ਆਊ ਕਿ ਪੰਡਤ ਲਾਲਚੀ ਹੈ, ਤੇ ਹੋਵੇ ਨ ਤਾਂ ਮੈਂ ਫੇਰ ਆ ਜਾਵਾਂਗਾ; ਸ਼ਾਇਦ ਇਹ ਗੁਪਤ ਦਾਨ ਕਰਨਾ ਚਾਹੁੰਦੇ ਹੋਣ। ਉਹ ਥੋੜ੍ਹੇ ਦਿਨਾਂ ਦੇ ਬਾਅਦ ਆ ਗਏ। ਆ ਕੇ ਕਹਿਣ ਲੱਗੇ -

"ਸੇਠ ਜੀ, ਕਥਾ ਕਿਹੋ ਜਿਹੀ ਲੱਗੀ?"

"ਪੰਡਤ ਜੀ ਕਥਾ! ਬੱਸ ਕੀ ਪੁੱਛਦੇ ਹੋ ਤੁਸੀਂ, ਬਹੁਤ ਹੀ ਵਧੀਆ ਲੱਗੀ।"

"ਮੰਨੀ ਵੀ ਹੈ ਕੋਈ?"

"ਹਾਂ, ੧੦੦% ਮੰਨੀ ਹੈ।"

"ਜੇ ਤੁਹਾਨੂੰ ਵਧੀਆਂ ਲਗੀ ਤਾਂ ਤੁਸੀਂ ਕੁਛ ਭੇਟਾ ਨਹੀਂ ਕਰਿਆ।"

"ਦੇਖੋ ਪੰਡਤ ਜੀ! ਮੈਂ ਤੁਹਾਨੂੰ ਦੱਸਾਂ ਸੱਚੀ ਗੱਲ। ਇਹ ਦੇਖ ਲਉ ਕਿ ਕ੍ਰਿਸ਼ਨ ਮਹਾਰਾਜ ਆਏ ਤੇ ਪਾਂਡਵਾਂ ਨੇ ਵੀ ਮੰਗਿਆ ਤੇ ਹੋਰ ਵੀ ਜਿੰਨੇ ਵੱਡੇ-ਵੱਡੇ ਪੁਰਸ਼ ਸੀ, ਸਾਰਿਆਂ ਨੇ ਸਮਝੌਤਾ ਕਰਾਉਣ ਦੀ ਕੋਸ਼ਿਸ਼ ਕਰੀ ਕਿ ਪੰਜ ਪਿੰਡ ਦੇ ਦਿਉ; ਜੇ ਜ਼ਿਆਦਾ ਨਹੀਂ ਦੇਣੇ ਤਾਂ ਪੰਜ ਪਿੰਡ ਤਾਂ ਦੇ ਦਿਉ। ਦੁਰਯੋਧਨ ਨੇ ਕਿਹਾ ਕਿ ਜਿੰਨਾਂ ਸੂਈ ਦੇ ਨੱਕੇ ਦਾ ਥਾਂ ਹੁੰਦਾ ਹੈ, ਮੈਂ ਤਾਂ ਐਨਾ ਵੀ ਨਹੀਂ ਦੇਣਾ।" ਕਹਿੰਦਾ, "ਮੈਂ ਤਾਂ ਇਹ ਗੱਲ ਪੱਕੀ ਬੰਨ੍ਹ ਲਈ ਲੜ ਕਿ ਚਾਹੇ ਕੋਈ ਕੁਛ ਕਥਾ ਕਰੀ ਜਾਏ, ਚਾਹੇ ਕੋਈ ਮੰਗੀ ਜਾਵੇ; ਅਸੀਂ ਤਾਂ ਧੇਲਾ ਵੀ ਨਹੀਂ ਦੇਣਾ ਕਿਸੇ ਨੂੰ।" ਕਹਿੰਦਾ, "ਐਡੀ ਥੋੜ੍ਹੀ ਗੱਲ ਹੈ - ਮੈਂ ਤਾਂ ਕਥਾ ਮੰਨ ਲਈ।"

ਪੰਡਤ ਜੀ ਨੇ ਕਿਹਾ ਕਿ ਇਹ ਤਾਂ ਮੇਰੀ ਹੀ ਗਲਤੀ ਹੈ; ਮੈਂ ਪਹਿਲਾਂ ਸੌਦਾਗਰ ਦੇਖਿਆ ਹੀ ਨਹੀਂ। ਕਹਿੰਦਾ, "ਚਲੋ, ਬੀਬੀ ਚੰਗੀ ਹੋਣੀ ਹੈ, ਉਸ ਤੋਂ ਪੁੱਛਦੇ ਹਾਂ।" ਬੀਬੀ ਜੀ ਕੋਲ ਚਲਿਆ ਗਿਆ। ਕਹਿੰਦਾ -

"ਬੀਬੀ ਜੀ! ਕਥਾ ਕਿਹੋ ਜਿਹੀ ਲੱਗੀ?"

"ਮੈਨੂੰ ਤਾਂ ਬਹੁਤ ਵਧੀਆਂ ਲੱਗੀ, ਕੁਛ ਨਾ ਪੁੱਛ। ਪੰਡਤ ਜੀ! ਮੇਰੇ ਤਾਂ ਕਈ ਸ਼ੰਕੇ ਦੂਰ ਹੋ ਗਏ।"

"ਫੇਰ ਤੁਸੀਂ ਭੇਟਾ ਤਾਂ ਕੁਛ ਨਹੀਂ ਕਰੀ।"

"ਭੇਟਾ ਤਾਂ ਮੈਂ ਜੀ ਭਰ ਕੇ ਕਰੂੰ।"

"ਕਦ? ਦੇਖੋ, ਤੁਹਾਨੂੰ ਸਾਰਿਆਂ ਨਾਲੋਂ ਵਧੀਆ ਪ੍ਰਸੰਗ ਕੀਹਦਾ ਲੱਗਿਆ?"

"ਦ੍ਰੋਪਤੀ ਦਾ ਲੱਗਿਆ। ਮੈਂ ਵੀ ਫੈਸਲਾ ਕਰ ਲਿਆ ਕਿ ਚਾਰ ਪਤੀ ਤਾਂ ਮੇਰੇ ਅੱਗੇ ਹੀ ਹੈਗੇ, ਜਿੱਦਣ ਪੰਜਵਾਂ ਬਣ ਗਿਆ ਪੰਡਿਤ ਜੀ ਓਦਣ ਦਊਂ ਭੇਟਾ।"

ਪੰਡਿਤ ਜੀ ਕਹਿਣ ਲੱਗੇ, ਇਹ ਵੀ ਮੂਰਖ ਹੀ ਹੈ, ਇਹ ਕਿਧਰਲੇ ਪਾਸੇ ਸੋਚਣ ਲੱਗ ਗਏ। ਉਹ ਪਤੀਬ੍ਰਤਾ ਇਸਤਰੀ ਸੀ ਉਹਨੇ ਬਚਨ ਮੰਨਿਆ ਤੇ ਇਹ ਪੰਜ ਪਤੀ ਕਰਨੇ ਚਾਹੁੰਦੀ ਹੈ। ਕਹਿੰਦਾ ਕਿ ਚਲੋ, ਲੜਕਾ ਸਿਆਣਾ ਹੈ, ਉਹਦੇ ਕੋਲ ਚਲਦੇ ਹਾਂ। ਲੜਕੇ ਕੋਲ ਚਲਿਆ ਗਿਆ, ਜਾ ਕੇ ਕਹਿੰਦਾ -

"ਛੋਟੇ ਸੇਠ ਜੀ, ਕਥਾ ਕਿਹੋ ਜਿਹੀ ਲੱਗੀ?"

"ਪੰਡਤ ਜੀ! ਮੈਨੂੰ ਤਾਂ ਗਿਆਨ ਹੋ ਗਿਆ, ਜਿਹੜੇ ਕ੍ਰਿਸ਼ਨ ਮਹਾਰਾਜ ਨੇ ਬਚਨ ਕਰੇ ਨੇ, ਮੇਰੇ ਉਤੇ ੧੦੦% ਅਸਰ ਹੋ ਗਿਆ, ਆਤਮਾ ਨੂੰ ਮੈਂ ਸਮਝ ਗਿਆ।"

"ਫੇਰ ਤੁਸੀਂ ਭੇਟਾ ਨਹੀਂ ਕੁਛ ਕਰਿਆ।"

"ਭੇਟਾ ਮੈਂ ਕਰੂੰਗਾ।"

"ਫੇਰ ਤੂੰ ਸਮਝਿਆ ਕੀ ਹੈਂ?"

"ਮੈਂ ਇਹ ਸਮਝਿਆ ਕਿ ਆਤਮਾ ਨਹੀਂ ਮਰਦੀ, ਸਰੀਰ ਮਰਦਾ ਹੈ ਤੇ ਮੇਰਾ ੧੦੦% ਨਿਹਚਾ ਹੋ ਗਿਆ। ਇਹ ਜਿਹੜਾ ਸਾਡਾ ਬੁੜ੍ਹਾ ਹੈ ਨਾ, ਇਹ ਮੈਨੂੰ ਧੇਲਾ ਨਹੀਂ ਦਿੰਦਾ। ਹੁਣ ਮੈਂ ਇਹਨੂੰ ਮਾਰ ਦੇਣਾ ਹੈ, ਆਤਮਾ ਤਾਂ ਮਰਦੀ ਨਹੀਂ, ਮੈਨੂੰ ਪਾਪ ਨਹੀਂ ਲਗਣਾ। ਫੇਰ ਦਊਂ ਤੈਨੂੰ।"

ਸੋ ਮਹਾਰਾਜ ਕਹਿੰਦੇ - 'ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹ॥ ਨਹੀਂ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲ॥' ਨ ਬਜ਼ਾਰ ਹੈ, ਨਾ ਪਾਰਖੂ ਹੈ, ਨਾ ਦੁਕਾਨ ਹੈ, ਨਾ ਮੁੱਲ ਦੇਣ ਵਾਲਾ ਹੈ। ਮੁੱਲ ਕੀ ਹੈ ਉਹਦਾ? ਮੁੱਲ ਮਹਾਰਾਜ ਦਸਦੇ ਨੇ-

***ਧਾਰਨਾ - ਮਰਨਾ ਕਬੂਲ ਲੈ,***
***ਜੀਵਨ ਦੀ ਛੱਡ ਦੇ ਆਸਾ - ੨.***
***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ***
***ਤਉ ਆਉ ਹਮਾਰੈ ਪਾਸਿ ॥ ਅੰਗ - ੧੧੦੨***
***ਜਉ ਤਉ ਪ੍ਰੇਮ ਖੇਲਣ ਕਾ ਚਾਉ ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ ॥***
***ਇਤੁ ਮਾਰਗਿ ਪੈਰੁ ਧਰੀਜੈ ॥***
***ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ- ੧੪੧੨***

ਜੋ ਮੁੱਲ ਹੈ ਗਾਹਕ ਦੇ ਪਾਸ, ਉਹ ਹੈ ਆਪਣਾ ਆਪ,

ਹਉਮੈ ਨੂੰ ਖਤਮ ਕਰਨਾ। ਜੇ 'ਮੈਂ' ਰਹੇ, ਤੇ ਨਾਲ 'ਨਾਮ ਰਹੇ'; ਦੋਇ ਨਹੀਂ ਰਹਿਣੇ ਇਕ ਥਾਂ ਪ੍ਰੇਮੀਆਂ -

***ਹਉਮੈ ਨਾਵੈ ਨਾਲਿ ਵਿਰੋਧੁ ਹੈ***
***ਦੁਇ ਨ ਵਸਹਿ ਇਕ ਠਾਇ॥ ਅੰਗ - ੫੬੦***

ਦੋਇ ਨਹੀਂ ਇਕੱਠੇ ਰਹਿੰਦੇ; ਜਾਂ ਹਉਮੈ ਰਹੇਗੀ - ਮੈਂ ਰਹੇਗੀ ਜਾਂ ਨਾਮ ਰਹੇਗਾ। ਸੋ ਇਸ ਤਰ੍ਹਾਂ - ***'ਕਬੀਰ ਰਾਮ ਰਤਨੁ ਮੁਖੁ ਕੋਥਰੀ ਪਾਰਖ ਆਗੈ ਖੋਲਿ। ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ॥'*** ਪਾਰਖੂ ਨੂੰ ਇਹ ਗੱਲ ਦੱਸ ਦੇ ਕਿ ਐਥੇ ਬਿਰਤੀ ਟਿਕਾਏ ਤੇ ਆਹ ਹੁੰਦਾ ਹੈ, ਐਥੇ ਬਿਰਤੀ ਟਿਕਾਏ ਤੇ ਆਹ ਹੁੰਦਾ ਹੈ; ਤ੍ਰਿਕੁਟੀ ਐਉਂ ਟੁੱਟਦੀ ਹੈ, ਦਸਵੇਂ ਦੁਆਰ ਵਿਚ ਬਿਰਤੀ ਇਉਂ ਪਹੁੰਚਦੀ ਹੈ। ਜਦ ਗਾਹਕ ਹੀ ਨਹੀਂ ਹੈ, ਉਹਨੂੰ ਪਤਾ ਹੀ ਨਹੀਂ ਹੈ ਕਿ ਦਸਵਾਂ ਦੁਆਰ ਕਾਸ ਨੂੰ ਕਹਿੰਦੇ ਨੇ। 'ਹਾਂ ਹਾਂ ਹਾਂ ਹਾਂ' ਕਰੀ ਜਾਂਦਾ ਹੈ। ਉਹਨੇ ਨਾ ਐਧਰ ਹੋਣਾ ਹੈ, ਨਾ ਓਧਰ ਹੋਣਾ ਹੈ; ਉਹ ਤਾਂ ਥਕੇਵਾਂ ਹੀ ਤੇਰੇ ਪੱਲੇ ਪੈਂਦਾ ਹੈ; ਇੰਤਜ਼ਾਮ ਕਰ - 'ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ॥' ਇਕੋ ਹੀ ਬਹੁਤ ਹੈ, ਉਹਨੇ ਸਿਰ ਦੇ ਕੇ ਲੈ ਲੈਣਾ ਹੈ, ਤੇਰਾ ਬਣ ਜਾਣਾ ਹੈ, ਸਭ ਕੁਛ ਅਰਪਣ ਕਰ ਦੇਣਾ ਹੈ ਉਹਨੇ।

ਸੋ ਇਸ ਤਰ੍ਹਾ ਗਾਹਕ ਨਾ ਹੋਣ ਕਰਕੇ ਨਾਮ ਨਹੀਂ ਚਲ ਰਿਹਾ। ਹੁਣ ਪੰਜ ਪਿਆਰੇ ਅੰਮ੍ਰਿਤ ਛਕਾ ਕੇ ਆਉਂਦੇ ਨੇ; ਬੇਅੰਤ ਨੂੰ ਅੰਮ੍ਰਿਤ ਛਕਾਇਆ ਹੈ। ਕਿੰਨੇ ਕੁ ਨੇ ਜਿਹੜੇ ਨਾਮ ਜਪਦੇ ਨੇ - ਵਿਰਲੇ ਪੁਰਸ਼ ਨੇ। ਸੰਤ ਤਾਂ ਇਹ ਹੀ ਕਹਿੰਦੇ ਹੁੰਦੇ ਨੇ ਕਿ ਤੂੰ ਬੀਮਾਰ ਹੈਂ, ਅੰਮ੍ਰਿਤ ਛਕ ਲੈ; ਗੁਰੂ ਤੇਰਾ ਰਾਖਾ ਹੋ ਜਾਏਗਾ। ਚੱਲ ਤੇਰਾ ਐਨਾ ਹੀ ਸਹੀ। ਓਥੇ ਦਿੰਦੇ ਨੇ ਨਾ। ਅੰਮ੍ਰਿਤ ਕੀ ਹੁੰਦਾ ਹੈ? ਗੁਰੂ ਧਾਰਨ ਕਰਾਉਂਦੇ ਨੇ; ਗੁਰੂ ਧਾਰਨ ਕਰਾ ਕੇ ਪੰਜ ਪਿਆਰੇ ਨਾਮ ਦਿੰਦੇ ਨੇ। ਉਹ ਨਾਮ ਵਾਲੀ ਗੱਲ ਤਾਂ ਗਈ ਆਈ, ਨਾ ਕੋਈ ਜਪਦਾ ਹੈ; ਵਿਰਲਾ ਵਿਰਲਾ ਪੁਰਸ਼ ਹੈ ਕੋਈ, ਕਿਉਂਕਿ ਲਗਨ ਨਹੀਂ ਹੈ। ਅਸੀਂ ਤਾਂ ਇਉਂ ਕਰਦੇ ਹਾਂ - ਫਲਾਣਾ ਸਿਆਂ, ਤੂੰ ਨਹੀਂ ਅੰਮ੍ਰਿਤ ਛਕਦਾ, ਕੀ ਗੱਲ ਹੈ?

ਏਥੇ ਇਕ ਪ੍ਰੇਮੀ ਮੇਰੇ ਕੋਲ ਆਇਆ; ਕਹਿੰਦਾ, ਜੀ ਮੈਨੂੰ ਅੰਮ੍ਰਿਤ ਛਕਣ ਨੂੰ ਕਹਿੰਦੇ ਨੇ। ਮੈਂ ਕਿਹਾ, "ਫਿਰ ਤੇਰਾ ਮਨ ਕੀ ਕਹਿੰਦਾ ਹੈ?" ਕਹਿੰਦਾ, "ਮੈਂ ਤੁਹਾਨੂੰ ਪੁੱਛਣ ਆਇਆ ਹਾਂ।" ਮੈਂ ਕਿਹਾ, "ਮੈਂ ਤਾਂ ਕੁਛ ਨਹੀਂ ਕਹਿੰਦਾ। ਜੇ ਮੇਂ ਤੈਨੂੰ ਕਹਿ ਦਿਤਾ ਕਿ ਤਕੜਾ ਹੋ ਕੇ ਛਕੀਂ ਤਾਂ ਮੇਰੇ ਨਾਲ ਉਹ ਨਰਾਜ਼ ਹੋਣਗੇ ਜਿਹੜੇ ਛਕਾ ਰਹੇ ਨੇ। ਜੇ ਮੈਂ ਕਹਿ ਦਿਤਾ, 'ਛਕ ਲੈ, ਛਕ ਲੈ' ਤਾਂ ਮੇਰੀ ਵੀ ਉਹੀ ਗੱਲ ਹੋ ਜਾਏਗੀ। ਤੇਰੇ ਅੰਦਰ ਰੁਚੀ ਹੈ ਨਾਮ ਜਪਣ ਦੀ? ਗੁਰੂ ਧਾਰਨ ਨੂੰ ਤੇਰਾ ਮਨ ਮੰਨਿਆ? ਜੇ ਤਾਂ ਮੰਨ ਗਿਆ, ਫੇਰ ਤਾਂ ਕੀਮਤ ਦੇ ਦੇ; ਜੇ ਤੇਰਾ ਮਨ ਹੀ ਨਹੀਂ ਮੰਨਿਆ ਤੇ ਸ਼ਰਾਬ ਦੀ ਬੋਤਲ ਨੂੰ ਦੇਖ ਕੇ ਫੇਰ ਨੱਠ ਕੇ ਓਥੇ ਨੂੰ ਚਲਿਆ ਗਿਆ, ਕਿਧਰੇ ਜਪੁਜੀ ਸਾਹਿਬ ਗਿਆ; ਹੋਰ ਤਕੜਾ ਹੋ ਜਾ। ਜੇ ਜਨਮ ਲੰਘ ਵੀ ਗਿਆ, ਫੇਰ ਵਾਰੀ ਆ ਜਾਏਗੀ। ੫੦-੬੦ ਕ੍ਰੋੜ ਸਾਲ ਬਾਅਦ, ਫੇਰ ਛਕ ਲਈਂ ਆ ਕੇ, ਹਾਲੇ ਕੁੱਤਾ ਬਿੱਲਾ ਬਣ ਕੇ ਦੇਖ ਲੈ ਕਿਉਂਕਿ -

***ਗੁਰ ਮੰਤ੍ਰ ਹੀਣਸੵ ਜੋ ਪ੍ਰਾਣੀ***
***ਧ੍ਰਿਗੰਤ ਜਨਮ ਭ੍ਰਸਟਣਹ ॥***
***ਕੂਕਰਹ ਸੂਕਰਹ ਗਰਧਭਹ***
***ਕਾਕਹ ਸਰਪਨਹ ਤੁਲਿ ਖਲਹ ॥ ਅੰਗ-੧੩੫੬***

ਮਹਾਰਾਜ ਕਹਿੰਦੇ ਨੇ ਕਿ ਐਹੋ ਜਿਹੀਆਂ ਨਖਿੱਧ ਜੂਨਾਂ ਵਿਚ ਪੈਂਦਾ ਹੈ, ਜਿਹੜਾ ਨਿਗੁਰਾ ਪੁਰਸ਼ ਹੋਇਆ ਕਰਦਾ ਹੈ। ਫੇਰ ਮੁੱਲ ਦੇਣਾ ਚਾਹੀਦਾ ਹੈ ਇਹਦਾ। ਪਹਿਲਿਆਂ ਜ਼ਮਾਨਿਆਂ ਵਿਚ ਅੰਮ੍ਰਿਤ ਜਦ ਛਕਾਉਂਦੇ ਸੀ, ਬੜੇ-ਬੜੇ ਸਾਲਾਂ ਤੱਕ ਤਪਸਿਆ, ਤਤੀਕਸ਼ਾ ਕਰਾਉਂਦੇ ਸੀ। ਮਹਾਰਾਜ ਜੀ ਵੀ ਇਉਂ ਦੱਸਦੇ ਸੀ ਕਿ ਛੇ ਮਹੀਨੇ ਮੂਲ ਮੰਤਰ ਦੇ ਪਾਠ; ਮਾਲਾਂ ਵੀ ੩੦ ਦਸਦੇ ਸੀ - ਰੋਜ਼ ਦੀਆਂ ੩੦ ਮਾਲਾਂ ਮੂਲ ਮੰਤਰ ਦੀਆਂ ਫੇਰ। ਫੇਰ ਆ ਜਾਈਂ; ਫੇਰ ਤੈਨੂੰ ਅੰਮ੍ਰਿਤ ਛਕਾ ਕੇ ਨਾਮ ਦੇਵਾਂਗੇ। ਨਤੀਜਾ ਕੀ ਹੁੰਦਾ ਹੈ? ਜਦ ਨਾਮ ਮਹਾਂਪੁਰਸ਼ਾਂ ਨੇ ਦੇਣਾ ਪੰਜ ਪਿਆਰਿਆਂ ਵਿਚ, ਉਹ ਅੰਦਰ ਹੀ ਚਲਿਆਂ ਜਾਣਾ ਨਾਮ; ਫੇਰ ਚੌਂਕੜਾ ਮਾਰ ਕੇ ਨਾਮ ਜਪਣਾ ਸ਼ੁਰੂ ਕਰ ਦੇਣਾ। ਹੁਣ ਤਾਂ ਗੱਲ ਹੀ ਹੋਰ ਹੋ ਗਈ।

ਸੋ ਪੰਜਵਾਂ ਹੋਇਆ ਕਰਦਾ ਹੈ ਕਿ ਨਾਸਤਕ ਦੇ ਕੋਲ ਨਾਮ ਦੀ ਮਹਿਮਾ ਨਾ ਕਦੇ ਵੀ ਕਰੇ ਕਿਉਂਕਿ ਉਹਨੇ ਤਰਕ ਕਰ ਦੇਣੀ ਹੈ ਤੇ ਤਰਕ ਦਿਲ ਵਿਚੋਂ ਨਿਕਲਣੀ ਨਹੀਂ। ਜਿਹੜੇ ਬੰਦੇ ਐਵੇਂ ਖਹਿਬੜ੍ਹੀ ਜਾਂਦੇ ਨੇ - ਨਾਮ ਦੀ ਗੱਲ ਲੈ ਕੇ - ਕਦੇ ਵੀ ਜਿਹੜਾ ਅਨ-ਅਧਿਕਾਰੀ ਹੈ, ਮਹਾਤਮਾ ਦੀ ਉਸਤਤਿ ਨ ਕਰੋ ਉਨ੍ਹਾਂ ਦੇ ਕੋਲ ਕਿਉਂਕਿ ਉਹ ਨਿੰਦਿਆ ਕਰੇਗਾ। ਨਿੰਦਿਆ ਕਰੇਗਾ ਫੇਰ ਦੁੱਖ ਲਗੇਗਾ। ਨਿੰਦਿਆ ਦਾ ਕਾਰਣ ਉਹੀ ਬੰਦਾ ਹੈ ਜਿਹੜਾ ਅਨ-ਅਧਿਕਾਰੀ ਕੋਲ ਕਿਸੇ ਮਹਾਂਪੁਰਸ਼ ਦੀ ਗੱਲ ਕਰੇ - ਗੁਰੂ ਦੀ ਬਾਤ ਕਰੇ। ਇਹ ਬਹਿਸ ਕਰਨ ਦੀਆਂ ਬਾਤਾਂ ਨਹੀਂ ਹੁੰਦੀਆਂ ਕਿ ਖਾਖਾਂ ਦਾ ਭੇੜ ਲਾਈ ਜਾਓ। ਨ, ਇਹ ਤਾਂ ਹਿਰਦੇ ਦੀ ਸੋਝੀ ਹੁੰਦੀ ਹੈ। ਸੋ ਇਸ ਤਰ੍ਹਾਂ ਕੁਸੰਗਤ ਦਾ ਅਸਰ ਹੋ ਜਾਂਦਾ ਹੈ ਤੇ ਫੇਰ ਨਾਮ ਨਹੀਂ ਜਪ ਹੁੰਦਾ। ਫੇਰ ਹੁੰਦਾ ਕਿ ਜੇ ਨਾਮ ਦੀ ਬਾਤ ਕਰਨੀ ਹੈ ਤਾਂ ਪਹਿਲਾਂ ਦ੍ਰਿੜ੍ਹਤਾ ਹੋਣੀ ਚਾਹੀਦੀ ਹੈ ਜਿਹੋ ਜਿਹੀ 'ਧਰੂ' ਦੀ ਸੀ। ਧਰੂ ਨੂੰ ਬਹੁਤਾ ਉਪਦੇਸ਼ ਨਹੀਂ ਸੀ ਹੋਇਆ, ਉਹਨੂੰ ਸੱਟ ਲੱਗੀ ਸੀ, ਉਹਦੀ insult (ਬੇਇਜ਼ਤੀ) ਹੋਈ ਸੀ। ਇਕ ਤਾਂ ਰਾਜ ਖੋਹ ਲਿਆ ਸੀ, ਉਹਦਾ ਹੱਕ ਸੀ, ਦੂਸਰੇ ਉਹਦੇ ਥੱਪੜ ਮਾਰੇ ਸੀ ਮਤ੍ਰੇਈ ਮਾਂ ਨੇ। ਉਹਨੇ ਮਾਂ ਨੂੰ ਆ ਕੇ ਪੁੱਛਿਆ-

***ਕਿਸੁ ਉਦਮ ਤੇ ਰਾਜੁ ਮਿਲੈ***
***ਸ਼ਤਰੂ ਤੇ ਸਭ ਹੋਵਨਿ ਮੀਤਾ॥***
***ਭਾਈ ਗੁਰਦਾਸ ਜੀ, ਵਾਰ ੧੦/੧***

ਮਾਂ ਕਹਿੰਦੀ -

***ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ॥ ਭਾਈ ਗੁਰਦਾਸ ਜੀ, ਵਾਜ ੧੦/੧***

ਐਨੀ ਹੀ ਮਾਂ ਨੇ ਗੱਲ ਸਮਝਾਈ ਸੀ ਕਿ ਪੁੱਤਰ! ਇਹ ਨਾਮ ਜਪੇ ਤੇ ਹੁੰਦਾ ਹੈ। ਰਾਜੇ ਦੇ ਘਰ ਤਾਂ ਜਨਮ ਹੋ ਗਿਆ ਆਪਣਾ; ਮੈਂ ਵੀ ਰਾਜੇ ਦੀ ਲੜਕੀ ਹਾਂ, ਰਾਜੇ ਨਾਲ ਵਿਆਹੀ ਹਾਂ ਪਰ ਮੈਂ ਤਪ ਤੋਂ ਹੀਣੀ ਹਾਂ, ਤੂੰ ਵੀ ਤਪ ਤੋਂ ਹੀਣਾ ਹੈਂ - ਭਜਨ ਨਹੀਂ ਕਰਿਆ। ਇਸ ਕਰਕੇ ਆਪਾਂ ਨੂੰ ਇਹ ਸਜ਼ਾ

ਮਿਲੀ ਹੈ। ਪੰਜ ਸਾਲ ਦਾ ਬੱਚਾ ਕੀ ਹੁੰਦਾ ਹੈ। ਆਹ ਪੰਜ ਸਾਲ ਦੇ ਬੱਚੇ ਬੈਠੇ ਨੇ, ਕਿੰਨੀ ਕੁ ਦ੍ਰਿੜਤਾ ਹੈ - ਐਨੀ ਦ੍ਰਿੜਤਾ ਹੈ ਕਿ -

***ਬਾਹਰਿ ਚਲਿਆਂ ਕਰਣਿ ਤਪੁ***
***ਮਨ ਬੈਰਾਗੀ ਹੋਇ ਅਤੀਤਾ॥***
***ਪਿਛਹੁ ਰਾਜੇ ਸਦਿਆ***
***ਅਬਿਚਲ ਰਾਜੁ ਕਰਹੁ ਨਿਤ ਨੀਤਾ॥***
***ਹਾਰਿ ਚਲੇ, ਗੁਰਮੁਖਿ ਜਗ ਜੀਤਾ॥***
***ਭਾਈ ਗੁਰਦਾਸ ਜੀ ਵਾਰ, ੧੦/੧***

ਸੋ ਬਾਹਰ ਚਲਿਆ ਗਿਆ -

***ਨਾਰਦ ਮੁਨਿ ਉਪਦੇਸਿਆ***
***ਨਾਮ ਨਿਧਾਨ ਅਮਿਉ ਰਸ ਪੀਤਾ॥***
***ਭਾਈ ਗੁਰਦਾਸ ਜੀ, ਵਾਰ ੧੦/੧***

ਪੰਜ ਸਾਲ ਦਾ ਬੱਚਾ - ਨਾਰਦ ਮੁਨੀ ਉਪਦੇਸ਼ ਕਰ ਰਿਹਾ ਹੈ। ਫਿਰ ਜਦ ਤੱਕ ਪ੍ਰਮੇਸ਼ਰ ਨਹੀਂ ਮਿਲਿਆਂ, ਘਰ ਨਹੀਂ ਵਾਪਿਸ ਆਇਆ ਕਿਉਂਕਿ ਦ੍ਰਿੜ੍ਹਤਾ ਸੀ ਉਹਦੇ ਮਨ ਦੇ ਅੰਦਰ। ਜਦ ਤੱਕ ਐਨੀ ਦ੍ਰਿੜ੍ਹਤਾ ਨਾ ਹੋਵੇ ਸਾਡੇ ਅੰਦਰ, ਨਾਮ ਕਿਵੇਂ ਚੱਲ ਪਏਗਾ। ਅਸੀਂ ਤਾਂ ਵਾਧੂ ਜਿਹੀ ਚੀਜ਼ ਰੱਖੀ ਹੋਈ ਹੈ ਇਹ ਨਾਮ। ਅੰਦਰ ਦ੍ਰਿੜ੍ਹਤਾ ਨਹੀਂ ਹੈ, ਅੰਦਰ ਕੁਛ ਹੋਰ ਕਹਿੰਦਾ ਹੈ। ਨਾਮ ਜਪਿਆ- ਮੇਰਾ ਆਹ ਕੰਮ ਬਣ ਜਾਏ, ਉਹ ਕੰਮ ਬਣ ਜਾਏ। ਅਸੀਂ ਤਾਂ ਕੰਮਾਂ ਵਾਸਤੇ ਕਰਦੇ ਹਾਂ। ਮਹਾਰਾਜ ਕਹਿੰਦੇ, ਉਸ ਨਾਮ ਨੂੰ ਨਾ ਖਰਚੋ ਇਨ੍ਹਾਂ ਚੀਜ਼ਾਂ ਦੇ ਉਤੇ, ਇਹ ਬਹੁਤ ਕੀਮਤੀ ਚੀਜ਼ ਹੈ। ਇਨ੍ਹਾਂ ਦੇ ਉਤੇ ਨਾ ਵਰਤੋ ਇਹਨੂੰ। ਫੇਰ ਇਹ ਨਾਮ ਦਾ ਦਿਖਾਵਾ ਨਾ ਕਰੋ। ਜਿੰਨੇ ਬੰਦਗੀ ਕਰਨ ਵਾਲੇ ਪੁਰਸ਼ ਨੇ, ਡੂੰਘੀਆਂ ਅਵਸਥਾ ਵਿਚ ਪਹੁੰਚ ਗਏ ਨੇ, ਉਹ ਦਿਖਾਵੇ ਤੋਂ ਦੂਰ ਹੋ ਜਾਂਦੇ ਨੇ। ਉਨ੍ਹਾਂ ਬਾਰੇ ਮਹਾਰਾਜ ਨੇ ਐਸਾ ਫੁਰਮਾਨ ਕਰਿਐ -

***ਧਾਰਨਾ - ਹੋਣ ਨਜ਼ੀਕ ਖੁਦਾਇ ਦੇ,***
***ਭੇਤ ਨ ਕਿਸੇ ਦੇਣ -੨***

ਰੱਬ ਦੇ ਨੇੜੇ ਰਹਿੰਦੇ ਨੇ, ਕਿਸੇ ਨੂੰ ਨਹੀਂ ਪਤਾ ਲਗਣ ਦਿੰਦੇ, ਉਹ ਆਪਣੀ ਬਾਤ ਹੀ ਨਹੀਂ ਕਰਦੇ -

***ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ॥***
***ਹੋਨਿ ਨਜੀਕਿ ਖੁਦਾਇ ਦੈ***
***ਭੇਤੁ ਨ ਕਿਸੈ ਦੇਨਿ॥ ਅੰਗ - ੧੩੮੪***

ਇਕ ਵਾਰੀ ਦੋ ਰਾਜੇ, ਜਿਨ੍ਹਾਂ ਨੇ ਰਾਜ ਭਾਗ, ਪਦਮਨੀ ਰਾਣੀਆਂ ਤਿਆਗ ਦਿਤੀਆਂ, ਅਨੇਕਾਂ ਸੁਖ ਰਾਜ ਦੇ ਤਿਆਗ ਕੇ ਐਸੀ ਜ਼ਿੰਦਗੀ ਅਖਤਿਆਰ ਕਰੀ ਕਿ ਭੁੰਜੇ ਹੀ ਸੌਂਦੇ ਨੇ, ਹੱਥ ਤੇ ਖਾਂਦੇ ਨੇ, ਜੰਗਲਾਂ ਵਿਚ ਰਹਿੰਦੇ ਨੇ; ਕੋਈ ਵਾਸ਼ਨਾ ਨਹੀਂ ਕਰਪਾਤੀ ਬਿਰਤੀ ਹੈ; ਆ ਗਿਆ ਤਾਂ ਛਕ ਲਿਆ, ਨਹੀਂ ਭੁੱਖੇ ਹੀ ਰਹਿੰਦੇ ਨੇ। ਇਹ ਦੋਇ ਭਜਨ ਕਰਦੇ ਕਰਦੇ..........ਦੁਨੀਆਂ ਦੇ ਅੰਦਰ ਗਰਜ਼ ਵਾਲੇ ਜਿਹੜੇ ਹੋਇਆ ਕਰਦੇ ਨੇ, ਉਹ ਇਕ ਦਮ ਤਾੜ ਜਾਂਦੇ ਨੇ ਕਿ ਫਲਾਣੇ ਥਾਂ ਬੜਾ ਭਜਨ ਕਰਦੇ ਨੇ, ਫਲਾਣੇ ਮਹਾਤਮਾ ਦਾ ਵਾਕ ਸਤ ਹੁੰਦਾ ਹੈ........। ਨਾ ਕੋਈ ਲੈਣ, ਨਾ ਕੋਈ ਦੇਣ, ਨਾ ਕੋਈ ਕੁਰਬਾਨੀ ਕਰਦੇ ਨੇ; ਓਥੇ ਨੂੰ ਤੁਰ ਪੈਂਦੇ ਨੇ ਕਿ ਕੋਈ ਉਸਤਤੀ ਹੋਣ ਲੱਗੀ, ਬੇਅੰਤ ਦੁਨੀਆਂ ਆਉਣ ਲਗ ਪਈ। ਪਹਿਲਾਂ ਤਾਂ ਉਹ ਦੁਨੀਆਂ ਨਾਲ ਗੱਲਾਂ ਬਾਤਾਂ ਕਰਦੇ ਰਹੇ, ਫੇਰ ਉਨ੍ਹਾਂ ਨੇ ਆਪਸ ਵਿਚ ਸਲਾਹ ਕਰੀ ਹੈ ਤੇ ਮੱਖੀਆਂ ਤਾਂ ਫੇਰ ਸਾਡੇ ਪਿਛੇ ਨੇ - ਖਹਿੜਾ ਨਹੀਂ ਛੱਡਦੀਆਂ। ਕਹਿੰਦੇ, ਫੇਰ? ਕਹਿੰਦੇ, ਆਪਾਂ ਇਉਂ ਕਰੀਏ, ਇਥੋਂ ਅੱਗੇ ਤੁਰ ਚੱਲੀਏ। ਇਹ ਦੋਇ ਮਹਾਤਮਾ ਕਿੰਨੇ ਸੌ ਮੀਲ ਤੁਰ ਕੇ ਚਲੇ ਗਏ। ਅੱਗੇ ਇਕ ਮਾਈ ਮਿਲ ਗਈ। ਉਹਨੇ ਸ਼ਰਧਾਲੂ ਸੀਗੀ - ਸੇਵਾ ਵਾਸਤੇ ਪੁੱਛਿਆ ਤੇ ਨਾਲ ਉਹਨੇ ਬੇਨਤੀ ਕਰੀ ਕਿ ਮਹਾਰਾਜ! ਮੈਨੂੰ ਕੋਈ ਸੇਵਾ ਬਖਸ਼ੋ। ਬਾਰ-ਬਾਰ ਕਹਿੰਦੀ ਹੈ। ਉਹ ਕਹਿੰਦੇ -

"ਮਾਈ! ਜੇ ਤੂੰ ਸੇਵਾ ਕਰ ਸਕਦੀ ਹੈਂ, ਪ੍ਰਸੰਨਤਾ ਲੈਣੀ ਹੈ ਸਾਡੀ ਤਾਂ ਅਸੀਂ ਭਜਨ ਕਰਨਾ ਹੈ; ਕੋਈ ਜਗ੍ਹਾ ਹੈ ਤੇਰੇ ਕੋਲ?"

"ਮੇਰੀ ਤਾਂ ਬੜੀ ਵੱਡੀ ਕੋਠੀ ਹੈ, ਪਤਾ ਈਂ ਨੀਂ ਲਗਦਾ ਐਨੀਆਂ ਕੋਠੜੀਆਂ ਨੇ ਕੋਠੀ ਵਿੱਚ।"

"ਬੱਸ, ਪਤਾ ਨ ਲਗੇ ਕਿਸੇ ਨੂੰ।"

"ਹੈਗੀ ਐਸੀ ਜਗ੍ਹਾ।"

"ਫੇਰ ਦੱਸੀਂ ਨ ਕਿਸੇ ਨੂੰ। ਜਿੰਨ੍ਹਾਂ ਚਿਰ ਦੱਸਦੀ ਨਹੀਂ, ਅਸੀਂ ਇਥੇ ਭਜਨ ਕਰਾਂਗੇ।"

ਜਿਸ ਤਰ੍ਹਾਂ ਮਾਈ ਭਿਰਾਈ ਦੇ ਕੋਲ ਗੁਰੂ ਅੰਗਦ ਸਾਹਿਬ ਆ ਗਏ ਸੀ, ਗੁਪਤ ਰੱਖੇ ਸੀ, ਉਨ੍ਹਾਂ ਨੇ ਦੱਸਿਆ ਨਹੀਂ ਸੀ। ਸਾਰੇ ਆ ਗਏ, ਬਾਬਾ ਬੁੱਢਾ ਜੀ ਵੀ ਪੁੱਛ ਰਹੇ। ਬਿਲਕੁਲ ਗੁਪਤ ਹੋ ਗਏ ਸੀ ਗੁਰੂ ਅੰਗਦ ਸਾਹਿਬ। ਬੜੀ ਮੁਸ਼ਕਲ ਨਾਲ ਬਾਬਾ ਬੁੱਢਾ ਜੀ ਨੇ ਉਹ ਦੀਵਾਰ ਤੋੜੀ - ਦੀਵਾਰ ਚਿਣ ਕੇ ਅੰਦਰ ਬੈਠ ਗਏ ਸੀ।

ਸੋ ਇਸ ਤਰ੍ਹਾਂ ਦੇ ਨਾਲ ਉਹ ਬੈਠ ਗਏ। ਬੈਠਿਆਂ ਨੂੰ ਬੜੀ ਦੇਰ ਹੋ ਗਈ ਇਕ ਦਿਨ ਮਾਈ ਪੜੋਸਣ ਨੂੰ ਦੱਸ ਬੈਠੀ ਕਿ ਐਹੋ ਜਿਹੇ ਮਹਾਤਮਾ ਆਏ ਨੇ; ਇਹ ਪਹਿਲਾਂ ਰਾਜੇ ਸੀਗੇ।

"ਨਾਉਂ ਕੀ ਐ ਇਨ੍ਹਾਂ ਦਾ?"

"ਮੈਨੂੰ ਪਤਾ ਲੱਗਿਆ ਹੈ ਕਿ ਇਕ ਦਾ ਨਾਉਂ ਗੋਪੀ ਚੰਦ ਕਹਿੰਦੇ ਨੇ, ਇੱਕ ਦਾ ਨਾਉਂ ਹੈਗਾ..........ਭਰਥਰੀ।"

"ਸੁਣਿਆ ਹੈ ਇਹ ਤਾਂ ਰਾਜੇ ਸੀਗੇ।"

"ਹਾਂ, ਉਹੀ ਨੇ।"

ਇਹ ਗੱਲ ਮਿੰਟ ਵਿਚ ਫੈਲ ਗਈ ਸ਼ਹਿਰ ਵਿਚ - ਰਾਜੇ ਤੱਕ ਪਹੁੰਚ ਗਈ। ਰਾਜੇ ਨੇ ਕਿਹਾ ਕਿ ਉਹ ਤਾਂ ਬੜੇ ਮਸ਼ਹੂਰ ਜੋਗੀ ਨੇ। ਇਹ ਦੋਇ ਰਾਜੇ ਮੇਰੇ ਰਾਜ ਵਿਚ ਆ ਗਏ। ਮੈਂ ਤਾਂ ਦਰਸ਼ਨ ਜ਼ਰੂਰ ਕਰੂੰ। ਵਜ਼ੀਰ ਨੂੰ ਬੁਲਾਇਆ। ਵਜ਼ੀਰ ਕਹਿੰਦਾ ਹੈ, ਮੈਂ ਵੀ ਚੱਲੂੰ। ਵਜ਼ੀਰ ਨੇ ਛੋਟੇ ਨੂੰ, ਛੋਟੇ ਨੇ ਅਗਲੇ ਨੂੰ, ਜਿਹੁੰ ਇਕੱਠੇ ਹੋਣ ਲੱਗੇ; ਬੈਂਡ ਬਾਜੇ ਕਰ ਲਏ, ਜਲੂਸ ਕੱਢ ਲਿਆ। ਕਿੰਨਾ ਹੀ ਇਕੱਠ ਹੋ ਗਿਆ, ਰਾਣੀਆਂ ਤੇ ਹੋਰ ਸਾਰੇ ਤੇ ਓਧਰਲੇ ਪਾਸੇ ਨੂੰ ਬੈਂਡ ਬਾਜਾ ਵੱਜਦਾ ਤੁਰਦਾ ਜਾ ਰਿਹਾ ਹੈ, ਉਨ੍ਹਾਂ ਨੇ

ਸੁਣਿਆ ਤੇ ਮਾਈ ਨੂੰ ਪੁੱਛਦੇ ਨੇ -

"ਮਾਈ! ਐਧਰ ਨੂੰ ਆਉਂਦੇ ਨੇ ਸਿੱਧੇ?"

"ਹਾਂ ਜੀ! ਤੁਹਾਡੇ ਨਾਮ ਦੀ ਮਹਿਮਾਂ ਖਿਲਰ ਗਈ। ਰਾਜਾ ਆ ਰਿਹਾ ਹੈ ਇਸ ਦੇਸ਼ ਦਾ ਤੇ ਬੜੀ ਸ਼ਰਧਾ ਹੈ ਉਹਦੇ ਅੰਦਰ।"

"ਮਾਈ! ਤੈਨੂੰ ਕਿਹਾ ਸੀ ਦੱਸੀਂ ਨ?"

"ਮੈਂ ਤਾਂ ਦੱਸਿਆ ਨਹੀਂ। ਐਵੇਂ ਸਹਿਜ ਸੁਭਾਅ ਮੇਰੇ ਮੂੰਹੋਂ ਨਿਕਲ ਗਿਆ ਇਹ ਪੜੋਸਣ ਨੂੰ - ਇਹਨੇ ਦੱਸਿਆ।"

"ਤੂੰ ਦੱਸਿਆ, ਤਾਂ ਹੀ ਇਹਨੇ ਅਗਾਹਾਂ ਦੱਸਿਆਂ। ਬਹੁਤ ਮਾੜੀ ਗੱਲ ਕਰੀ। ਅਸੀਂ ਤਾਂ ਮੱਖੀਆਂ ਤੋਂ ਨੱਠੇ ਸੀ, ਇਹ ਦੰਦਈਏ ਆ ਰਹੇ ਨੇ ਵੱਡੇ ਵੱਡੇ।"

ਤਾਂ ਹੀ ਕਿਹਾ ਹੈ -

***ਕਬੀਰ ਸਾਧੂ ਕਉ ਮਿਲਨੇ ਜਾਈਐ***
***ਸਾਥਿ ਨ ਲੀਜੈ ਕੋਇ॥***
***ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ॥***
***ਅੰਗ - ੧੩੭੦***

ਸੰਤਾਂ ਨੂੰ ਜੇ ਮਿਲਣ ਜਾਣਾ ਹੈ, ਜੇ ਕੋਈ ਲਾਹਾ ਲੈਣਾ; ਕੱਲਾ ਜਾ ਕੇ ਮਿਲ, ਕਿਉਂਕਿ ਜਿਹੋ ਜਿਹੇ ਬੰਦੇ ਹੋਣਗੇ, ਓਹੋ ਜਿਹੀ ਗੱਲ ਕਰਨਗੇ।

ਇਕ ਵਾਰੀ ਮੈਂ ਮਹਾਰਾਜ ਜੀ (ਸੰਤ ਮਹਾਰਾਜ ਰਾੜੇ ਵਾਲਿਆਂ) ਨੂੰ ਮਿਲਣ ਗਿਆ, ਮੇਰਾ ਚਾਚਾ ਨਾਲ ਸੀ। ਮੈਂ ਦੂਰੋਂ ਆਇਆ ਸੀ। ਮੈਨੂੰ ਕਹਿਣ ਲੱਗਿਆ, "ਮੈਨੂੰ ਮਹਾਰਾਜ ਜੀ ਚੰਗੀ ਤਰ੍ਹਾਂ ਜਾਣਦੇ ਨੇ।" ਮੈਂ ਕਿਹਾ, "ਅੱਛਾ।" ਕਹਿੰਦਾ, "ਮੇਰੇ ਨਾਲ ਹੀ ਗੱਲਾਂ ਕਰਦੇ ਰਹਿੰਦੇ ਨੇ।" ਮੇਰੇ ਮਨ 'ਚ ਆਇਆ ਕਿ ਇਹਨੇ ਕੋਈ ਬਚਨ ਨਹੀਂ ਕਰਨ ਦੇਣਾ, ਆਪ ਦੀਆਂ ਹੀ ਮਾਰੂ ਇਹ। ਮਹਾਰਾਜ ਜੀ ਨੂੰ ਜਦ ਪਤਾ ਲਗਿਆ ਤਾਂ ਉਨ੍ਹਾਂ ਨੇ ਅੰਦਰ ਹੀ ਬੁਲਾ ਲਿਆ ਸਾਨੂੰ। ਅੰਦਰ ਗਏ, ਇਹ ਜਿਹੁੰ ਕਰਨ ਲਗਿਆ, "ਅਸੀਂ ਮਹਾਰਾਜ ਜੀ, ਆਸਾ ਦੀ ਵਾਰ ਲਾਉਂਦੇ ਹਾਂ, ਅਸੀਂ ਫਲਾਣੇ ਪਿੰਡ ਗਏ, ਅਸੀਂ ਫਲਾਣੇ ਥਾਂ ਕੀਰਤਨ ਕਰਿਆ।" ਮਹਾਰਾਜ ਜੀ 'ਹਾਂ ਹਾਂ ਹਾਂ ਹਾਂ' ਕਰੀ ਗਏ; ਚੰਗਾ ਭਾਈ ਬਹੁਤ ਵਧੀਆ। ਮਹਾਰਾਜ! ਅਸੀਂ ਪੈਸੇ ਨਹੀਂ ਲੈਂਦੇ, ਅਸੀਂ ਪਾਠ ਵੀ ਕਰਦੇ ਹਾਂ, ਸਾਡੇ ਰਾਗੀ ਐਹੋ ਜਹੇ ਨੇ, ਸਾਡਾ ਜਥੇਦਾਰ ਐਹੋ ਜਿਹਾ, ਸਾਡੇ ਗਿਆਨੀ ਐਹੋ ਜਹੇ.............।" ਮਹਾਰਾਜ ਜੀ ਨੇ ਮੇਰੇ ਵਲ ਦੇਖਿਆ, ਕਹਿੰਦੇ, "ਹੁਣ ਤਾਂ ਬਹੁਤ ਟਾਈਮ ਹੋ ਗਿਆ।" ਮੈਂ ਕਿਹਾ, "ਮਹਾਰਾਜ ਬਚਨ ਤਾਂ ਕੋਈ ਕਰਿਆ ਨਹੀਂ।" ਕਹਿੰਦੇ, "ਚੱਲਿਆ ਹੀ ਨਹੀਂ ਕੋਈ ਬਚਨ, ਚਲਾਇਆ ਹੀ ਨਹੀਂ; ਢੋਲ ਤੇ ਡੱਗਾ ਮਾਰ ਲੈਂਦਾ ਹੈ - ਚੰਗਾ ਸੀ, ਕੋਈ ਬਚਨ ਹੋ ਜਾਂਦਾ ਹੈ।" ਸੋ ਫਿਰ ਮੇਰੇ ਯਾਦ ਆਇਆ ਕਿ ਜੇ ਸਾਧੂ ਨੂੰ ਮਿਲਣ ਜਾਣਾ ਹੋਵੇ, ਇਕੱਲਾ ਹੀ ਜਾਣਾ ਚਾਹੀਦਾ ਹੈ। ਜਦ ਨਾਲ ਲੈ ਕੇ ਜਾਉ, ਹਰੇਕ ਦੀ ਬਿਰਤੀ ਆਪੋ ਆਪਣੀ ਹੁੰਦੀ ਹੈ; ਨ ਬਚਨ ਹੋਵੇ, ਨਾ ਕੋਈ ਗੱਲ ਪੱਲੇ ਪਵੇ।

ਇਸ ਤਰ੍ਹਾਂ ਉਹ ਕਹਿਣ ਲੱਗੇ ਕਿ ਇਹ ਕੀ ਜਲੂਸ ਕੱਢਿਆਂ ਹੈ? ਰਾਜੇ ਨੇ ਆਉਣਾ ਸੀ, ਇਕੱਲਾ ਆ ਜਾਂਦਾ; ਇਹ ਤਾਂ ਸਾਰੇ ਸ਼ਹਿਰ ਨੂੰ ਹੀ ਲਈ ਆਉਂਦਾ ਹੈ। ਕਹਿੰਦੇ, ਗੋਪੀ ਚੰਦ! ਆਪਾਂ ਕੋਈ ਬਚਣ ਦਾ ਉਪਰਾਲਾ ਸੋਚੋ। ਜਿਹੜਾ ਰਾਜ ਭਾਗ ਛੱਡਿਆ ਹੈ, ਇਹ ਤਾਂ ਫੇਰ ਮੁੜ ਕੇ ਓਹੀ ਕੰਮ ਹੋ ਗਿਆ। ਇਹਦੇ ਨਾਲੋਂ ਤਾਂ ਆਪਾਂ ਤਖਤ ਫੇਰ ਸਾਂਭ ਲਈਏ ਜਾ ਕੇ। ਵਿਉਂਤ ਬਣਾ ਲਈ, ਜਦ ਰਾਜਾ ਨੇੜੇ ਆ ਗਿਆ, ਬਾਕੀ ਸਾਰੇ ਪਿੱਛੇ ਖੜ੍ਹਾ ਦਿਤੇ ਉਹਨੇ, ਤੇ ਹੀਰਿਆਂ ਦਾ ਥਾਲ ਭਰ ਲਿਆ, ਮਠਿਆਈ ਦੇ ਟੋਕਰੇ ਚੁਕਾ ਲਏ ਤੇ ਜਦ ਨੇੜੇ ਆ ਗਿਆ ਕਿ ਰਾਜਾ ਸੁਣ ਲਊ ਹੁਣ ਸਾਡੀ ਗੱਲ, ਗੋਪੀ ਚੰਦ ਕਹਿਣ ਲੱਗਿਆ-

"ਗੁਰੂ ਜੀ! ਅੱਜ ਮੈਂ ਜਾਊਂ ਭਿੱਖਿਆ ਲੈਣ।"

"ਬਿਲਕੁਲ ਨਹੀਂ ਤੂੰ ਜਾਣਾ, ਮੈਂ ਜਾਊਂ।"

ਉਹ ਕਹੇ ਮੈਂ ਜਾਊਂ; ਉਹ ਕਹੇ ਮੈਂ ਜਾਊਂ। ਇਕ ਕਹਿੰਦਾ-

"ਤੂੰ ਕਿਉਂ ਜਾਏਂਗਾ? ਮੈਂ ਜਾਊਂ।"

"ਤੁਸੀਂ ਕੱਲ੍ਹ ਗਏ ਸੀ, ਲੱਡੂ ਖਾ ਕੇ ਆਏ ਸੀ। ਕੋਈ ਨਹੀਂ ਲਿਆਂਦਾ ਮੇਰੇ ਵਾਸਤੇ। ਤੁਹਾਡੀ ਦਾੜ੍ਹੀ ਨੂੰ ਲਗਿਆ ਹੋਇਆ ਸੀ। ਮੈਂ ਓਥੋਂ ਦੇਖਿਆ ਲੱਡੂ ਖਾਧੇ ਨੇ ਇਹਨੇ ਅੱਜ।"

"ਤੂੰ ਵੀ ਤਾਂ ਪਰਸੋਂ ਗਿਆ ਸੀ, ਖੀਰ ਖਾ ਕੇ ਆਇਆ ਸੀ। ਤੇਰੀ ਵੀ ਦਾੜ੍ਹੀ ਨੂੰ ਲੱਗੀ ਹੋਈ ਸੀ, ਤੂੰ ਮੈਨੂੰ ਖੀਰ ਨਹੀਂ ਦਿਤੀ।"

ਉਹ ਕਹਿੰਦਾ ਹੈ ਮੈਂ ਅੱਜ ਜਾਊਂ, ਉਹ ਕਹਿੰਦਾ ਮੈਂ ਜਾਉਂ। ਦੋਏ ਜੱਫੋ-ਜੱਫੀ ਹੋ ਗਏ। ਰਾਜਾ ਕਹਿੰਦਾ, ਇਹ ਕਾਹਦੇ ਸਾਧ ਨੇ, ਇਹ ਤਾਂ ਖੀਰ ਅਰ ਲੱਡੂਆਂ ਤੇ ਹੀ ਪਏ ਨੇ। ਓਥੋਂ ਹੀ ਮੁੜ ਗਿਆ। ਸ਼ੁਕਰ ਕਰਿਆ, ਕਹਿੰਦੇ, ਬੜੇ ਭਾਰੀ ਡੂਮਣੇ ਮਖਿਆਲ ਆਏ ਸੀ, ਮਸਾਂ ਖਹਿੜਾ ਛੁਡਾਇਐ। ਸੋ - 'ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥'

ਬੰਦਗੀ ਕਰਨ ਵਾਲਾ ਜਦ ਆਪਣਾ ਪ੍ਰਗਟਾਵਾ ਕਰੇਗਾ, ਉਸੇ ਵੇਲੇ ਲੁਟੇਰੇ ਆ ਕੇ ਲੁੱਟਣਾ ਸ਼ੁਰੂ ਕਰ ਦੇਣਗੇ ਉਹਨੂੰ। ਬੇਮਤਲਬੇ ਆਉਂਦੇ ਨੇ; ਨਾਮ ਦਾ ਗਾਹਕ ਨਹੀਂ ਆਉਂਦਾ। ਦੁਨੀਆਂ ਆਉਂਦੀ ਹੈ; ਦੁਨੀਆਂ ਦੀ 'ਵਾਹ ਵਾਹ' ਰੋਟੀ ਦਿੰਦੀ ਹੈ? ਕੁਝ ਵੀ ਨਹੀਂ ਦਿੰਦੀ। ਸੋ ਇਹ ਨਾਮ ਦੇ ਰਸਤੇ ਵਿਚ ਬੰਧਨ ਹੋਇਆ ਕਰਦੇ ਨੇ। ਇਸ ਤਰ੍ਹਾਂ ਦੇ ਨਾਲ ਬਹੁਤ ਰਹਿਤਾਂ ਨੇ, ਸਾਧ ਸੰਗਤਿ ਜੀ।

ਮੈਂ ਐਸ ਕਰਕੇ ਐਹੋ ਜਿਹਾ subject (ਵਿਸ਼ਾ) ਲਿਆ ਕਿ ਸਾਰਿਆਂ ਨੂੰ ਹੀ ਸ਼ਿਕਾਇਤ ਹੁੰਦੀ ਹੈ, 'ਜੀ ਨਾਮ ਨਹੀਂ ਜਪ ਹੁੰਦਾ, ਨਾਮ ਨਹੀਂ ਜਪ ਹੁੰਦਾ।' ਇਹ ਤਿੰਨ ਟੇਪਾਂ ਹੋ ਗਈਆਂ ਨੇ; ਵਿਚਾਰ ਕਰ ਲਿਓ, ਸੋਚ ਲਿਓ, ਇਹਦੇ ਮੁਤਾਬਿਕ ਚੱਲੀ ਜਾਇਓ। ਬਾਕੀ ਜਿਹੜੇ ਬਚਨ ਮਹਾਰਾਜ ਕਰਾਉਣਗੇ, ਉਨ੍ਹਾਂ ਨੂੰ ਵੀ ਧਿਆਨ ਨਾਲ ਸ੍ਰਵਣ ਕਰ ਲਿਓ, ਫੇਰ ਨਾਮ ਚੱਲ ਪਊ ਕਿਉਂਕਿ ਅਸੀਂ deserve ਕਰਨ ਲਗ ਜਾਵਾਂਗੇ। ਜਦੋਂ deserve ਕਰਾਂਗੇ, ਉਸ ਵੇਲੇ ਸਾਡੀ ਮੰਗ ਪਰਮੇਸ਼ਰ ਨੇ ਪੂਰੀ ਕਰ ਦੇਣੀ ਹੈ। ਜਦ ਭਾਂਡਾ ਸ਼ੁੱਧ ਹੋ ਗਿਆ, ਉਸ ਵੇਲੇ ਵਸਤੂ ਆ ਜਾਣੀ ਹੈ। ਭਾਂਡਾ ਅਸੀਂ ਸ਼ੁੱਧ ਨਹੀਂ ਕਰਦੇ ਤੇ ਵਸਤੂ ਪੁਆਉਂਦੇ ਹਾਂ।

(ਬਾਕੀ ਪੰਨਾ 63 'ਤੇ)

# ਨਾਮ ਤੇ ਨਾਮ ਦਾ ਦਾਤਾ ਸਤਿਗੁਰੂ

***ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ***

(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ – ੬੦ )

ਨਾਮ ਅਮੋਲਕ ਰਤਨ ਹੈ, ਇਸ ਰਤਨ ਦਾ ਸਿਮਰਨ ਸਿਮਰਾਉਣ ਰੂਪੀ ਵਪਾਰ ਨੂੰ ਕਉਡੀਆਂ ਦੇ ਭਾਅ ਲੁਟਾ ਦੇਣਾ, ਮਹਾਂ-ਮੂੜਤਾ ਵਾਲੀ ਮਨਮਤਿ ਹੈ। ਜੈਸੇ ਸਿਮਰਨ ਰੂਪੀ ਇਸ ਅਮੋਲਕ ਰਾਸ ਦਾ ਵਪਾਰੀ ਭੀ ਕੋਈ ਕੋਈ ਵਿਰਲਾ ਜਨ ਹੀ ਹੈ, ਤੈਸੇ ਇਸ ਰਾਸ ਦਾ ਸੱਚਾ ਸ਼ਾਹ ਦਾਤਾਰ ਭੀ ਹਰ ਕੋਈ ਨਹੀਂ, ਕੇਵਲ ਸਤਿਗੁਰ ਸੱਚਾ ਪਾਤਸ਼ਾਹ ਹੀ ਹੈ। ਇਹ ਨਾਮ ਸਿਮਰਨ ਰੂਪੀ ਅਮੋਲਕ ਰਾਸ ਐਵੇਂ ਆਵਾਗਉਣ ਹੀ ਨਹੀਂ ਵਿਹਾਜੀ ਜਾਂਦੀ, ਸੱਚੇ ਨਾਮ ਦੇ ਵਪਾਰੀਏ ਇਸ ਸਤਿਗੁਰ ਦਿਤੀ ਦਾਤਿ ਦੀ ਅਗਾਧ ਕਮਾਈ ਰੂਪੀ ਸੇਵਾ ਵਿੱਚ ਲੱਗਿਆਂ ਹੀ ਇਸ ਰਤਨ ਰੂਪੀ ਨਾਮ ਦਾ ਪ੍ਰਕਾਸ਼ ਪ੍ਰਾਪਤ ਕਰ ਸਕਦੇ ਹਨ। ਸਿਮਰਨ ਰੂਪ ਸੇਵਾ ਵਿੱਚ ਉਪਰ ਦਰਸਾਈ ਕਮਾਈ ਵਿੱਚ ਜੁਟਿਆਂ ਗੁਰਮੁਖ ਜਨਾਂ ਨੂੰ ਸਤਿਗੁਰੂ ਆਪ ਹੀ ਇਸ ਹੀਰੇ ਰਤਨ ਰੂਪੀ ਨਾਮ ਨੂੰ ਪ੍ਰਕਾਸ਼ ਕਰ ਦਿੰਦੇ ਹਨ।

***ਨਾਮੁ ਅਮੋਲਕੁ ਰਤਨੁ ਹੈ***
***ਪੂਰੇ ਸਤਿਗੁਰ ਪਾਸਿ ॥***
***ਸਤਿਗੁਰ ਸੇਵੈ ਲਗਿਆ***
***ਕਢਿ ਰਤਨੁ ਦੇਵੈ ਪਰਗਾਸਿ॥ ਅੰਗ – ੪੦***

ਜਿਨ੍ਹਾਂ ਅਧਿਕਾਰੀ ਜਨਾਂ ਨੂੰ ਸਿਮਰਨ ਦੀ ਦਾਤਿ, ਹੀਰਾ-ਰਤਨ-ਰੂਪੀ ਅੰਮ੍ਰਿਤਕਣੀ ਹੋ ਕੇ ਪੁੱਕਰੀ ਹੈ ਤਿਨ੍ਹਾਂ ਨੂੰ ਸਤਿਗੁਰ ਪਾਸੋਂ ਹੀ ਇਹ ਸਿਮਰਨ ਦੀ ਦਾਤਿ ਮਿਲੀ ਹੈ। ਸਤਿਗੁਰੂ ਦਾਤੇ ਬਾਝੋਂ ਇਹ ਸਿਮਰਨ-ਦਾਤਿ ਅੰਮ੍ਰਿਤ ਘਣੀ ਕਣੀ (ਸਵਾਂਤੀ ਬੂੰਦ) ਹੋ ਕੇ ਪੁਕਰਦੀ ਹੀ ਨਹੀਂ। ਗੁਰੂ ਸਰੂਪ ਪੰਚਾਇਣਪਦ ਨੂੰ ਹੀ ਇਹ ਵਿਸ਼ੇਸ਼ਤਾ ਹੈ ਕਿ ਸਿਮਰਨ-ਦਾਤਿ ਨੂੰ ਸੁਫਲ, ਫਲਕਾਰੀ ਕਰ ਸਕੇ। ਹੋਰ ਕਿਸੇ ਨੂੰ ਭੀ ਸਿਮਰਨ-ਦਾਤਿ ਦੇ ਸੱਚੇ ਧਨ ਦੀ ਪ੍ਰੋਖੋਂ ਨਹੀਂ, ਨਾ ਹੀ ਅਧਿਕਾਰ ਹਾਸਲ ਹੈ।

ਅੰਮ੍ਰਿਤ ਬਾਣੀ ਦੇ ਸਰਸ਼ਾਰ ਸਰੋਵਰ, ਅੰਮ੍ਰਿਤ ਬਾਣੀ ਦੇ ਭੰਡਾਰ ਸਰ-ਚਸ਼ਮੇ ਦੇ ਜੁਗੋ ਜੁਗ ਆਦਿ ਅੰਤ ਏਕੋ ਗੁਰੂ ਅਵਤਾਰ ਹੁਣ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜਿਨ੍ਹਾਂ ਨੂੰ ਕਿ ਹੁਕਮ ਅਕਾਲ ਦੁਆਰਾ ਸ੍ਰੀ ਕਲਗੀਧਰ ਦਸ਼ਮੇਸ਼ ਗੁਰੂ ਜੀ ਨੇ ਅਸਥਾਪਨ ਕੀਤਾ ਹੈ, ਜਿਨ੍ਹਾਂ ਦੇ ਸਰਸ਼ਨ ਕੀਤਿਆਂ ਸੈਂਕੜੇ ਹਜ਼ਾਰਾਂ ਗੁਰਸਿਖ ਸੰਤ-ਚਕੋਰਾਂ ਦੀ ਜਲਨ ਬੁਝਦੀ ਹੈ ਅਤੇ ਮਨ ਸੀਤਲ ਹੁੰਦੇ ਹਨ, ਜਿਨ੍ਹਾਂ ਦੀ ਅੰਮ੍ਰਿਤ ਬਾਣੀ ਸੁਣ ਸੁਣ ਕੇ ਹੀ ਸਰੋਤੇ ਜਨਾਂ ਦੀ ਪਰਮ ਗਤੀ ਹੁੰਦੀ ਹੈ। ਯਥਾ ਗੁਰਵਾਕ –

***ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥***
***ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ॥***
***ਜਲਨਿ ਬੁਝੀ ਸੀਤਲੁ ਹੋਇ ਮਨੂਆ***
***ਸਤਿਗੁਰ ਕਾ ਦਰਸਨੁ ਪਾਏ ਜੀਉ ॥***
***ਅੰਗ – ੧੦੩***

ਕੀ ਇਨ੍ਹਾਂ ਆਪੋਂ ਬਣ ਬੈਠੇ ਦੇਹਧਾਰੀ ਗੁਰੂਆਂ ਨੂੰ ਅਪਿਉ ਨਿਝਰ ਝਰਨਿਆਂ ਦੇ ਝਰਨ ਵਾਲੀ ਅੰਮ੍ਰਿਤ ਬਾਣੀ ਦੇ ਉਚਾਰਨ ਦੀ ਸਮਰੱਥਾ ਹੈ? ਐਵੇਂ ਗੱਦੀਆਂ ਮੱਲ ਮੱਲ ਕੇ ਅਤੇ ਚੌਰ ਝੁਲਾ ਝੁਲਾ ਕੇ ਗੁਰੂ ਬਣਨ ਦੀਆਂ ਰੀਸਾਂ ਅਤੇ ਸਿਮਰਨ ਦਾਤੇ ਬਣਨ ਦੀਆਂ ਕੂੜੀਆਂ ਹਾਠੀਸਾਂ ਕਰਦੇ ਹਨ। ਕਈਆਂ ਦੀਆਂ ਤਾਂ ਹਠੀਆਂ ਐਥੋਂ ਤਾਈਂ ਅੱਪੜ ਗਈਆਂ ਹਨ ਕਿ ਉਹ ਸਤਿਗੁਰੂ ਕੀ ਰਸੇ ਕੂੜੀਆਂ ਕਚ-ਪਿਚੀਆਂ ਬਾਣੀਆਂ ਭੀ ਉਚਾਰਨ ਲਗ ਗਏ ਹਨ। ਜਿਸ ਕੱਚੀ ਬਾਣੀ ਤੋਂ ਤਸੂ ਮਾਤਰ ਤਸੱਲੀ ਭੀ ਕਿਸੇ ਸੁਣਨ ਪੜ੍ਹਨਹਾਰੇ ਜਗਿਆਸੂ ਦੀ ਨਹੀਂ ਹੋ ਸਕਦੀ। ਸੱਚੇ ਸਤਿਗੁਰੂ ਦੀ ਅੰਮ੍ਰਿਤ ਬਾਣੀ ਦੀ ਪਾਰਸ-ਰਸਾਇਣ-ਕਲਾ ਇਸ ਅਗਲੇ ਗੁਰਵਾਕ ਅੰਦਰ ਕਿਆ ਸੁੰਦਰ ਵਰਣਨ ਹੈ –

***ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥***
***ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥***
***ਅੰਤਰਿ ਪਰਗਾਸੁ ਮਹਾ ਰਸੁ ਪੀਵੈ***
***ਦਰਿ ਸਚੈ ਸਬਦੁ ਵਜਾਵਣਿਆ ॥ ੧ ॥***
***ਹਉ ਵਾਰੀ ਜੀਉ ਵਾਰੀ ਗੁਰ ਚਰਣੀ***
***ਚਿਤੁ ਲਾਵਣਿਆ ॥***
***ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ***
***ਮਨੁ ਨਾਵੈ ਮੈਲੁ ਚੁਕਾਵਣਿਆ ॥ ਅੰਗ – ੧੧੩***

ਇਹ ਸਤਿਗੁਰੂ ਦੀ ਅਮਰ ਕਲਾ ਵਾਲੀ ਅੰਮ੍ਰਿਤ ਸਾਰਖੀ ਮੀਠੀ ਬਾਣੀ ਨੂੰ ਹੀ ਤੌਫੀਕਾਂ ਹਨ ਕਿ ਜਿਸ ਦੇ ਚੱਖਣ ਭੁੰਚਣ ਨਾਲ ਬਾਣੀ ਦੇ ਰਸੀਏ ਗੁਰਮੁਖ ਜਨਾਂ ਦੇ ਘਟਾਂ ਅੰਤਰਿ ਰਸ ਜੋਤਿ ਪਰਗਾਸ ਹੋਇਆ ਹੁੰਦਾ ਹੈ ਅਤੇ ਨਾਮ ਮਹਾਂ ਰਸ ਦੇ ਅਮਿਉ ਗਟਾਕ ਗਟਕੀਂਵਦੇ ਹਨ ਅਤੇ ਇਸ ਦੀ ਬਰਕਤ ਨਾਲ ਅਮਿਉ ਗਟਾਕ ਗਟਕੀਵੇ ਗੁਰਮੁਖ ਦਸਮ ਦੁਆਰ ਚਲੇ ਜਾਂਦੇ ਹਨ, ਜਿਸ ਦਰ ਸੱਚੇ ਵਿਖੇ ਕਿ ਦਿਨ ਰਾਤ ਅਨਹਦ ਸ਼ਬਦ ਵਜਣ ਲਗ ਜਾਂਦੇ ਹਨ, ਐਸੀ ਅੰਮ੍ਰਿਤ ਬਾਣੀ ਦਾ ਬੋਹਿਥ ਅੰਮ੍ਰਿਤ-ਸਰ ਸਾਚਾ, ਸਤਿਗੁਰੂ ਸੱਚਾ ਗੁਰਦੇਵ ਗੁਰੂ ਗ੍ਰੰਥ ਸਾਹਿਬ ਹੀ ਹੈ। ਜੋ ਜਨ ਭੀ ਇਸ ਅੰਮ੍ਰਿਤ-ਸਰੋਵਰ ਅੰਦਰ ਡੁਬਕੀਆਂ ਲਾਉਂਦਾ ਹੈ, ਉਸ ਦੇ ਮਨ ਦੀ ਮੈਲ ਉਤਰ ਜਾਂਦੀ ਹੈ, ਐਸੀ ਅੰਮ੍ਰਿਤ ਬਾਣੀ ਦਾ ਸਰੋਵਰ ਬੋਹਿਥ ਸਰ-ਚਸ਼ਮਾ ਇਕ ਸਮੇਂ ਅੰਦਰ ਬਸ ਇਕੋ ਸਤਿਗੁਰੂ ਹੀ ਹੈ, ਜੋ ਅਭਿਆਸ ਕਮਾਈ ਕਰਨ ਜੋਗ ਇਕੋ ਸ਼ਬਦ ਦੀ ਸਿਮਰਨ-ਦਾਤਿ ਦਾ ਦਾਤਾਰ ਹੈ।

ਅੰਮ੍ਰਿਤ ਦੀ ਰਸਾਇਣ ਸ਼ਕਤਿ ਵਾਲੀ ਬੱਸ ਇਕੋ ਬਾਣੀ ਗੁਰਬਾਣੀ ਹੈ। ਇਸ ਗੁਰਬਾਣੀ ਨੂੰ ਇਸ ਗੁਰੂ ਰੂਪ ਅੰਮ੍ਰਿਤ ਬਾਣੀ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਸਤਿਗੁਰੂ ਪਦ ਪ੍ਰਾਪਤ ਹੈ। ਗੁਰਵਾਕ –

***ਇਕਾ ਬਾਣੀ ਇਕੁ ਗੁਰੁ ਸਬਦੁ ਵੀਚਾਰਿ ॥***
***ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥***
***ਗੁਰ ਕਿਰਪਾ ਤੇ ਪਾਈਅਨਿ***
***ਜੇ ਦੇਵੈ ਦੇਵਣਹਾਰੁ ॥***
***ਸਚਾ ਸਉਦਾ ਲਾਭੁ ਸਦਾ ਖਟਿਆ***
***ਨਾਮੁ ਅਪਾਰੁ ॥***
***ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ***
***ਕਰਮਿ ਪੀਆਵਣਹਾਰੁ ॥***

*ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ ॥*
*ਅੰਗ - ੯੪੯*

ਇਹ ਗੁਰਵਾਕ ਨਿਸ਼ਚੇ ਦਿਵਾਉਂਦਾ ਹੈ ਕਿ ਸ਼ਬਦ ਸਿਮਰਨ ਦਾ ਸੱਚਾ ਸਉਦਾ ਇੱਕੋ ਸੱਚੀ ਗੁਰ-ਹੱਟ (ਟਕਸਾਲ) ਤੋਂ ਮਿਲ ਸਕਦਾ ਹੈ। ਇਸ ਹੱਟ ਦਾ ਮਾਲਕ, ਗੁਰੂ ਸੱਚਾ ਪਾਤਸ਼ਾਹ, ਅੰਮ੍ਰਿਤ ਬਾਣੀ ਰੂਪੀ ਗੁਣਾਂ ਦਾ ਭਰਿਆ ਹੋਇਆ ਭੰਡਾਰ ਹੈ। ਇਸ ਗੁਰਬਾਣੀ ਬੋਹਿਥ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇਨ੍ਹਾਂ ਰਤਨ ਜਵਾਹਰ ਮਾਣਕਾਂ ਦੇ ਅਣਗਿਣਤ ਭੰਡਾਰੇ ਭਰੇ ਪਏ ਹਨ, ਪ੍ਰਭੂ ਗੁਰੂ ਦੀ ਕ੍ਰਿਪਾ ਦੁਆਰਾ ਹੀ ਪਾਈਦੇ ਹਨ। ਜਿਸ ਨੂੰ ਆਪ ਦੇਵਣਹਾਰ ਦਾਤਾਰ ਦੇਵੇ ਤਿਸ ਨੂੰ ਹੀ ਇਹ ਰੱਬੀ ਦਾਤਿ ਮਿਲਦੀ ਹੈ। ਇਹੋ ਸਿਮਰਨ-ਦਾਤਿ ਵਾਲਾ ਸਉਦਾ ਹੀ ਸੱਚਾ ਲਾਭਕਾਰੀ ਸਉਦਾ ਹੈ। ਖਟਣ ਯੋਗ ਅਪਾਰ ਸਉਦਾ ਇਹੀ ਹੈ, ਜਿਸ ਸਉਦੇ ਦੇ ਵਿਹਾਂਜਣ ਕਰਿ ਵਿਖ ਵਿਚੋਂ ਹੀ ਅੰਮ੍ਰਿਤ ਉੱਗਵ ਆਉਂਦਾ ਹੈ। ਤਾਂ ਤੇ ਸਿਮਰਨ ਦੀ ਦਾਤਿ ਨੂੰ ਸੰਭਾਲ ਕੇ ਵਰਤਣਾ ਚਾਹੀਦਾ ਹੈ। ਧੰਨ ਹੈ ਇਸ ਦਾਤਿ ਦੇ ਸੰਵਾਰਨ ਸੀਗਾਰਨਹਾਰਾ ਸਤਿਗੁਰੂ ਦਾਤਾ।

ਸਤਿਗੁਰੂ ਬਾਝੋਂ ਨਾ ਹੀ ਨਾਮ ਪ੍ਰਾਪਤ ਹੋ ਸਕਦਾ ਹੈ ਅਤੇ ਨਾ ਹੀ ਨਾਮੀ ਵਾਹਿਗੁਰੂ ਦਾ ਦਰ ਘਰ ਮਹਲ ਪਾਇਆ ਜਾ ਸਕਦਾ ਹੈ। ਤਾਂ ਤੇ ਐਸੇ ਸਤਿਗੁਰੂ ਨੂੰ ਲੋੜ ਲੈਣਾ ਹੀ ਪੂਰਨ ਗੁਰਮੁਖਤਾਈ ਹੈ, ਜਿਸ ਤੋਂ ਨਾਮ ਨਾਮੀ ਰੂਪੀ ਸੱਚੇ ਪਦ ਪਦਾਰਥ ਦੀ ਪ੍ਰਾਪਤੀ ਹੋਵੇ ਅਤੇ ਜਿਸਦੀ ਦਿਤੀ ਦਾਤਿ (ਨਾਮ ਦਾ ਸਿਮਰਨ) ਦੁਆਰੇ ਆਸੁਰੀ ਸੰਪਦਾ ਵਾਲੀ ਦੁਰਮਤਿ ਬੁੱਧੀ ਅਤੇ ਦੁਰਮਤਿ ਦੂਤਾਂ ਦਾ ਸੰਘਾਰ ਹੋਵੇ ਅਤੇ ਸੱਚਾ ਦੈਵੀ ਸੁਖ ਸੰਪਤ ਹਾਸਲ ਹੋਵੇ ਅਤੇ ਸਿਮਰਨਹਾਰੇ ਦੀਆਂ ਸਰਬ ਭਾਵਨੀਆਂ ਪੂਰੀਆਂ ਹੋਣ। ਅਸਲ ਗੱਲ ਤਾਂ ਇਹ ਹੈ ਕਿ ਜਿਹੋ ਜਿਹੀ ਸਤਿਗੁਰੂ ਉਥੇ ਭਾਉ-ਭਾਵਨੀ ਸ਼ਰਧਾ ਹੋਵੇਗੀ, ਤਿਹੋ ਜਿਹਾ ਸੁਖ ਹੀ ਸਿਖ ਜਗਿਆਸੂ ਨੂੰ ਮਿਲੇਗਾ। ਇਸ ਗੱਲ ਵਿੱਚ ਰੰਚਕ ਭੀ ਸੰਦੇਹ ਨਹੀਂ। ਸਿਦਕ ਸ਼ਰਧਾ ਵਾਲਾ ਸਤਿਗੁਰੂ ਨਾਲ ਭਾਉ ਲਾ ਕੇ ਭਾਵੇਂ ਕੋਈ ਜਗਿਅਸੂ ਜਨ ਦੇਖ ਲਵੇ। ਜਿਨ੍ਹਾਂ ਨੇ ਦੇਖਿਆ ਹੈ ਤਿਨ੍ਹਾਂ ਨੂੰ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰੂ ਹਸਤੀ ਤੋਂ ਹੀ ਸਰਬ ਤੱਤ ਪ੍ਰਮਾਰਥ ਸਿਧਿ ਹੋਏ ਹਨ ਅਤੇ ਤਿਨ੍ਹਾਂ ਨੂੰ ਏਸੇ ਇਕੋ ਸੱਚੇ ਸਤਿਗੁਰੂ ਪਾਸੋਂ ਸੱਚੀ ਸ਼ਬਦ-ਸਿਮਰਨ ਦਾਤਿ ਪ੍ਰਾਪਤ ਹੋਈ, ਜਿਸ ਸ਼ਬਦ-ਸਿਮਰਨ ਦਾਤਿ ਦੁਆਰਾ ਸਿਮਰਨਹਾਰੇ ਨੂੰ ਸੱਚੇ ਵਾਹਿਗੁਰੂ ਦਾ ਮਿਲਾਵਾ ਹੋਇਆ ਹੈ। ਮਿਲਾਵਾ ਭੀ 'ਏਕ ਜੋਤਿ ਦੁਇ ਮੂਰਤੀ' ਵਾਲਾ ਮਿਲਾਵਾ ਬਣ ਆਇਆ ਹੈ। ਜੈਸਾ ਕਿ ਇਹ ਗੁਰਵਾਕ ਐਨ ਉਪਰਲੇ ਭਾਵ ਦੀ ਵਿਆਖਿਆ ਦਾ ਵਿਅਖਤ ਹੈ-

*ਬਿਨੁ ਗੁਰ ਮਹਲੁ ਨ ਪਾਈਐ*
*ਨਾਮੁ ਨ ਪਰਾਪਤਿ ਹੋਇ ॥*
*ਐਸਾ ਸਤਗੁਰੁ ਲੋੜਿ ਲਹੁ*
*ਜਿਦੂ ਪਾਈਐ ਸਚੁ ਸੋਇ ॥*
*ਅਸੁਰ ਸੰਘਾਰੈ ਸੁਖਿ ਵਸੈ*
*ਜੋ ਤਿਸੁ ਭਾਵੈ ਸੁ ਹੋਇ ॥ ੩ ॥*
*ਜੇਹਾ ਸਤਗੁਰੁ ਕਰਿ ਜਾਣਿਆ*
*ਤੇਹੋ ਜੇਹਾ ਸੁਖੁ ਹੋਇ ॥*
*ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ*
*॥ ਨਾਨਕ ਏਕ ਜੋਤਿ ਦੁਇ ਮੂਰਤੀ*
*ਸਬਦਿ ਮਿਲਾਵਾ ਹੋਇ ॥ ਅੰਗ- ੩●*

## ਕਾਚੇ ਗੁਰ ਤੇ ਮੁਕਤਿ ਨ ਹੂਆ -

'ਏਕ ਜੋਤ ਦੁਇ ਮੂਰਤੀ' ਵਾਲਾ ਸ਼ਬਦ-ਮਿਲਾਵਾ ਕਰਾਵਣਹਾਰ ਸਤਿਗੁਰੂ ਰੂਪ ਸੱਚੇ ਅੰਮ੍ਰਿਤ-ਕੁੰਡ ਨੂੰ ਛੱਡ ਕੇ ਜੋ ਬਿਖਲੀਪਤ ਬੁੱਧੀ ਵਾਲੇ ਅਲਪੱਗ ਗੁਰੂਆਂ ਦੇ ਪਿਛੇ ਮਾਇਆਵੀ ਮਨੋਰਥ-ਮਈ ਬਿਖ ਬਿਹਾਝਣ ਖਾਤਰ ਲੋਭ ਲਲਚਾਏ ਭਜੇ ਫਿਰਦੇ ਹਨ ਅਤੇ ਗੁਰੂ ਘਰ ਤੋਂ ਬੇਮੁਖ ਹੋ ਕੇ, ਸੱਚੇ ਸਤਿਗੁਰੂ ਦੀ ਚਾਕਰੀ ਨੂੰ ਤਲਾਂਜਲੀ ਦੇ ਕੇ ਡਿੰਭੀ ਗੁਰੂਆਂ ਦੀ ਵਿਡਾਣੀ ਚਾਕਰੀ ਸਹੇੜਦੇ ਫਿਰਦੇ ਹਨ, ਉਹ ਗੁਰਮਤਿ ਮੱਤ ਅਚੱਲ ਉਤੇ ਸ਼ਰਧਾ ਭਰੋਸਾ ਰਖਣ ਵਾਲਾ ਆਪਣਾ ਧਰਮ ਭੀ ਗਵਾ ਬੈਠਦੇ ਹਨ ਅਤੇ ਧਰਮ ਗਵਾ ਕੇ ਸੱਚੀ ਸੂਝ ਬੂਝ ਤੋਂ ਭੀ ਵਾਂਝੇ ਜਾਂਦੇ ਹਨ। ਦਿਨ ਰਾਤ ਉਨ੍ਹਾ ਦੀ ਦੁਖਾਂ ਵਿੱਚ ਹੀ ਵਿਹਾਂਦੀ ਹੈ, ਉਨ੍ਹਾਂ ਨੂੰ ਅਲਪੱਗ ਗੁਰੂਆਂ ਦੀ ਸਹੇੜ ਨਾਲ ਸਿਮਰਨ ਦੀ ਸੱਚੀ ਦਾਤਿ ਹੀ ਪੱਲੇ ਨਹੀਂ ਪੈਂਦੀ। ਉਹ ਨਾ ਇਤ ਕੇ ਨਾ ਉਤ ਕੇ, ਗੁਰੂ ਸੱਚੇ ਸਤਿਗੁਰੂ ਤੋਂ ਬੇਮੁਖ ਹੋ ਕੇ ਉਹ ਦੀਨ ਦੁਨੀ ਦੋਨੋਂ ਹੀ ਗਵਾ ਬੈਠਦੇ ਹਨ ਅਤੇ ਲਾਜ-ਲੈਣ ਹੋ ਕੇ ਬਿਨ ਪਾਣੀ ਹੀ ਡੁੱਬ ਮਰਦੇ ਹਨ। ਸੱਚੇ ਸਤਿਗੁਰੂ ਤੋਂ ਪ੍ਰਾਪਤ ਕੀਤਾ ਗੁਰ-ਸ਼ਬਦ ਗੁਰਮੰਤਰ ਨਾਮ ਹੀ ਜਗਿਆਸੂ ਸਿੱਖ ਦੇ ਘਟ ਅੰਤਰ ਵਸ ਕੇ ਧਸ ਸਕਦਾ ਹੈ, ਫਿਰ ਵਿਸਰਦਾ ਕਦੇ ਨਹੀਂ। ਇਸ ਬਿਧ ਸਤਿਗੁਰੂ ਦੀ ਸ਼ਰਨੀ ਆਇਆਂ ਨਾਮ ਦੀ ਪਾਰਸ-ਕਮਾਈ ਦੇ ਤੁਫੈਲ ਪਰੀਪੂਰਨ ਪ੍ਰਮਾਤਮਾ ਦੀ ਸਦਾ ਹਜ਼ੂਰੀ ਵਾਲੀ ਸ਼ਰਨ ਪ੍ਰਾਪਤ ਕਰ ਕੇ ਭੀ ਉਹ ਵਡਭਾਗਾ ਜਨ ਸਦਾ ਸਿਮਰਨ ਭਜਨ ਵਿਚ ਹੀ ਨਿਮੱਗਨ ਰਹਿੰਦਾ ਹੈ। ਬਸ ਸੱਚੇ ਸਤਿਗੁਰੂ ਦੀ ਕੀਤੀ ਸੇਵਾ-ਭਗਤੀ ਹੀ ਸਦਾ ਸੁਖਦਾਇਕ ਹੈ ਅਤੇ ਜੋਤੀ ਜੋਤਿ ਮਿਲਾਵਣਹਾਰੀ ਹੈ। ਯਥਾ ਗੁਰਵਾਕ -

*ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ*
*ਸੇਵਾ ਕਰਹਿ ਵਿਡਾਣੀ ॥*
*ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ*
*ਅਨਦਿਨੁ ਦੁਖਿ ਵਿਹਾਣੀ ॥*
*ਮਨਮੁਖ ਅੰਧ ਨ ਚੇਤਹੀ*
*ਡੂਬਿ ਮੁਏ ਬਿਨੁ ਪਾਣੀ ॥ ੧ ॥*
*ਮਨ ਰੇ ਸਦਾ ਭਜਹੁ ਹਰਿ ਸਰਣਾਈ ॥*
*ਗੁਰ ਕਾ ਸਬਦੁ ਅੰਤਰਿ ਵਸੈ*
*ਤਾ ਹਰਿ ਵਿਸਰਿ ਨ ਜਾਈ ॥੧॥ ਰਹਾਉ ॥*
*ਇਹੁ ਸਰੀਰੁ ਮਾਇਆ ਕਾ ਪੁਤਲਾ*
*ਵਿਚਿ ਹਉਮੈ ਦੁਸਟੀ ਪਾਈ ॥*
*ਆਵਣੁ ਜਾਣਾ ਜੰਮਣੁ ਮਰਣਾ*
*ਮਨਮੁਖਿ ਪਤਿ ਗਵਾਈ ॥*
*ਸਤਗੁਰੁ ਸੇਵਿ ਸਦਾ ਸੁਖੁ ਪਾਇਆ*
*ਜੋਤੀ ਜੋਤਿ ਮਿਲਾਈ ॥ ਅੰਗ - ੩੧*

*'ਚਲਦਾ'*

# ਸਿਹਤ ਰੱਖਿਆ ਗਿਆਨ

***ਵੈਦ ਮੇਘ ਨਾਥ ਸਿੱਧ (ਫਫੜੇ ਭਾਈਕੇ ਵਾਲੇ)***
***ਆਯੁਰਵੇਦ ਭੀਸ਼ਗ ਆਚਾਰੀਯ।***
***ਮੁੱਖ ਸੇਵਾਦਾਰ - ਸੰਤ ਗੋਬਿੰਦ ਦਾਸ, ਆਯੁਰਵੇਦ ਸੇਵਾ ਸੰਸਥਾ, ਧੂਰੀ।***
***ਮੋਬਾਈਲ ਨੰ. 98156-07803***

**ਪਹਿਲਾ ਸੁਖ ਨਿਰੋਗੀ ਕਾਇਆ** - ਹਰ ਇਕ ਇਨਸਾਨ ਦੀ ਇਹ ਇੱਛਾ ਰਹਿੰਦੀ ਹੈ ਕਿ ਮੈਂ ਤੰਦਰੁਸਤ ਰਹਾਂ ਅਤੇ ਵੱਡੀ ਉਮਰ ਭੋਗਾਂ, ਸੁਖੀ ਜੀਵਨ ਬਤੀਤ ਕਰਾਂ, ਬੇਸ਼ਕ ਮਨੁੱਖ ਦੀਆਂ ਇਛਾਵਾਂ ਦੀ ਪੂਰਤੀ ਹੋਣੀ ਅਸੰਭਵ ਹੈ ਪਰ ਫਿਰ ਵੀ ਆਯੁਰਵੇਦ ਦੇ ਵਿਦਵਾਨਾਂ ਅਨੁਸਾਰ ਤੰਦਰੁਸਤ ਰਹਿਣ ਦੇ ਯੋਗ ਤਰੀਕੇ ਪਾਠਕਾਂ ਦੀ ਸੇਵਾ ਵਿੱਚ ਲਿਖ ਰਿਹਾ ਹਾਂ -

## ਤੰਦਰੁਸਤੀ ਦਾ ਫਾਰਮੂਲਾ

***- ਸੁਭਾ ਸੈਰ ਜਾਣਾ, ਦਿਸ਼ਾ ਬਾਦ ਦਾਤਨ ਮੁੱਖ ਪਾਨਾਂ***
***ਤੇਲ ਸਾਬਣ ਸੇ ਨਹਾਨਾਂ,***
***ਉਜਵਲ ਵਸਤਰੋਂ ਕਾ ਪਾਨਾ ਹੈ।***
***- ਹਰੀ ਗੁਨ ਗਾਨਾ, ਪੇਟ ਖਾਤਰ ਕਮਾਨਾ***
***ਖੁਸੀ ਚਿਤ ਮੇਂ ਬਸਾਨਾ, ਗੁੱਸਾ ਮਨ ਮੇਂ ਨਾ***
***ਲਾਨਾ ਹੈ।***
***- ਭੂਖ ਸਮੇਂ ਖਾਨਾ,***
***ਖਾਨਾਂ ਦਾਤੋਂ ਸੇ ਚਬਾ ਕੇ ਖਾਨਾ***
***ਉਤਨਾ ਹੀ ਖਾਨਾ,***
***ਜਿਤਨਾ ਜਿਸਮ ਨੇ ਪਚਾਨਾ ਹੈ।***
***- ਤ੍ਰਿਸ਼ਨਾ ਕੋ ਮਿਟਾਨਾਂ,***
***ਵਾਰ-ਵਾਰ ਨਹੀਂ ਸੇਜ ਜਾਨਾ***
***ਦੂਧ ਘੀ ਖਾਨਾ ਵੈਦ ਪਾਸ ਕਾਹੇ ਜਾਨਾ ਹੈ।***

ਭਾਵ - ੧. ਲਗਭੱਗ ਛੇ ਘੰਟਿਆਂ ਦੀ ਨੀਂਦ ਉਪਰੰਤ ਸਵੇਰੇ ਅੰਮ੍ਰਿਤ ਵੇਲੇ ਉਠ ਕੇ ਲੋੜ ਮੁਤਾਬਿਕ ਪਾਣੀ ਪੀ ਕੇ ਸੈਰ ਕਰੋ ਇਸ ਨਾਲ ਗਰਮੀ ਦੇ ਰੋਗ, ਕਬਜ਼ ਦੂਰ ਹੁੰਦੀ ਹੈ ਅਤੇ ਸਰੀਰ ਫੁਰਤੀਲਾ ਹੁੰਦਾ ਹੈ।

੨. ਅੱਧਾ ਜਾਂ ਇੱਕ ਘੰਟਾ ਯੋਗ ਅਭਿਆਸ ਜਾਂ ਕਸਰਤ ਕਰੋ ਜਦੋਂ ਸਾਹ ਚੜ੍ਹ ਜਾਵੇ ਅੱਧੀ ਕਸਰਤ ਹੋ ਜਾਂਦੀ ਹੈ।

੩. ਇਤਨੀ ਹੀ ਕਾਫੀ ਹੈ ਦਿਸ਼ਾ ਜਾਣ ਉਪਰੰਤ ੧੨ ਉਂਗਲ ਲੰਮੀ ਦਾਤਣ ਚਬਾ-ਚਬਾ ਕੇ ਜਾਂ ਦਾਤਣ ਨਾਲ ਆਯੁਰਵੈਦਿਕ 'ਦੰਤ ਦੋਸ ਹਰ' ਮੰਜਨ ਲਗਾ ਕੇ ਕਰੋ॥

੪. ਰੁੱਤ ਮੁਤਾਬਿਕ ਅਨੁਕੂਲ ਪਾਣੀ ਨਾਲ ਇਸ਼ਨਾਨ ਕਰਕੇ ਸਾਫ ਸੁਥਰੇ ਵਸਤਰ ਪਹਿਨੋ।

੫. ਆਤਮ ਬਲ ਲਈ ਪ੍ਰਭੂ ਸਿਮਰਨ ਕਰਨਾ ਜ਼ਰੂਰੀ ਹੈ।

ਭੁੱਖ ਲੱਗੀ ਤੋਂ ਤਾਜ਼ਾ ਪੋਸ਼ਟਿਕ ਭੋਜਨ ਪ੍ਰਸੰਨ ਚਿੱਤ ਹੋ ਕੇ ਸ਼ਾਂਤ ਮਨ ਨਾਲ ਹੌਲੀ-ਹੌਲੀ ਚਬਾ-ਚਬਾ ਕੇ ਖਾਣਾ ਚਾਹੀਦਾ ਹੈ, ਖਾਣਾ ਉਤਨਾ ਹੀ ਖਾਵੋ ਜਿਤਨਾ ਅਰਾਮ ਨਾਲ ਪਚ ਜਾਵੇ।

੬. ਤਾਜ਼ੀਆਂ, ਹਰੀਆਂ ਸਬਜ਼ੀਆਂ ਰੁੱਤ ਅਨੁਸਾਰ ਫਲ, ਸਲਾਦ, ਦੁੱਧ, ਦਹੀਂ, ਮੱਖਣ, ਪਨੀਰ, ਦਾਲਾਂ ਆਦਿ ਦਾ ਸੇਵਨ ਕਰੋ।

੭. ਭੋਜਨ ਨਾਲ ਪਾਣੀ ਘੱਟ ਹੀ ਪੀਵੋ ਅੱਧਾ ਘੰਟਾ ਠਹਿਰ ਕੇ ਪਾਣੀ ਪੀਣਾ ਲਾਭਕਾਰੀ ਹੈ।

੮. ਖਾਣੇ ਤੋਂ ਬਾਅਦ ਕੁਰਲਾ ਕਰਕੇ ਚੰਗੀ ਤਰ੍ਹਾਂ ਹੱਥ ਧੋ ਕੇ ਗਿੱਲੇ ਹੱਥ ਮੁੱਖ ਅਤੇ ਅੱਖਾਂ ਓ ਮਲਣ ਨਾਲ ਚਿਹਰੇ ਦੀ ਸੁੰਦਰਤਾ ਅਤੇ ਅੱਖਾਂ ਦੀ ਜੋਤ ਵਧਦੀ ਹੈ।

੯. ਭੋਜਨ ਖਾਣ ਤੋਂ ਬਾਅਦ ਸਿੱਧੇ ਲੇਟ ਕੇ ਲੰਮੇ-ਲੰਮੇ ਅੱਠ ਸਾਹ ਲਵੋ ਫਿਰ ਖੱਬੇ ਲੇਟ ਕੇ ੧੬ ਸਾਹ ਲਵੋ ਫਿਰ ਸੱਜੇ ਪਾਸੇ ਲੇਟ ਕੇ ੩੨ ਸਾਹ ਲਵੋ ਫਿਰ ਸੌ ਕਦਮ ਤੁਰੋ ਇਸ ਨਾਲ ਪਾਚਣ ਸ਼ਕਤੀ ਠੀਕ ਰਹਿੰਦੀ ਹੈ।

੧●. ਭੋਜਨ ਛਕਣ ਤੋਂ ਬਾਅਦ ਪਿਸ਼ਾਬ ਕਰੋ ਇਸ ਨਾਲ ਗੁਰਦੇ ਠੀਕ ਰਹਿੰਦੇ ਹਨ ਅਤੇ ਪਿਸ਼ਾਬ ਦੇ ਰੋਗਾਂ ਤੋਂ ਬਚਾਅ ਰਹਿੰਦਾ ਹੈ ਅਤੇ ਪਥਰੀਆਂ ਹੋਣ ਦੀ ਸੰਭਾਵਨਾ ਨਹੀਂ ਰਹਿੰਦੀ।

੧੧. ਸਰਦ ਰੁੱਤ ਵਿੱਚ ਭੁੱਖ ਜ਼ਿਆਦਾ ਲਗਦੀ ਹੈ ਇਸ ਕਰਕੇ ਦੁੱਧ ਘਿਉ ਅਤੇ ਤਾਕਤ ਵਾਲੀਆਂ ਚੀਜ਼ਾਂ ਦੀ ਵਰਤੋਂ ਕਰੋ।

੧੨. ਹਫਤੇ ਵਿੱਚ ਇਕ ਦਿਨ ਉਪਵਾਸ (ਵਰਤ) ਰੱਖਣ ਨਾਲ ਪੇਟ ਠੀਕ ਰਹਿੰਦਾ ਹੈ ਅਤੇ ਕੈਂਸਰ ਦੇ ਭਿਆਨਕ ਰੋਗ ਤੋਂ ਬਚਾਅ ਰਹਿੰਦਾ ਹੈ, ਪਾਣੀ ਨਾਲ ਹੱਥ ਪੈਰ ਧੋ ਕੇ ਪੈਰ ਦੀਆਂ ਤਲੀਆਂ ਤੇ ਸਰੋਂ ਦੇ ਤੇਲ ਦੀ ਮਾਲਿਸ਼ ਕਰਨ ਨਾਲ ਨੀਂਦ ਚੰਗੀ ਆਉਂਦੀ ਹੈ ਅਤੇ ਸੁਪਨੇ ਆਦਿ ਵੀ ਘੱਟ ਆਉਂਦੇ ਹਨ।

੧੩. ਸਰੀਰ ਸਾਧਣ ਲਈ ਕ੍ਰਿਤ ਕਰਨੀ, ਕੀਤੀ ਕਮਾਈ ਵਿਚੋਂ ਲੋੜਵੰਦਾਂ ਦੀ ਸੇਵਾ ਹਿਤ ਦਸਵੰਧ ਦੇਣਾ ਇਨਸਾਨੀਅਤ ਫਰਜ਼ ਹੈ।

੧੪. ਤ੍ਰਿਸ਼ਨਾ, ਕਾਮ, ਕ੍ਰੋਧ, ਮੋਹ, ਹੰਕਾਰ ਨੂੰ ਸੰਜਮ ਵਿੱਚ ਰੱਖਣਾ ਸੁਖਦਾਈ ਹੈ।

੧੫. ਖਿਮਾ, ਦਯਾ, ਨਿਮ੍ਰਤਾ, ਮਿੱਠਤ, ਸੰਤੋਖ ਇਹ ਗੁਣ ਧਾਰਨ ਨਾਲ ਮਨ ਹਰ ਵੇਲੇ ਸ਼ਾਂਤ ਅਤੇ ਅਨੰਦ ਵਿੱਚ ਰਹਿੰਦਾ ਹੈ।

੧੬. ਜ਼ਿਆਦਾ ਠੰਢੀਆਂ, ਜ਼ਿਆਦਾ ਗਰਮ, ਜ਼ਿਆਦਾ ਖੱਟੀਆਂ ਰਾਤ ਨੂੰ ਮੂਲੀ ਅਤੇ ਦਹੀਂ ਖਾਣੀ, ਮਾਸ, ਅੰਡਾ, ਸ਼ਰਾਬ, ਤੰਬਾਕੂ ਆਦਿ ਨਸ਼ੇ ਸਿਹਤ ਲਈ ਅਤਿਅੰਤ ਹਾਨੀਕਾਰਕ ਹਨ।

੧੭. ***ਬਿਖਮ ਆਸਣ ਜਲ ਪਾਨ ਵਹ ਰੋਕੇ ਬਿਸਠਾ ਮੂਤ***
***ਦਿਨ ਸੋਵੇ ਰਾਤੀ ਜਾਗੇ ਖਟ ਪ੍ਰਕਾਰ ਰੁਗ ਹੂਤ***

ਭਾਵ - ਵਿੰਗਾ ਤੇ ਟੇਢਾ ਇੱਕੋ ਆਸਣ ਬੈਠੇ ਰਹਿਣਾ ਜ਼ਿਆਦਾ ਪਾਣੀ ਪੀਣਾ, ਪਖਾਨਾ ਅਤੇ ਪਿਸ਼ਾਬ ਰੋਕਣਾ ਦਿਨ ਵਿੱਚ ਸੌਣਾ ਅਤੇ ਰਾਤ ਨੂੰ ਜਾਗਣਾ ਇਹ ਛੇ ਗੱਲਾਂ ਅਨੇਕ ਪ੍ਰਕਾਰ ਦੇ ਰੋਗ ਪੈਦਾ ਕਰਦੀਆਂ ਹਨ।

੧੯. ਯਥਾ ਵਿਸਮ, ਯਥਾ ਸ਼ਾਸਤਰਮ, ਯਥਾ ਅਗਨੀ, ਤਥਾ ਅਗਿਆਤ ਔਸਧਮ

ਭਾਵ - ਬਿਨਾਂ ਸਮਝ ਤੋਂ ਦਵਾਈ ਖਾਣੀ ਜ਼ਹਿਰ ਖਾਣ, ਹਥਿਆਰ ਚਲਾ ਦੇਣ ਅਤੇ ਅੱਗ ਲਗਾਉਣ ਦੇ ਬਰਾਬਰ ਹੈ।

ਸੌ ਦਵਾਈਆਂ ਖਾਣ ਨਾਲੋਂ ਇਕ ਪ੍ਰਹੇਜ਼ ਚੰਗਾ।

ਜ਼ਿੰਦਗੀ ਅਮੋਲਕ ਹੈ ਇਸਨੂੰ ਖਤਰੇ ਵਿੱਚ ਨਾ ਪਾਓ, ਕਦੇ ਵੀ ਯੋਗ ਡਾਕਟਰ, ਵੈਦ ਦੀ ਸਲਾਹ ਮਸ਼ਵਰੇ ਬਿਨਾਂ ਆਪਣੇ ਆਪ ਪੂਰੀ ਜਾਣਕਾਰੀ ਤੋਂ ਬਿਨਾਂ ਕੋਈ ਦਵਾਈ ਨਾ ਖਾਓ।

---

(ਪੰਨਾ 59 ਦੀ ਬਾਕੀ)

ਇਕ ਜੱਟ ਸੀ, ਉਹ ਇਕ ਮਹਾਤਮਾ ਨੂੰ ਰੋਜ਼ ਕਹਿ ਦਿਆ ਕਰੇ, "ਮਹਾਰਾਜ! ਮੈਨੂੰ ਨਾਮ ਦਿਓ ਮੈਨੂੰ ਨਾਮ ਦਿਓ।" ਉਹ ਕਹਿੰਦੇ, "ਪ੍ਰੇਮੀਆਂ! ਨਾਮ ਕਾਹਦਾ ਦੇਈਏ, ਪਹਿਲਾਂ ਤੂੰ ਨਹਾਉਣ ਦੀ ਆਦਤ ਪਾ, ਕੁਰਲਾ ਕਰ, ਦਾਤਨ ਕਰ, ਥੋੜ੍ਹਾ ਬੋਲਣ ਦੀ ਆਦਤ ਪਾ, ਝੂਠ ਨਾ ਬੋਲਿਆ ਕਰ, ਨਿੰਦਿਆ ਨਾ ਕਰ, ਚੁਗਲੀਆਂ ਨਾ ਕਰ; ਇਹ ਤਾਂ ਤੇਰੇ ਅਖਤਿਆਰ ਨੇ, ਇਹ ਕਿਤੇ ਰੱਬ ਨੇ ਆ ਕੇ ਤੈਨੂੰ ਹਟਾਉਣਾ ਹੈ।" ਜੇ ਕੋਈ ਕਹੇ, ਜੀ ਨਾਮ ਜਪ ਕੇ ਹਟਣਗੀਆਂ; ਬਿਲਕੁਲ ਨਹੀਂ - ਪਹਿਲਾਂ ਹਟਾਓ; ਨਾਮ ਤਾਂ ਫੇਰ ਚੱਲਣਾ ਹੈ। ਇਹਨੂੰ ਪਹਿਲਾਂ ਧੋਵੋ ਤਾਂ ਸਹੀ, ਦੂਰ ਤਾਂ ਕਰੋ ਦੋਸ਼। ਬਥੇਰਾ ਸਮਝਾਇਆ, ਨਾ ਸਮਝੇ। ਅਖੀਰ ਮਹਾਤਮਾ ਨੇ ਕਿਹਾ ਕਿ ਇਹ ਮੇਰਾ ਖਹਿੜਾ ਨਹੀਂ ਛੱਡਦਾ, ਇਹਨੂੰ ਜੁਗਤੀ ਨਾਲ ਸਮਝਾਈਏ। ਸੋ ਜੁਗਤਿ ਨਾਲ ਸਮਝਾਉਣ ਵਾਸਤੇ ਮਹਾਂਪੁਰਸ਼ ਇਕ ਦਿਨ ਉਹਦੇ ਦਰਵਾਜ਼ੇ ਤੇ ਚਲੇ ਗਏ, ਜਾ ਕੇ 'ਸਤਿ ਕਰਤਾਰ' ਦੀ ਆਵਾਜ਼ ਦਿਤੀ ਤੇ ਉਹਨੇ ਵੀ ਦੇਖ ਲਿਆ ਕਿ ਸੰਤ ਆ ਗਏ; ਅੱਜ ਤਾਂ ਨਾਮ ਲੈ ਕੇ ਹੀ ਛੱਡਾਂਗੇ। ਦੇਖਿਆ ਕਿ ਚਿੱਪੀ ਲਈਂ ਖੜ੍ਹੇ ਨੇ, ਆਟਾ ਮੰਗਦੇ ਨੇ। ਇਹਨੇ ਉਂਜਲ ਭਰ ਲਿਆ, ਮੁੱਠੀ ਭਰਨ ਦੀ ਥਾਂ ਤੇ; ਲਿਆ ਕੇ ਕਹਿੰਦਾ ਹੈ, "ਲਿਆਉ ਸੰਤ ਜੀ! ਚਿੱਪੀ ਅੱਗੇ ਕਰੋ।" ਸੰਤਾਂ ਨੇ ਚਿਪੀ ਵਿੱਚ ਲਿੱਦ ਪਾ ਲਈ। ਕਹਿੰਦੇ, "ਲਿਆ ਭਗਤਾ! ਇਹਦੇ ਵਿਚ ਹੀ ਪਾ ਦੇ।" ਕਹਿੰਦਾ, "ਬਾਬਾ! ਇਹਦੇ ਵਿੱਚ ਤਾਂ ਲਿੱਦ ਪਈ ਹੈ।" ਕਹਿੰਦੇ, "ਤੂੰ ਕੀ ਲੈਣਾ ਹੈ ਲਿੱਦ ਤੋਂ, ਇਹਦੇ ਵਿਚ ਹੀ ਪਾ ਦੇ।" ਕਹਿੰਦਾ, "ਆਟਾ ਖਰਾਬ ਹੋ ਜਾਏਗਾ।" ਦਸ ਵਾਰ ਸੰਤਾਂ ਨੇ ਕਿਹਾ ਕਿ ਤੈਨੂੰ ਕੀ, ਅਸੀਂ ਆਪੇ ਜਾਣੀਏ, ਤੂੰ ਪਾ ਦੇ ਇਹਦੇ ਵਿਚ। ਕਹਿੰਦਾ, "ਇਹਦੇ ਨਾਲੋਂ ਤਾਂ ਮੈਂ ਨਾ ਹੀ ਪਾਵਾਂ ਆਟਾ, ਤਾਂ ਚੰਗਾ ਹੈ। ਆਟਾ ਹੀ ਖਰਾਬ ਕਰਨਾ ਹੈ।" ਮੋੜ ਕੇ ਲੈ ਗਿਆ। ਕਹਿੰਦਾ, "ਸੰਤ ਜੀ! ਤੁਸੀਂ ਨਹੀਂ ਲਿੱਦ ਨੂੰ ਕੱਢਣਾ

(ਇਥੋਂ ਕੱਟ ਕੇ ਭੇਜੋ ਜੀ)


ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ

Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ..........................................

ਪਤਾ/Address ..........................................

..........................................

..........................................

..........................Pin Code..........................

Phone...................... E-mail :..........................

ਮੈਂ.....................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.....................ਮਿਤੀ.....................ਰਾਹੀਂ ਭੇਜ ਰਿਹਾ ਹਾਂ।

ਦਸਖਤ...............................

**ATAM MARG MONTHLY MAGAZINE**

**Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India**

**Phone : 0160-2255002, Fax : 0160-2255009, Email : atammarg@glide.net.in, www.ratwarasahib.org**

ਤਾਂ ਲਿਆਓ ਮੈਨੂੰ ਦਿਉ, ਮੈਂ ਚਿੱਪੀ ਧੋ ਦਿਆਂ।" ਸੰਤ ਕਹਿੰਦੇ, ਪ੍ਰੇਮੀਆਂ! ਕਿੰਨੇ ਕੁ ਦਾ ਹੋਊ ਆਟਾ; ਧੇਲੇ ਦਾ ਜਾਂ ਪਾਈ ਦਾ ਹੋਊ (ਉਨ੍ਹਾਂ ਦਿਨਾਂ 'ਚ ਸਸਤਾ ਹੀ ਹੁੰਦਾ ਸੀ) ਇਹ ਤੂੰ ਇਕ ਪੈਸੇ ਨੂੰ ਖਰਾਬ ਕਰਨ ਵਾਸਤੇ ਪੰਜਾਹ ਵਾਰੀ ਸੋਚਦਾ ਹੈਂ ਤੇ ਜਿਹੜਾ ਪ੍ਰਮੇਸ਼ਰ ਦਾ ਨਾਮ - 'ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥' ਉਹ ਬੇਮੁੱਲਾ ਨਾਮ - ਤੂੰ ਵਿਚੇ ਹੀ ਕ੍ਰੋਧ ਲਈਂ ਫਿਰਦਾ ਹੈਂ, ਵਿਚੇ ਹੀ ਕਾਮ ਲਈਂ ਫਿਰਦਾ ਹੈਂ, ਨਿੰਦਿਆ, ਚੁਗਲੀ, ਈਰਖਾ, ਕਪਟ ਲਈਂ ਫਿਰਦਾ ਹੈਂ, ਵਿਚੇ ਆਸ਼ਾ ਅੰਦੇਸ਼ਾ - ਸਭ ਕੁਛ ਲਈਂ ਫਿਰਦਾ ਹੈਂ। ਇਹਦੇ ਵਿਚ 'ਨਾਮ' ਪਾਉਣਾ ਚਾਹੁੰਦਾ ਹੈਂ। ਪਹਿਲਾਂ ਭਾਂਡਾ ਧੋ - ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥' ਪਹਿਲਾਂ ਭਾਂਡਾ ਤਾਂ ਧੋਵੋ, ਫੇਰ ਜਾ ਕੇ ਦੁੱਧ ਲਿਆਇਓ। ਜੇ ਦੁੱਧ ਐਂ ਪਾ ਲਿਆ, ਇਹ ਫਟ ਜਾਣਾ ਹੈ।

ਸੋ ਜਦ ਤਕ ਰਹਿਤਾਂ ਦੇ ਉਤੇ ਅਸੀਂ ਨਹੀਂ ਚਲਦੇ, ਓਨੀ ਦੇਰ ਤੱਕ ਨਾਮ ਨਹੀਂ ਚੱਲਿਆ ਕਰਦਾ, ਓਥੇ ਹੀ ਰਹਿ ਜਾਂਦਾ ਹੈ। ਸਾਰਿਆਂ ਨੇ ਨਾਮ ਲਿਆ ਹੈ; ਜਿੰਨੇ ਅੰਮ੍ਰਿਤ ਛਕਦੇ ਨੇ, ਸਭ ਨੇ ਨਾਮ ਲਿਆ ਹੈ। ਜਿਹੜੇ ਕਹਿੰਦੇ ਨੇ ਕਿ ਫਲਾਣਾ ਗੁਰੂ ਧਾਰ ਲਿਆ, ਫਲਾਣਾ ਗੁਰੂ ਧਾਰ ਲਿਆ ਓਨ੍ਹਾਂ ਨੇ ਵੀ ਨਾਮ ਲਿਆ ਹੈ। ਕਿੰਨੇ ਕੁ ਨੇ ਜਿਹੜੇ ਉਥੇ ਪਹੁੰਚ ਗਏ ਕਿਉਂਕਿ ਉਹ ਗੱਲ ਹੈ ਨਹੀਂ, ਰਹਿਤਾਂ ਨਹੀਂ ਹਨ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਸ ਤੇ ਬਾਅਦ ਫੇਰ ਮਹਾਰਾਜ ਨੇ ਚਾਹਿਆ ਤਾਂ ਅਗਲੀ ਵਿਚਾਰ ਹੋਏਗੀ। ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ।

ਗੁਰ ਸਤੋਤਰ, ਅਰਦਾਸਿ

## ਗੁ. ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ

**ਐਤਵਾਰ** - 07, 14, 21, 28 ਮਾਰਚ

**(ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ)**

**ਸੰਗਰਾਂਦ** 14 ਮਾਰਚ, ਦਿਨ ਐਤਵਾਰ

**(ਸਵੇਰ ਦੇ ਸਮੇਂ 6.00 ਵਜੇ ਤੋਂ 9.00 ਵਜੇ ਤੱਕ)**

**ਚੜ੍ਹਦੀ ਪੂਰਨਮਾਸ਼ੀ**- 29 ਮਾਰਚ ਦੀ ਰਾਤ, ਦਿਨ ਸੋਮਵਾਰ

**(ਸਮਾਂ - ਸ਼ਾਮ 7.00 ਰਾਤ 1.00 ਵਜੇ ਤੱਕ ਰੈਣ ਸਬਾਈ ਕੀਰਤਨ)**

**ਜ਼ਰੂਰੀ ਸੂਚਨਾ** - ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜੀਨ ਦੇ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

**ਅੰਮ੍ਰਿਤ ਸੰਚਾਰ - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ 8.00 ਵਜੇ ਹੁੰਦਾ ਹੈ।**

**ਵਿਸ਼ੇਸ਼ ਬੇਨਤੀ**

**ਹਰ ਐਤਵਾਰ ਦਿਨ ਦੇ 4.00 ਵਜੇ ਪਰਮ ਪੂਜਯ ਸਤਿਕਾਰਯੋਗ ਬੀਜੀ ਸੰਗਤਾਂ ਨੂੰ ਦਰਸ਼ਨ ਦਿੰਦੇ ਅਤੇ ਗੁਰ ਸੰਗਤ ਦੇ ਦਰਸ਼ਨ ਦੀਦਾਰ ਰਤਵਾੜਾ ਸਾਹਿਬ ਵਿਖੇ ਕਰਦੇ ਹਨ।**


## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲਬੱਧ ਹਨ।

| | | *ਪੰਜਾਬੀ* | *ਹਿੰਦੀ* |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ -੧ | 30/- | 35/- |
| 5. | ਕਿਵ ਸਚਿਆਰਾ ਹੋਈਐ -੨ | 60/- | 65/- |
| 6. | ਕਿਵ ਸਚਿਆਰਾ ਹੋਈਐ - ੩ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 1੬. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | 90/- |
| 26. | ਅਬਿਨਾਸੀ ਜੋਤ ਭਾਗ-2 | 90/- | 90/- |
| 27. | ਰੂਹਾਨੀ ਗੁਲਦਸਤਾ -1 | 60/- | 60/- |
| 28. | ਰੂਹਾਨੀ ਗੁਲਦਸਤਾ - 2 | 60/- | 60/- |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |

| | |
|---|---|
| 30. ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- |
| 31. ਗੁਰੂ ਅਮਰਦਾਸ ਪਰਸੀਐ | 50/- |
| 32. ਭਗਵਤ ਗੀਤਾ............। | 100/- |
| 33. ਅਨੰਦਮਈ ਜੀਵਨ ਜਾਚ | 50/- |
| 34. ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- |
| 35. ਅਨੁਭਵੀ ਪ੍ਰਵਚਨ | 50/- |
| 36. ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- |
| 37. ਅੰਦਰਲੀ ਖੋਜ | 130/- |
| 38. ਸਿਮਰਤ ਕਹਾਂ ਨਹੀਂ | 135/- |
| ੩9. ਰੂਹਾਨੀ ਪ੍ਰਵਚਨ | 35/- |
| 40. 'ਸੇਵਾ ਸਿਮਰਨ ਜੁਗਤੀਆਂ' | 160/- |
| 41. 'ਮਾਨੁੱਖ ਤਨ ਦਾ ਪ੍ਰਯੋਜਨ' | 150/- |
| 42. 'ਯੋਗਾ ਉਪਰ ਲੈਕਚਰ', | 30/- |
| 43. 'ਕਰਮ ਬੰਧਨ ਤੋਂ ਮੁਕਤੀ' :- | 30/- |

| **English Version** | **Price** |
|---|---|
| 1. Baisakhi (ਵੈਸਾਖੀ) | Rs. 5/- |
| 2. How Rend The Veil of Untruth (ਕਿਵ ਕੂੜੈ ਤੁਟੈ ਪਾਲਿ) | Rs. 70/- |
| 3. Discourses on the Beyond-1 (ਬਾਤ ਅਗੰਮ ਕੀ ਭਾਗ -੧) | Rs 50/- |
| 4. Discourses on the Beyond -2 (ਬਾਤ ਅਗੰਮ ਕੀ ਭਾਗ -੨) | Rs. 50/- |
| 5. Discourses on the Beyond -3 (ਬਾਤ ਅਗੰਮ ਕੀ ਭਾਗ -੩) | Rs. 50/- |
| 6. Discourses on the Beyond -4 (ਬਾਤ ਅਗੰਮ ਕੀ ਭਾਗ -੪) | Rs. 60/- |
| 7. Discourses on the Beyond -5 (ਬਾਤ ਅਗੰਮ ਕੀ ਭਾਗ -੫) | Rs. 60/- |
| 8. The way to the imperceptible (ਅਗੰਮ ਅਗੋਚਰ ਦਾ ਮਾਰਗ) | Rs. 80/- |
| 9. The Lights Immortal (ਅਮਰ ਜੋਤਾਂ) | Rs. 20/- |
| 10. Transcendental Bliss (ਚਉਥੈ ਪਹਿਰ ਸਬਾਹ ਕੈ) | Rs. 70/- |
| 11. How to Know Thy Real Self-(Vol-1) (ਕਿਵ ਸਚਿਆਰਾ ਹੋਈਐ-੧) | Rs. 80/- |
| 12. How to Know Thy Real Self-(Vol-2) (ਕਿਵ ਸਚਿਆਰਾ ਹੋਈਐ-੩) | Rs. 80/- |
| 13. How to Know Thy Real Self-(Vol-3) (ਕਿਵ ਸਚਿਆਰਾ ਹੋਈਐ-੩) | Rs. 110/- |
| 14. The Dawn of Khalsa Ideals | Rs. 10/- |
| 15. A Glimpse of His Holiness - Baba ji | Rs. 5/- |
| 16. Divine Word Contemplation Path', (ਸੁਰਤਿ ਸਬਦਿ ਮਾਰਗ) | Rs.150/- |
| 17. The Story of Immortality (ਅਮਰ ਗਾਥਾ) | Rs 260/- |